ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

*Since April 2005* | Editor : Sharanjit Singh Thind | *Weekly*

Vol. 15 Issue 13 | Friday, 26 June to 02 July 2020 | www.PUNJABIDUNIYA.com | Published Weekly from New York

Thinking of Buying/Selling
WIN ZONE
Baldev Singh
Associate Broker
Cell : 917-224-7395

See Full Page Advt on Page 23




**ਪਿਛਲੇ ਹ਼ਫਤੇ ਪੌਂਪੀਓ ਨੇ ਚੀਨੀ ਸ਼ਾਸਨ ਦੀ ਸਖਤ ਅਲੋਚਨਾ ਕੀਤੀ ਸੀ। ਉਨ੍ਹਾਂ ਕਿਹਾ ਕਿ ਚੀਨੀ ਸਰਕਾਰ ਨਵੇਂ ਨਿਯਮਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪੌਂਪੀਓ ਨੇ ਕਿਹਾ ਕਿ ਅਮਰੀਕਾ ਨੇ ਖਤਰੇ ਨੂੰ ਵੇਖਿਆ ਹੈ ਤੇ ਸਮਝਿਆ ਹੈ ਕਿ ਸਾਈਬਰ, ਖੁਫੀਆ ਤੇ ਫੌਜ ਵਰਗੇ ਸ੍ਰੋਤਾਂ ਨੂੰ ਕਿਵੇਂ ਵੰਡਣਾ ਹੈ।**

ਵਾਸ਼ਿੰਗਟਨ: ਭਾਰਤ ਤੇ ਚੀਨ ਵਿਚਾਲੇ ਵਧੇ ਤਣਾਅ ਵਿੱਚ ਅਮਰੀਕਾ ਦੇ ਤਾਜ਼ਾ ਐਲਾਨ ਨੇ ਖਲਬਲੀ ਮਚਾ ਦਿੱਤੀ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਯੂਰਪ ਤੋਂ ਆਪਣੀਆਂ ਫੌਜਾਂ ਨੂੰ ਘਟਾ ਰਿਹਾ ਹੈ ਤੇ ਕਿਤੇ ਹੋਰ ਤਾਇਨਾਤ ਕਰ ਰਿਹਾ ਹੈ, ਕਿਉਂਕਿ ਚੀਨ, ਭਾਰਤ ਤੇ ਦੱਖਣ-ਪੂਰਬੀ ਏਸ਼ਿਆਈ ਦੇਸ਼ਾਂ ਲਈ ਖਤਰਾ ਹੈ। ਇਸ ਦੇ ਨਾਲ ਹੀ ਚਰਚਾ ਛਿੜ ਗਈ ਹੈ ਕਿ ਹੁਣ ਦੁਨੀਆ ਮੁੜ ਵਿਸ਼ਵ ਯੁੱਧ ਵੱਲ ਵਧ ਰਹੀ ਹੈ। ਪੌਂਪੀਓ ਨੇ ਇਹ ਗੱਲ ਬਰੱਸਲਜ਼ ਫੋਰਮ ਵਿੱਚ ਆਪਣੇ ਇੱਕ ਵਰਚੂਅਲ ਸੰਬੋਧਨ ਦੌਰਾਨ ਪੁੱਛੇ ਸਵਾਲ ਦੇ ਜਵਾਬ 'ਚ ਕਹੀ। ਪੌਂਪੀਓ ਦੀ ਟਿੱਪਣੀ ਭਾਰਤ ਤੇ ਚੀਨ ਵਿਚਾਲੇ ਚੱਲ ਰਹੇ ਤਣਾਅ ਦੇ ਪ੍ਰਸੰਗ 'ਚ ਅਹਿਮ ਹੈ। ਪੌਂਪੀਓ ਨੂੰ ਪੁੱਛਿਆ ਗਿਆ ਕਿ ਅਮਰੀਕਾ ਨੇ ਜਰਮਨੀ ਤੋਂ ਆਪਣੀਆਂ ਫ਼ੌਜਾਂ ਕਿਉਂ ਘਟਾ ਦਿੱਤੀਆਂ। ਉਨ੍ਹਾਂ ਦਾ ਜਵਾਬ ਸੀ- ਕਿਉਂਕਿ ਉਨ੍ਹਾਂ ਨੂੰ ਕਿਤੇ ਹੋਰ ਭੇਜਿਆ ਜਾ ਰਿਹਾ ਹੈ। ਉਨ੍ਹਾਂ ਨੇ ਚੀਨ ਨੂੰ ਭਾਰਤ ਤੇ ਦੱਖਣ-ਪੂਰਬੀ ਏਸ਼ੀਆ ਲਈ ਖ਼ਤਰਾ ਦੱਸਿਆ। ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੀਆਂ ਕਾਰਵਾਈਆਂ ਕਾਰਨ ਭਾਰਤ, ਵੀਅਤਨਾਮ, ਮਲੇਸ਼ੀਆ, ਇੰਡੋਨੇਸ਼ੀਆ ਤੇ ਦੱਖਣੀ ਚੀਨ ਸਾਗਰ ਦੁਆਲੇ ਖ਼ਤਰਾ ਪੈਦਾ ਹੋ ਗਿਆ ਹੈ। ਅਸੀਂ ਇਹ ਯਕੀਨੀ ਕਰਾਂਗੇ ਕਿ ਯੂਐਸ ਦੀ ਫੌਜ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਹੀ ਜਗ੍ਹਾ 'ਤੇ ਤਾਇਨਾਤ ਹੋਵੇ। ਪੌਂਪੀਓ ਨੇ ਕਿਹਾ ਕਿ ਇਹ ਸਿਰਫ ਅਮਰੀਕਾ ਹੀ ਨਹੀਂ ਜੋ ਚੀਨ ਦਾ ਸਾਹਮਣਾ ਕਰ ਰਿਹਾ ਹੈ, ਪੂਰੀ ਦੁਨੀਆਂ ਚੀਨ ਦਾ ਸਾਹਮਣਾ ਕਰ ਰਹੀ ਹੈ। ਪੌਂਪੀਓ ਨੇ ਕਿਹਾ ਕਿ ਮੈਂ ਇਸ ਮਹੀਨੇ ਯੂਰਪੀਅਨ ਯੂਨੀਅਨ ਦੇ ਵਿਦੇਸ਼ ਮੰਤਰੀਆਂ ਨਾਲ ਗੱਲਬਾਤ ਕੀਤੀ ਤੇ ਚੀਨ ਦੀ ਕਮਿਊਨਿਸਟ ਪਾਰਟੀ ਬਾਰੇ ਫੀਡਬੈਕ ਲਈ। ਲੱਦਾਖ ਵਿੱਚ ਭਾਰਤ ਨਾਲ ਹੋਈ ਘਾਤਕ ਟਕਰਾਅ, ਪੀਪਲਜ਼ ਲਿਬਰੇਸ਼ਨ ਆਰਮੀ ਦੁਆਰਾ ਉਕਸਾਏ ਸਮੇਤ ਕਈ ਤੱਥ ਸਾਹਮਣੇ ਆਏ ਹਨ। ਇਸ ਵਿੱਚ ਦੱਖਣੀ ਚੀਨ ਸਾਗਰ ਵਿੱਚ ਉਸ ਦੀ ਹਮਲਾਵਰਤਾ ਤੇ ਸ਼ਾਂਤਮਈ ਗੁਆਂਢੀਆਂ ਵਿਰੁੱਧ ਖ਼ਤਰੇ ਦਾ ਜ਼ਿਕਰ ਹੈ।

## ਭਾਰਤ ਦੇ ਸੂਬੇ ਯੂਪੀ 'ਚ ਸਿੱਖ ਨੌਜਵਾਨ ਨਾਲ ਭੀੜ ਨੇ ਕੁੱਟਮਾਰ ਕੀਤੀ

ਪੰਜਾਬ ਤੋਂ ਬਾਹਰ ਹਿੰਦੀ ਖੇਤਰ ਦੇ ਸੂਬਿਆਂ ਵਿਚ ਸਿੱਖਾਂ 'ਤੇ ਹਮਲੇ ਲਗਾਤਾਰ ਵਧ ਰਹੇ ਹਨ। ਤਾਜਾ ਮਾਮਲਾ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਯਨਾਥ ਦੇ ਅਮਰੋਹਾ ਜ਼ਿਲੇ ਨਾਲ ਸਬੰਧਤ ਸਾਹਮਣੇ ਆਇਆ ਹੈ ਜਿੱਥੇ ਮੰਡੀ ਧਨੌਰਾ ਵਿਚ ਭੂਤਰੀ ਭੀੜ ਨੇ ਇੱਕ ਸਿੱਖ ਨੋਜਵਾਨ ਨਾਲ ਕੁੱਟਮਾਰ ਕੀਤੀ ਗਈ ਤੇ ਉਸਦੀ ਦਸਤਾਰ ਲਾਹ ਕੇ ਗੰਦੀ ਨਾਲੀ 'ਚ ਸੁੱਟੀ ਗਈ। 14 ਜੂਨ ਨੂੰ ਵਾਪਰੀ ਇਸ ਘਟਨਾ 'ਤੇ ਅਜੇ ਤਕ ਕੋਈ ਕਾਰਵਾਈ ਨਹੀਂ ਹੋਈ ਹੈ।



ਸੋਸ਼ਲ ਮੀਡੀਆ 'ਤੇ ਇਸ ਕੁੱਟਮਾਰ ਦੀ ਵੀਡੀਓ ਵਾਇਰਲ ਹੋਈ ਹੈ। ਭਾਰਤੀ ਕਿਸਾਨ ਯੂਨੀਅਨ ਭਾਨੂੰ ਦੇ ਬਲਾਕ ਪ੍ਰਧਾਨ ਨੋਜਵਾਨ ਦਿਲਪ੍ਰੀਤ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਗੁਰਸੇਵਕ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਚਾਂਦਰਾ ਜੋ ਆਪਣੀ ਕਾਰ ਰਾਹੀਂ ਦਵਾਈ ਲੈਣ ਚਾਰ ਕਿਲੋਮੀਟਰ ਦੀ ਵਿੱਥ 'ਤੇ ਸ਼ਹਿਰ ਸ਼ੇਰਪੁਰ ਗਿਆ ਸੀ ਤੇ ਓਥੇ ਉਸ ਦੀ ਕਾਰ ਅਤੇ ਟਰਾਲੀ ਦੀ ਆਪਸ 'ਚ ਮਾਮੂਲੀ ਰਗੜਬਾਜ਼ੀ ਹੋ ਗਈ। ਟਰੈਕਟਰ ਸਵਾਰ ਜਾਟਵ ਬਰਾਦਰੀ ਦੇ ਲੋਕਾਂ ਨੇ ਜਦ ਗੁੰਡਾਗਰਦੀ ਕਰਦਿਆਂ ਗਾਲਾਂ ਕੱਢਣੀਆਂ ਸ਼ੁਰੂ ਕੀਤੀਆਂ ਤੇ ਗਲ ਪੈਣ ਦਾ ਯਤਨ ਕੀਤਾ ਤਾਂ ਉਕਤ ਨੌਜਵਾਨ ਨੇ ਚੰਗੇ ਲਫ਼ੇੜੇ ਝਾੜ ਦਿੱਤੇ ਅਤੇ ਘਰੇ ਵਾਪਸ ਆ ਗਿਆ। ਉਕਤ ਬਰਾਦਰੀ ਦੇ ਲੋਕ ਇਸ ਸਬੰਧੀ ਸ਼ਿਕਾਇਤ ਲੈ ਕੇ ਚੌਂਕੀ ਸ਼ੇਰਪੁਰ ਪਹੁੰਚ ਗਏ। ਉਹਨਾਂ ਦੱਸਿਆ ਕਿ ਚੌਂਕੀ ਵਿਚੋਂ ਦੋ ਸਿਪਾਹੀ ਉਕਤ ਸਿੱਖ ਨੌਜਵਾਨ ਦੇ ਘਰ ਚਾਂਦਰਾ ਫਾਰਮ ਆਏ ਅਤੇ ਚੌਂਕੀ ਆਉਂਣ ਦੀ ਗੱਲ ਕਹੀ। ਪੰਜਾਬੀ ਧਿਰ ਅੱਲੋਂ ਹਲੇ ਚੌਂਕੀ ਪਹੁੰਚਣਾ ਹੀ ਸੀ ਕਿ ਪਤਾ ਲੱਗਿਆ ਉਕਤ ਨੋਜਵਾਨ ਦਾ ਵੱਡਾ ਭਰਾ ਗੁਰਵਿੰਦਰ ਸਿੰਘ ਜੋ ਕਿਤੇ ਬਾਹਰੋਂ ਟਰੈਟਰ ਲੈ ਕੇ ਆ ਰਿਹਾ ਸੀ ਤਾਂ ਸ਼ੇਰਪੁਰ 'ਚ ਉਸ ਨੂੰ ਜਾਟਵ ਬਰਾਦਰੀ ਨੇ ਘੇਰ ਕੁੱਟਮਾਰ ਕਰ ਦਿੱਤੀ। ਨੌਜਵਾਨ ਨੂੰ ਡੰਡਿਆ ਨਾਲ ਕੁੱਟਦਿਆਂ ਤੇਜਧਾਰ ਹਥਿਆਰ ਵੀ ਮਾਰੇ ਗਏ, ਜਿਸ ਨਾਲ ਉਹ ਕਾਫੀ ਜਖ਼ਮੀ ਹੋ ਗਿਆ। ਜਖ਼ਮੀ ਹਾਲਤ 'ਚ ਨੌਜਵਾਨ ਨੇ ਉਹਨਾਂ ਕੋਲੋਂ ਕਿਸੇ ਤਰੀਕੇ ਖਹਿੜਾ ਛੁਡਵਾ ਜਾਨ ਬਚਾਈ। ਉਕਤ ਨੌਜਵਾਨ ਦੀ ਦਸਤਾਰ ਵੀ ਨਾ ਮਿਲਣ ਤੇ ਜਦ ਭਾਲ ਕੀਤੀ ਗਈ ਤਾਂ ਇੱਕ ਮਿਸਤਰੀ ਨੇ ਪਰਿਵਾਰ ਨੂੰ ਇਤਲਾਹ ਦਿੱਤੀ ਕਿ ਦਸਤਾਰ ਨਾਲੀ 'ਚ ਪਈ ਹੈ ਤੇ ਪੀੜਤ ਪਰਿਵਾਰ ਨੇ ਪੂਲਸ ਦੀ ਮੌਜੂਦਗੀ 'ਚ ਦਸਤਾਰ ਬਰਾਮਦ ਕੀਤੀ। ਦਸਤਾਰ ਨੂੰ ਡੰਡੇ ਨਾਲ ਨਾਲੀ 'ਚ ਧੱਕਿਆ ਗਿਆ ਸੀ। ਪੀੜਤ ਧਿਰ ਵੱਲੋਂ ਦੋਸ਼ੀਆਂ ਖਿਲਾਫ਼ ਕਾਰਵਾਈ ਲਈ ਪ੍ਰਦਰਸ਼ਨ ਵੀ ਕੀਤਾ ਗਿਆ ਪਰ ਇਕੱਲੀ ਧਾਰਾ 151 ਲਾ ਕੇ ਖਾਨਾਪੂਰਤੀ ਕੀਤੀ ਗਈ। ਪੱਤਰਕਾਰ ਸਾਹਿਬ ਸੰਧੂ ਦੀ ਰਿਪੋਰਟ ਮੁਤਾਬਕ ਜਦੋਂ ਉਹਨਾਂ ਇਸ ਸਬੰਧੀ ਚੌਂਕੀ ਇੰਚਾਰਜ਼ ਦੇਵਿੰਦਰ ਕੁਮਾਰ ਐਸਆਈ ਸ਼ੇਰਪੁਰ ਨਾਲ ਸੰਪਰਕ ਕੀਤਾ ਤਾਂ ਉਸ ਨੇ ਗੱਲ ਨੂੰ ਘਮਾਉਂਣ ਦਾ ਯਤਨ ਕੀਤਾ। ਅਖ਼ੀਰ ਆਖਿਆ ਕੁੱਟਮਾਰ ਕਰਨ ਆਲਿਆਂ ਚੋਂ ਸੋਨੂੰ, ਰਿੰਕੂ, ਸਤਿਆ ਨੂੰ ਗ੍ਰਿਫ਼ਤਾਰ ਕਰ ਜੇਲ ਭੇਜ ਦਿੱਤਾ ਗਿਆ ਹੈ। ਜਦ ਪੁੱਛਿਆ ਗਿਆ ਕਿ ਧਾਰਾ ਕੀ ਲਾਈ ਤਾਂ ਆਖਿਆ ਗਿਆ ਕਿ ਐਕਸਰੇ ਰਿਪੋਰਟ ਆਉਣ ਬਆਦ ਬਣਦੀ ਧਾਰਾ ਲਾਈ ਜਾਵੇਗੀ। ਜਦ ਸਵਾਲ ਕੀਤਾ ਗਿਆ ਕਿ ਐਫਆਈਆਰ ਨੰਬਰ ਦੱਸੋ ਤੇ ਕਿਸ ਧਾਰਾ ਅਧੀਨ ਜੇਲ ਭੇਜਿਆ ਗਿਆ ਤਾਂ ਉਸ ਨੇ ਆਖਿਆ 151, ਬਾਕੀ ਦੇਖਦੇ ਹਨ। ਜਦਕਿ ਕਿਸਾਨ ਆਗੂ ਦਿਲਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਚੌਂਕੀ ਇੰਚਾਰਜ਼ ਝੂਠ ਬੋਲ ਰਿਹਾ ਹੈ ਅਤੇ ਕਿਸੇ ਵੀ ਦੋਸ਼ੀ ਨੂੰ ਜੇਲ ਨਹੀਂ ਭੇਜਿਆ ਗਿਆ। ਉਹਨਾਂ ਦੱਸਿਆ ਕਿ ਸਾਰੇ ਦੋਸ਼ੀਆਂ ਨੂੰ ਮੌਕੇ 'ਤੇ ਹੀ ਜ਼ਮਾਨਤ ਦੇ ਕੇ ਛੱਡ ਦਿੱਤਾ ਗਿਆ। ਸਿੱਖ ਜਥੇਬੰਦੀਆਂ ਦਸਤਾਰ ਦੀ ਬੇਅਦਬੀ ਲਈ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੀ ਧਾਰਾ ਸ਼ਾਮਲ ਕਰਨ ਦੀ ਮੰਗ ਕਰ ਰਹੀਆਂ ਹਨ।

Home Business Auto
Insurance
See Full Page Advt on page 16
NLIGHT
INSURANCE
(A Division of Nlight Financial LLC)
Call : 917-612-3158

# ਭਾਰਤ ਅਤੇ ਚੀਨ ਵਿਚਾਲੇ ਲੜਾਈ ਦਾ ਕੇਂਦਰ ਬਣ ਰਹੇ ਇਲਾਕੇ 'ਤੇ ਸਿੱਖ ਰਾਜ ਦਾ ਦਾਅਵਾ

ਲੱਦਾਖ ਵਿਚ ਇਸ ਸਮੇਂ ਭਾਰਤ ਅਤੇ ਚੀਨ ਦੀਆਂ ਫੌਜਾਂ ਆਹਮੋ-ਸਾਹਮਣੇ ਖੜ੍ਹੀਆਂ ਹਨ। ਭਾਰਤ ਵੱਲੋਂ ਵਾਹੇ ਗਏ ਨਕਸ਼ੇ ਵਿਚਲੇ 16 ਕਿਲੋਮੀਟਰ ਦੇ ਇਲਾਕੇ 'ਤੇ ਚੀਨ ਨੇ ਕਬਜ਼ਾ ਕਰ ਲਿਆ ਹੈ। ਚੀਨ ਇਸ ਇਲਾਕੇ ਨੂੰ ਤਿੱਬਤ ਦਾ ਹਿੱਸਾ ਦਸਦਿਆਂ ਇਸ 'ਤੇ ਆਪਣਾ ਹੱਕ ਦੱਸ ਰਿਹਾ ਹੈ। ਭਾਰਤ ਅਤੇ ਚੀਨ ਦਰਮਿਆਨ ਉੱਚ ਪੱਧਰੀ ਫੌਜੀ ਗੱਲਬਾਤ ਦੇ ਕਈ ਦੌਰ ਚੱਲ ਚੁੱਕੇ ਹਨ ਪਰ ਚੀਨ ਇਲਾਕੇ ਤੋਂ ਕਬਜ਼ਾ ਛੱਡਣ ਲਈ ਤਿਆਰ ਨਹੀਂ ਹੈ। ਬੁੱਧਵਾਰ ਨੂੰ ਵੀ ਭਾਰਤ ਅਤੇ ਚੀਨ ਦੇ ਮੇਜਰ ਜਨਰਲ ਪੱਧਰ ਦੇ ਫੌਜੀ ਅਫਸਰਾਂ ਦਰਮਿਆਨ ਮਸਲਾ ਸੁਲਝਾਉਣ ਲਈ ਗੱਲਬਾਤ ਹੋਈ। ਲੱਦਾਖ ਦੇ ਜਿਸ ਖਿੱਤੇ 'ਤੇ ਇਹ ਦੋਵੇਂ ਮੁਲਕ ਲੜ ਰਹੇ ਹਨ, ਇਸ ਖਿੱਤੇ 'ਤੇ ਸਿੱਖਾਂ ਦਾ ਵੀ ਦਾਅਵਾ ਬਣਦਾ ਹੈ। ਸਿੱਖਾਂ ਦਾ ਦਾਅਵਾ ਮਜ਼ਬੂਤ ਇਸ ਕਰਕੇ ਹੈ ਕਿਉਂਕਿ ਸਿੱਖ ਰਾਜ ਨੇ ਇਸ ਖਿੱਤੇ ਨੂੰ ਲੜਾਈ ਵਿਚ ਜਿੱਤਿਆ ਸੀ ਜਦਕਿ ਭਾਰਤ ਅਤੇ ਚੀਨ ਦੇ ਇਸ ਖਿੱਤੇ 'ਤੇ ਦਾਅਵੇ ਵਿਵਾਦਤ ਹਨ।

**ਸਿੱਖਾਂ ਦਾ ਮਜ਼ਬੂਤ ਦਾਅਵਾ ਕਿਵੇਂ ?**

19ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿਚ ਲੱਦਾਖ ਉੱਤੇ ਨਮਗਿਆਲ ਸਾਮਰਾਜ ਦਾ ਰਾਜ ਸੀ। 1802 ਵਿਚ ਲੱਦਾਖ ਦੇ ਰਾਜੇ ਟਸੇਟਨ ਨਮਗਿਆਲ ਦੀ ਮੌਤ ਮਗਰੋਂ ਰਾਜ ਵਿਚ ਖਾਨਾਜੰਗੀ ਛਿੜ ਗਈ। ਇਹਨਾਂ ਹਾਲਾਤਾਂ 'ਚ ਲੱਦਾਖ ਦੇ ਇਕ ਗਵਰਨਰ ਨੇ ਕਸ਼ਮੀਰ ਦੇ ਕਿਸ਼ਤਵਾੜ ਵਿਚ ਨਿਯੁਕਤ ਸਿੱਖ ਰਾਜ ਦੇ ਗਵਰਨਰ ਜੋਰਾਵਰ ਸਿੰਘ ਨੂੰ ਮਦਦ ਲਈ ਅਪੀਲ ਕੀਤੀ। ਇਸ ਅਪੀਲ 'ਤੇ ਕਾਰਵਾਈ ਕਰਦਿਆਂ ਜਰਨੈਲ ਜੋਰਾਵਰ ਸਿੰਘ ਨੇ 1834 ਦੇ ਅਪ੍ਰੈਲ ਮਹੀਨੇ ਸਿੱਖ ਫੌਜਾਂ ਨਾਲ ਲੱਦਾਖ ਵੱਲ ਚਾਲੇ ਪਾਏ।ਲੱਦਾਖ ਦੇ ਗਵਰਨਰ ਨੇ ਸਿੱਖ ਫੌਜ ਦੀ ਚੜ੍ਹਾਈ ਦੀ ਖਬਰ ਲੇਹ ਭੇਜੀ ਅਤੇ ਦੋ ਦਿਨਾਂ ਦੀ ਜੰਗ ਤੋਂ ਬਾਅਦ ਸਿੱਖ ਫੌਜ ਨੇ ਲੱਦਾਖ 'ਤੇ ਜਿੱਤ ਹਾਸਲ ਕਰ ਲਈ। ਅਪ੍ਰੈਲ 1835 ਤੱਕ ਲੱਦਾਖ ਰਾਜ ਦੇ ਰਾਜੇ ਨੇ ਆਪਣੀ ਹਾਰ ਮੰਨਦਿਆਂ ਸਿੱਖ ਰਾਜ ਦੀ ਅਧੀਨਗੀ ਪ੍ਰਵਾਨ ਕਰ ਲਈ ਤੇ ਸਾਲਾਨਾ 20000 ਰੁਪਇਆ ਭਰਨਾ ਮਨਜ਼ੂਰ ਕੀਤਾ। ਇਸ ਤੋਂ ਬਾਅਦ ਜਦੋਂ ਜਰਨੈਲ ਜੋਰਾਵਰ ਸਿੰਘ ਸਿੱਖ ਫੌਜਾਂ ਨਾਲ ਵਾਪਸ ਕਸ਼ਮੀਰ ਪਰਤ ਆਇਆ ਤਾਂ ਪਿੱਛੋਂ ਲੱਦਾਖੀਆਂ ਨੇ ਬਗਾਵਤ ਕਰ ਦਿੱਤੀ। ਇਸ ਦੀ ਖਬਰ ਮਿਲਦਿਆਂ ਜੋਰਾਵਰ ਸਿੰਘ ਨੇ ਫੇਰ ਨਵੰਬਰ 1835 ਵਿਚ ਲੱਦਾਖ ਵੱਲ ਚੜ੍ਹਾਈ ਕੀਤੀ ਅਤੇ ਲੱਦਾਖੀਆਂ ਨੇ ਇਕ ਵਾਰ ਫੇਰ ਸਿੱਖ ਰਾਜ ਦੀ ਅਧੀਨਗੀ ਕਬੂਲ ਕੀਤੀ।1841 ਵਿਚ ਜੋਰਵਾਰ ਸਿੰਘ ਦੀ ਅਗਵਾਈ 'ਚ ਸਿੱਖ ਰਾਜ ਦੀਆਂ ਫੌਜਾਂ ਨੇ ਲੱਦਾਖ ਤੋਂ ਅੱਗੇ ਤਿੱਬਤ ਵੱਲ ਚੜ੍ਹਾਈ ਕੀਤੀ। ਤਿੱਬਤ ਦੇ ਲਿਖਾਰੀ "sepon W. D. Shakabpa" ਦੀ ਲਿਖੀ ਕਿਤਾਬ Tibet A Political History ਮੁਤਾਬਕ ਜੋਰਾਵਰ ਸਿੰਘ ਦੀ ਅਗਵਾਈ ਵਿਚ ਸਿੱਖ ਅਤੇ ਲੱਦਾਖੀ ਫੌਜੀ ਤਿੱਬਤ ਅੰਦਰ ਦਾਖਲ ਹੋਏ ਤੇ ਪੱਛਮੀ ਤਿੱਬਤ ਦੇ ਨਗਾਰੀ ਕੋਰਸੂਮ ਵਿਚ ਇਹਨਾਂ ਦਾ ਤਿੱਬਤ ਦੀ ਫੌਜ ਨਾਲ ਟਾਕਰਾ ਹੋਇਆ। ਲੇਖਕ ਮੁਤਾਬਕ ਇਸ ਜੰਗ ਵਿਚ ਸਿੱਖ ਫੌਜ ਨੇ ਤਿੱਬਤ ਦੀਆਂ ਫੌਜਾਂ ਨੂੰ ਹਰਾ ਦਿੱਤਾ ਅਤੇ ਸਿੱਖ ਫੌਜ ਅੱਗੇ ਪੁਰਾਂਗ ਵੱਲ ਵਧੀ। ਇਹ ਲੇਖਕ ਤਿੱਬਤ ਦਾ ਨਾਮੀਂ ਵਿਦਵਾਨ ਹੈ ਜੋ ਤਿੱਬਤ ਦੀ ਸਰਕਾਰ ਵਿਚ ਵਿੱਤ ਮੰਤਰੀ ਵੀ ਰਿਹਾ।


ਪੁਰਾਂਗ ਦੇ ਤਕਲਾਖਰ ਇਲਾਕੇ ਵਿਚ ਸਿੱਖਾਂ ਅਤੇ ਤਿੱਬਤੀਆਂ ਦਰਮਿਆਨ ਹੋਰ ਜੰਗ ਹੋਈ। ਇਸ ਸਮੇਂ ਇਸ ਇਲਾਕੇ ਵਿਚ ਬਰਫ ਪੈਣੀ ਸ਼ੁਰੂ ਹੋ ਗਈ ਸੀ ਅਤੇ ਸਿੱਖ ਫੌਜਾਂ ਇਸ ਮੌਸਮ ਵਿਚ ਲੜਨ ਦੀਆਂ ਆਦੀ ਨਹੀਂ ਸਨ। ਕੁਦਰਤੀ ਹਾਲਾਤਾਂ ਦੇ ਚਲਦਿਆਂ ਸਿੱਖ ਫੌਜ ਇਸ ਜੰਗ ਵਿਚ ਹਾਰ ਗਈ ਅਤੇ ਜਰਨੈਲ ਜੋਰਾਵਰ ਸਿੰਘ ਇਸ ਜੰਗ ਵਿਚ ਮਾਰਿਆ ਗਿਆ। ਤਿੱਬਤੀ ਫੌਜਾਂ ਨੇ ਜਰਨੈਲ ਜੋਰਾਵਰ ਸਿੰਘ ਦਾ ਸਿਰ ਧੜ ਤੋਂ ਵੱਖ ਕੀਤਾ ਅਤੇ ਆਪਣੇ ਲੋਕਾਂ ਨੂੰ ਵਖਾਉਣ ਲਈ ਲੈ ਕੇ ਗਏ।ਪ੍ਰਾਪਤ ਵੇਰਵਿਆਂ ਮੁਤਾਬਕ ਇਸ ਜੰਗ ਵਿਚ 3000 ਸਿੱਖ ਮਾਰੇ ਗਏ, ਸੱਤ ਸੌ ਸਿੱਖਾਂ ਅਤੇ ਦੋ ਲੱਦਾਖੀ ਮੰਤਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਜੰਗ ਤੋਂ ਬਾਅਦ ਸਰਕਾਰ ਖਾਲਸਾ (ਸਿੱਖ ਰਾਜ) ਅਤੇ ਤਿੱਬਤ ਦੀ ਸਰਕਾਰ ਦਰਮਿਆਨ 1942 ਵਿਚ ਇਤਿਹਾਸਕ ਸੰਧੀ ਹੋਈ। ਲੇਖਕ Tsepon W. D. Shakabpa ਦੀ ਕਿਤਾਬ One Hundred Thousand Moons: An Advanced Political History of Tibet ਵਿਚ ਦਰਜ ਇਸ ਸੰਧੀ ਮੁਤਾਬਕ ਸਰਕਾਰ ਖਾਲਸਾ ਦੇ ਮਹਾਰਾਜਾ ਅਤੇ ਤਿੱਬਤ ਦੇ ਦਲਾਈ ਲਾਮਾ ਦਰਮਿਆਨ ਇਸ ਜੰਗ ਤੋਂ ਪਹਿਲਿਆਂ ਤੈਅ ਹੱਦਾਂ ਦਾ ਸਤਿਕਾਰ ਕਰਨ ਦਾ ਵਾਅਦਾ ਕੀਤਾ ਗਿਆ ਅਤੇ ਲੱਦਾਖ ਤੇ ਤਿੱਬਤ ਦਰਮਿਆਨ ਆਵਾਜਾਈ ਲਈ ਖੁੱਲ੍ਹਾ ਲਾਂਘਾ ਸਥਾਪਤ ਰੱਖਣ ਦੀ ਗੱਲ ਤੈਅ ਹੋਈ।

ਸਰਕਾਰ ਖਾਲਸਾ ਅਤੇ ਤਿੱਬਤ ਸਰਕਾਰ ਦਰਮਿਆਨ ਹੋਈ ਇਸ ਸੰਧੀ ਦੇ ਅਧਾਰ 'ਤੇ ਹੀ ਬਰਤਾਨਵੀ ਭਾਰਤ ਅਤੇ ਤਿੱਬਤ ਦਰਮਿਆਨ 1914 ਵਿਚ ਸਰਹੱਦ ਤੈਅ ਕਰਨ ਵਾਲੀ ਮੈਕਮੋਹਨ ਲਾਈਨ ਖਿੱਚੀ ਗਈ। ਚੀਨ ਨੇ ਇਸ ਮੈਕਮੋਹਨ ਲਾਈਨ ਨੂੰ ਨਾ ਮੰਨਦਿਆਂ ਭਾਰਤ ਵਾਲੇ ਹਿੱਸੇ 'ਚ ਪੈਂਦੇ ਲੱਦਾਖ ਵਿਚਲੇ ਅਕਸਾਈ ਚਿਨ ਦੇ ਇਲਾਕੇ ਨੂੰ ਤਿੱਬਤ ਦਾ ਹਿੱਸਾ ਦਸਦਿਆਂ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਇਲਾਕੇ ਦੇ ਕਬਜ਼ੇ ਤੋਂ ਬਾਅਦ ਦੀ ਭਾਰਤ ਅਤੇ ਚੀਨ ਵਿਚਾਲੇ ਸਰਹੱਦੀ ਸਥਿਤੀ ਨੂੰ ਤੈਅ ਕਰਨ ਲਈ ਐਲ.ਏ.ਸੀ ਵਾਹੀ ਗਈ, ਜਿਸ ਨੂੰ ਲਾਈਨ ਆਫ ਐਕਚੁਅਲ ਕੰਟਰੋਲ ਕਿਹਾ ਜਾਂਦਾ ਹੈ। ਹੁਣ ਚੀਨ ਨੇ ਇਸ ਲਾਈਨ ਆਫ ਐਕਚੁਅਲ਼ ਕੰਟਰੋਲ ਤੋਂ ਵੀ ਕਈ ਕਿਲੋਮੀਟਰ ਅੰਦਰ ਤਕ ਕਬਜ਼ਾ ਕਰ ਲਿਆ ਹੈ ਜਿਸ ਕਾਰਨ ਦੋਵਾਂ ਮੁਲਕਾਂ ਦਰਮਿਆਨ ਤਣਾਅ ਬਣਿਆ ਹੋਇਆ ਹੈ।

**ਭਾਰਤ ਅਤੇ ਚੀਨ ਦੇ ਦਾਅਵੇ 'ਤੇ ਸਵਾਲ ਕਿਉਂ ?**

1849 ਵਿਚ ਸਿੱਖ ਰਾਜ ਨਾਲ ਗੱਦਾਰੀ ਕਰਨ ਦੇ ਇਵਜ਼ ਵਿਚ ਡੋਗਰੇ ਗੁਲਾਬ ਸਿੰਘ ਨੂੰ ਅੰਗਰੇਜ਼ਾਂ ਨੇ ਜੰਮੂ ਕਸ਼ਮੀਰ ਅਤੇ ਲੱਦਾਖ ਦੇ ਇਲਾਕੇ ਰਿਆਸਤ ਵਜੋਂ ਦੇ ਦਿੱਤੇ। ਡੋਗਰੇ ਗੁਲਾਬ ਸਿੰਘ ਦਾ ਰਾਜ ਅੰਗਰੇਜ਼ਾਂ ਦੀ ਅਧੀਨਗੀ ਵਿਚ ਹੀ ਸੀ, ਜਿਸ ਨੂੰ ਅੰਗਰੇਜ਼ਾਂ ਨੇ ਸਿੱਖਾਂ ਤੋਂ ਜਿੱਤਿਆ ਸੀ। 1947 ਵਿਚ ਅੰਗਰੇਜ਼ ਇਸ ਖਿੱਤੇ ਨੂੰ ਅਜ਼ਾਦ ਕਰਕੇ ਜਦੋਂ ਬਰਤਾਨੀਆ ਗਏ ਤਾਂ ਹਿੰਦੂ ਅਤੇ ਮੁਸਲਿਮ ਬਹੁਗਿਣਤੀਆਂ ਦੇ ਅਧਾਰ 'ਤੇ ਦੋ ਨਵੇਂ ਦੇਸ਼ ਹਿੰਦੁਸਤਾਨ ਅਤੇ ਪਾਕਿਸਤਾਨ ਹੋਂਦ ਵਿਚ ਆਏ ਅਤੇ ਜੰਮੂ ਕਸ਼ਮੀਰ ਦੀ ਰਿਆਸਤ ਇਹਨਾਂ ਦੋਵਾਂ ਮੁਲਕਾਂ ਦਰਮਿਆਨ ਸਦੀਵੀ ਵਿਵਾਦ ਬਣ ਗਈ। ਅੰਗਰੇਜ਼ਾਂ ਵੱਲੋਂ ਇਹ ਇਲਾਕਾ ਸਿੱਖ ਰਾਜ ਤੋਂ ਜਿੱਤਿਆ ਗਿਆ ਸੀ, ਪਰ ਹੁਣ ਇਹ ਖਿੱਤਾ ਪਾਕਿਸਤਾਨ, ਹਿੰਦੁਸਤਾਨ ਅਤੇ ਚੀਨ ਦੇ ਕਬਜ਼ੇ ਹੇਠ ਹੈ। ਸਿੱਖ ਭਾਰਤ ਖਿਲਾਫ ਆਪਣੇ ਖੁੱਸੇ ਰਾਜ ਨੂੰ ਹਾਸਲ ਕਰਨ ਲਈ ਸੰਘਰਸ਼ ਕਰ ਰਹੇ ਹਨ। ਬਰਤਾਨੀਆ ਦੇ ਵਾਪਸ ਪਰਤ ਜਾਣ ਦੇ ਚਲਦਿਆਂ ਇਸ ਇਲਾਕੇ ਦੀ ਆਖਰੀ ਜੇਤੂ ਧਿਰ ਸਿੱਖ ਹੀ ਹਨ ਤੇ ਭਾਰਤ ਦਾ ਇਕ ਰਾਜ ਬਤੌਰ ਇਸ ਖਿੱਤੇ 'ਤੇ ਦਾਅਵਾ ਵਿਵਾਦਤ ਹੈ। ਚੀਨ ਦੇ ਸੰਧਰਭ ਵਿਚ ਦੇਖੀਏ ਤਾਂ ਚੀਨ ਵੱਲੋਂ 1950 ਵਿਚ ਤਿੱਬਤ 'ਤੇ ਕਬਜ਼ਾ ਕੀਤਾ ਗਿਆ ਅਤੇ ਤਿੱਬਤ ਵੱਲੋਂ ਚੀਨ ਤੋਂ ਅਜ਼ਾਦੀ ਲਈ ਸੰਘਰਸ਼ ਲੜਿਆ ਜਾ ਰਿਹਾ ਹੈ। ਤਿੱਬਤ ਕੋਲ ਆਪਣੇ ਅਜ਼ਾਦ ਰਾਜ ਦਾ ਇਕ ਅਹਿਮ ਦਸਤਾਵੇਜ ਉਸਦੀ ਸਰਕਾਰ ਖਾਲਸਾ ਨਾਲ ਹੋਈ 1942 ਦੀ ਸੰਧੀ ਹੈ। ਇਹਨਾਂ ਤੱਥਾਂ ਦੇ ਅਧਾਰ 'ਤੇ ਇਸ ਖਿੱਤੇ ਬਾਰੇ ਕੋਈ ਵੀ ਫੈਂਸਲਾ ਕਰਨ ਲਈ ਸਭ ਤੋਂ ਵਾਜਬ ਹੱਕ ਸਿੱਖ ਰਾਜ ਅਤੇ ਤਿੱਬਤ ਦਾ ਬਣਦਾ ਹੈ।

## ਪਾਬੰਦੀਆਂ ਦੇ ਬਾਵਜੂਦ ਅਮਰੀਕੀਆਂ ਦਾ ਕੈਨੇਡਾ 'ਚ ਆਉਣਾ ਜਾਰੀ ਹੈ



ਸਰੀ : ਕੋਵਿਡ-19 ਮਹਾਂਮਾਰੀ ਦੇ ਚੱਲਦੇ ਕੈਨੇਡਾ-ਅਮਰੀਕਾ ਸਰਹੱਦ ਪਿਛਲੇ ਲੰਮੇ ਸਮੇਂ ਤੋਂ ਬਾਅਦ ਹੈ ਪਰ ਫਿਰ ਵੀ ਕਈ ਅਮਰੀਕੀ ਨਾਗਰਿਕਾਂ ਨੂੰ ਕੈਨੇਡਾ 'ਚ ਕਈ ਥਾਵਾਂ ਤੇ ਵੇਖਿਆ ਜਾਂਦਾ ਰਿਹਾ ਹੈ ਆਖਰ ਇਹ ਸਭ ਕਿਵੇਂ ਹੋ ਰਿਹਾ ਹੈ ? ਮਿਲੀ ਜਾਣਕਾਰੀਆਂ ਅਨੁਸਾਰ ਬੀਤੇ ਦਿਨੀਂ ਅਲਬਰਟਾ 'ਚ ਪਾਬੰਦੀਆਂ ਕਾਫੀ ਹੱਦ ਤੱਕ ਹਟਾਏ ਜਾਣ ਤੋਂ ਬਾਅਦ ਜਦੋਂ ਕੁਝ ਅਲਬਰਟੀਅਨ ਬੈਨਫ਼ ਦੇ ਖੇਤਰ 'ਚ ਗਏ ਤਾਂ ਉਨਾਂ ਨੇ ਉਥੇ ਕਈ ਅਮਰੀਕੀ ਨਾਗਰਿਕਾਂ ਨੂੰ ਉਥੇ ਵੇਖਿਆ ਇਸ ਤਰਾਂ ਹੀ ਇੱਕ ਟੈਕਸਾਸ ਦੇ ਪਰਿਵਾਰ ਫੇਸਬੁੱਕ 'ਤੇ ਪੋਸਟ ਵੀ ਕੀਤੀ ਗਈ ਸੀ ਜਿਸ 'ਚ ਉਹ ਇੱਕ ਕੈਨੇਡੀਅਨ ਰੈਸਟੋਰੈਂਟ 'ਚ ਖਾਣਾ ਖਾਂਦੇ ਦਿਖਾਈ ਦੇ ਰਹੇ ਸਨ। ਪੋਸਟ 'ਚ ਉਨਾਂ ਇਥੋਂ ਤੱਕ ਖੁਲਾਸਾ ਵੀ ਕੀਤਾ ਹੋਇਆ ਸੀ ਕਿ ਉਨਾਂ ਕੈਨੇਡੀਅਨ ਸਰਹੱਦੀ ਏਜੰਟਾਂ ਨੂੰ ਕਿਹਾ ਕਿ ਉਹ ਅਲਾਸਕਾ ਜਾ ਰਹੇ ਹਨ ਜਿਸ ਤੋਂ ਬਾਅਦ ਉਨਾਂ ਨੂੰ ਕੈਨੇਡਾ 'ਚੋਂ ਲੰਘਣ ਦੀ ਆਗਿਆ ਦੇ ਦਿੱਤੀ ਗਈ। ਬੈਨਫ਼ ਦੇ ਖੇਤਰ 'ਚ ਗਏ ਅਲਬਰਟਾ ਦੇ ਨਾਗਰਿਕਾਂ ਦਾ ਕਹਿਣਾ ਹੈ ਕਿ ਉਥੇ ਮੌਜੂਦ ਅਮਰੀਕੀ ਨਾਗਰਿਕਾਂ ਨੇ ਕੋਈ ਮਾਸਕ ਨਹੀਂ ਪਾਇਆ, ਨਾ ਕੋਈ ਆਪਸੀ ਦੂਰੀ ਦਾ ਪਾਲਣ ਕਰ ਰਹੇ ਸਨ। ਜਿਸ 'ਤੇ ਉਨਾਂ ਚਿੰਤਾ ਜ਼ਾਹਰ ਕੀਤੀ। ਉਧਰ ਜਦੋਂ ਮੀਡੀਆਂ ਵਲੋਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਤੋਂ ਪੁਛਪੜਤਾਲ ਕੀਤੀ ਤਾਂ ਉਨਾਂ ਦੱਸਿਆ ਕਿ ਸਰਕਾਰੀ ਹੁਕਮਾਂ ਅਨੁਸਾਰ ਜਿਹੜੇ ਲੋਕਾਂ 'ਚ ਕੋਈ ਲੱਛਣ ਨਜ਼ਰ ਨਹੀਂ ਆਉਂਦਾ ਤਾਂ ਉਨਾਂ ਨੂੰ ਅਲਾਸਕਾ ਜਾਣ ਲਈ ਕੈਨੇਡਾ 'ਚੋਂ ਲੰਘਣ ਦੀ ਆਗਿਆ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਅਜਿਹਾ ਕਰਨਾ ਠੀਕ ਹੈ ?

## ਕੋਵਿਡ-19 ਮਹਾਂਮਾਰੀ ਦੌਰਾਨ ਅਮੀਰੀ-ਗਰੀਬੀ ਦਾ ਪਾੜਾ ਹੋਰ ਵਧਿਆ

### ਮਹਾਂਮਾਰੀ ਦੌਰਾਨ ਅਮਰੀਕਾ 'ਚ 44 ਮਿਲੀਅਨ ਲੋਕ ਬੇਰੁਜ਼ਗਾਰ ਹੋਏ ਅਤੇ ਅਰਬਪਤੀਆਂ ਦੌਲਤ 243 ਬਿਲੀਅਨ ਡਾਲਰ ਵਧੀ

ਸਰੀ : ਇੱਕ ਤਾਜ਼ਾ ਜਾਰੀ ਹੋਈ ਰਿਪੋਰਟ 'ਚ ਇਹ ਖ਼ੁਲਾਸਾ ਹੋਇਆ ਹੈ ਕਿ ਕੋਵਿਡ-19 ਮਹਾਂਮਾਰੀ ਦੌਰਾਨ ਭਾਵੇਂ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਦੇ ਆਰਥਕ ਮੰਦਹਾਲੀ ਦਾ ਗੰਭੀਰ ਸਾਹਮਣਾ ਕਰਦੇ ਰਹੇ ਹਨ ਪਰ ਇਸ ਸਭ ਦੇ ਦੌਰਾਨ ਅਮਰੀਕਾ ਦੇ ਅਰਬਪਤੀਆਂ ਦੀ ਕਿਸਮਤ ਹੋਰ ਚਮਕੀ ਹੈ ਅਤੇ ਉਨਾਂ ਦੀ ਕਮਾਈ 'ਚ 434 ਬਿਲੀਅਨ ਡਾਲਰ ਤੱਕ ਦਾ ਵਾਧਾ ਹੋਇਆ ਹੈ। ਜਿਸ ਤੋਂ ਭਾਵ ਹੈ ਕਿ ਮਹਾਂਮਾਰੀ ਦੌਰਾਨ ਅਮੀਰੀ ਅਤੇ ਗਰੀਬੀ ਦਾ ਪਾੜਾ ਬੇਤਹਾਸ਼ਾ ਵਧਿਆ ਹੈ। ਅਮਰੀਕਾ ਦੀ ਇੰਸਟੀਚਿਊਟ ਫ਼ਾਰ ਪਾਲਿਸੀ ਸਟੱਡੀਜ਼ ਵੱਲੋਂ ਕੀਤੇ ਗਏ ਇੱਕ ਅਧਿਐਨ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਮਹਾਂਮਾਰੀ ਦੌਰਾਨ ਅਮਰੀਕਾ 'ਚ ਸਭ ਤੋਂ ਵੱਧ ਫ਼ਾਇਦਾ ਐਮਾਜ਼ਨ ਦੇ ਜੈੱਫ਼ ਬੇਜੋਸ ਅਤੇ ਫੇਸਬੁੱਕ ਦੇ ਮਾਲਕ ਮਾਰਕ ਜ਼ੁਕਰਬਰਗ ਨੂੰ ਹੋਇਆ ਹੈ 18 ਮਾਰਚ ਤੋਂ ਬਾਅਦ ਹੁਣ ਤੱਕ ਉਨਾਂ ਦੀ ਕਮਾਈ 'ਚ 25 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ ਇਸੇ ਤਰਾਂ ਬੇਜੋਸ ਨੇ ਆਪਣੀ ਕਮਾਈ 'ਚ 34.6 ਬਿਲੀਅਨ ਡਾਲਰ ਤੱਕ ਵਧਾ ਲਈ ਹੈ। ਇਹ ਅੰਕੜੇ ਅਮਰੀਕਾ ਦੇ ਉਨਾਂ 600 ਅਰਬਪਤੀਆਂ 'ਚੋਂ ਹਨ ਜਿਨਾਂ ਦਾ ਨਾਮ ਫੋਰਬਸ ਦੀ ਲਿਸਟ 'ਚ ਆਇਆ ਹੈ। ਜਿੱਥੇ ਇੱਕ ਪਾਸੇ ਲੇਬਰ ਜੌਬ ਕਰਨ ਵਾਲੇ ਇਸ ਮਹਾਂਮਾਰੀ ਦੌਰਾਨ ਸਭ ਤੋਂ ਭੈੜੇ ਆਰਥਿਕ ਸੰਕਟ 'ਚੋਂ ਗੁਜ਼ਰ ਰਹੇ ਹਨ ਉੱਥੇ ਹੀ ਤਕਨੀਕੀ ਕੰਪਨੀਆਂ ਨੂੰ ਇਹ ਮਹਾਂਮਾਰੀ ਸੋਨੇ 'ਤੇ ਸੁਹਾਗਾ ਸਾਬਤ ਹੋਈ ਹੈ।




ਰਿਪੋਰਟ ਅਨੁਸਾਰ ਬੀਤੇ ਦੋ ਮਹੀਨਿਆਂ ਦੌਰਾਨ ਅਮਰੀਕਾ ਦੇ ਅਰਬਪਤੀਆਂ ਦੀ ਕੁਲ ਸੰਪਤੀ 15% ਵਧੀ ਹੈ ਜੋ ਕਿ 2.948 ਟ੍ਰਿਲੀਅਨ ਤੋਂ ਵੱਧ ਕੇ ਹੁਣ 3.382 ਹੋ ਗਈ ਹੈ। ਬੀਤੇ ਦੋ ਮਹੀਨਿਆਂ 'ਚ ਮਹਾਂਮਾਰੀ ਦੌਰਾਨ ਸਭ ਤੋਂ ਵੱਧ ਫ਼ਾਇਦਾ ਐਲਨ ਮਸਕ ਨੂੰ ਮਿਲਿਆ ਉਨਾਂ ਦੀ ਕਮਾਈ ਬੀਤੇ ਦੋ ਮਹੀਨਿਆਂ 'ਚ 48% ਵੱਧ ਕੇ 36 ਬਿਲੀਅਨ ਡਾਲਰ ਹੋ ਗਈ। ਇਸ ਤੋਂ ਪਿੱਛੇ ਹਨ ਮਾਰਕ ਜ਼ੁਕਰਬਰਗ ਜਿਸਦੀ ਕਮਾਈ 46% ਵੱਧ ਕੇ 80 ਬਿਲੀਅਨ ਡਾਲਰ ਹੋ ਗਈ ਹੈ। ਬੇਜੋਸ ਦੀ ਕਮਾਈ 31% ਵੱਧ ਕੇ 147 ਬਿਲੀਅਨ ਡਾਲਰ ਹੋ ਗਈ ਹੈ। ਜਿੱਥੇ ਇਨਾਂ ਅਰਬਪਤੀਆਂ ਨੂੰ ਇਸ ਮਹਾਂਮਾਰੀ ਦਾ ਵੀ ਬੇਸ਼ੁਮਾਰ ਫ਼ਾਇਦਾ ਹੋਇਆ ਹੈ ਉੱਥੇ ਹੀ ਬੀਤੇ 6 ਹਫ਼ਤਿਆਂ 'ਚ ਹੀ 30 ਮਿਲੀਅਨ ਤੋਂ ਵੱਧ ਅਮਰੀਕੀ ਨਾਗਰਿਕਾਂ ਨੇ ਆਪਣੀਆਂ ਨੌਕਰੀਆਂ ਗਵਾਈਆਂ ਹਨ ਅਤੇ ਬੇਰੁਜ਼ਗਾਰੀ ਦੀ ਅਰਜ਼ੀ ਲਈ ਅਪਲਾਈ ਕਰ ਰਹੇ ਹਨ।

## ਸੰਯੁਕਤ ਰਾਸ਼ਟਰ ਵਲੋਂ ਦੁਨੀਆ ਨੂੰ 'ਫੂਡ ਐਮਰਜੈਂਸੀ' ਦੀ ਚਿਤਾਵਨੀ

ਸਿਆਟਲ, ਸੰਯੁਕਤ ਰਾਸ਼ਟਰ (ਯੂ.ਐਨ.ਓ.) ਦੇ ਜਨਰਲ ਸਕੱਤਰ ਐਂਟੋਨੀਓ ਗੁਟਰੇਸ ਨੇ ਦੁਨੀਆ ਨੂੰ ਅੱਜ ਚਿਤਾਵਨੀ ਜਾਰੀ ਕੀਤੀ ਹੈ ਕਿ ਕੋਰੋਨਾ ਮਹਾਂਮਾਰੀ ਕਾਰਨ ਦੁਨੀਆ 'ਚ 'ਫੂਡ ਐਮਰਜੈਂਸੀ' ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਭੋਜਨ ਜਾਂ ਪੋਸ਼ਣ ਸਬੰਧੀ ਅਸੁਰੱਖਿਅਤ ਰਹਿਣ ਵਾਲੇ ਲੋਕਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵੱਧ ਰਹੀ ਹੈ। ਸੰਯੁਕਤ ਰਾਸ਼ਟਰ ਮੁਖੀ ਨੇ ਅੱਜ ਖ਼ੁਰਾਕ ਸੁਰੱਖਿਆ ਅਤੇ ਪੋਸ਼ਣ ਕੋਵਿਡ-19 ਦੇ ਪ੍ਰਭਾਵ ਬਾਰੇ ਸੰਯੁਕਤ ਰਾਸ਼ਟਰ ਦੀ ਨੀਤੀ ਦੀ ਸ਼ੁਰੂਆਤ ਲਈ ਆਪਣੇ ਵੀਡੀਓ ਸੰਦੇਸ਼ 'ਚ ਕਿਹਾ ਕਿ ਦੁਨੀਆ 'ਚ ਸਾਡੀ ਆਬਾਦੀ 8 ਅਰਬ ਲੋਕਾਂ ਦੀ ਹੈ ਅਤੇ ਜਿਸ 'ਚ ਖਾਣ ਲਈ ਭੋਜਨ ਕਾਫ਼ੀ ਹੈ ਪਰ 2 ਕਰੋੜ ਤੋਂ ਵੱਧ ਲੋਕ ਭੁੱਖੇ ਰਹਿ ਰਹੇ ਹਨ ਤੇ ਪੰਜ ਸਾਲ ਤੋਂ ਘੱਟ ਉਮਰ ਦੇ 14.4 ਕਰੋੜ ਬੱਚਿਆਂ ਦਾ ਸਰੀਰਕ ਵਿਕਾਸ ਭੁੱਖ ਕਾਰਨ ਰੁਕਿਆ ਹੋਇਆ ਹੈ, ਜਿੱਥੇ ਸਾਡੀ ਸਾਰੀ ਖ਼ੁਰਾਕ ਪ੍ਰਣਾਲੀ ਅਸਫ਼ਲ ਹੋ ਰਹੀ ਹੈ। ਸਕੱਤਰ ਜਨਰਲ ਨੇ ਚਿਤਾਵਨੀ ਦਿੱਤੀ ਹੈ ਕਿ ਜਦ ਤੱਕ ਇਸ 'ਤੇ ਤੁਰੰਤ ਕਾਰਵਾਈ ਨਾ ਹੋਈ ਤਾਂ ਇਹ ਵਧਦਾ ਹੀ ਜਾਵੇਗਾ, ਜਿੱਥੇ ਅੱਗੇ ਜਾ ਕੇ 'ਫੂਡ ਐਮਰਜੈਂਸੀ' ਹੋ ਜਾਵੇਗੀ, ਜਿਸ ਦਾ ਲੱਖਾਂ ਬੱਚਿਆਂ ਅਤੇ ਬਾਲਗਾਂ 'ਤੇ ਬਹੁਤ ਲੰਮੇ ਸਮੇਂ ਦਾ ਪ੍ਰਭਾਵ ਪਵੇਗਾ। ਉਨ੍ਹਾਂ ਕਿਹਾ ਕਿ ਕੋਰੋਨਾ ਮਹਾਂਮਾਰੀ ਕਾਰਨ ਹੁਣ ਤੱਕ 4.9 ਕਰੋੜ ਹੋਰ ਲੋਕ ਗ਼ਰੀਬੀ 'ਚ ਧਸ ਜਾਣਗੇ। ਉਨ੍ਹਾਂ ਕਿਹਾ ਕਿ ਚੰਗੇ ਖਾਣ-ਪੀਣ ਵਾਲੇ ਦੇਸ਼ਾਂ 'ਚ ਵੀ ਅਸੀਂ ਭੋਜਨ ਸਪਲਾਈ ਲੜੀ ਵਿਚ ਵਿਘਨ ਪਾਉਣ ਦੇ ਜੋਖ਼ਮ ਦੇਖ ਰਹੇ ਹਾਂ। ਗੁਟਰੇਸ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਜ਼ਿੰਦਗੀਆਂ ਅਤੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਲਾਮਬੰਦ ਹੋਣ। ਉਨ੍ਹਾਂ ਦੇਸ਼ਾਂ ਨੂੰ ਅਪੀਲ ਕੀਤੀ ਕਿ ਭੋਜਨ ਪ੍ਰੋਸੈਸਿੰਗ, ਟਰਾਂਸਪੋਰਟ ਅਤੇ ਸਥਾਨਕ ਖ਼ੁਰਾਕੀ ਬਾਜ਼ਾਰਾਂ ਲਈ ਸਹਾਇਤਾ ਵਧਾਉਣ ਅਤੇ ਉਨ੍ਹਾਂ ਨੂੰ ਭੋਜਨ ਪ੍ਰਣਾਲੀਆਂ ਦੇ ਨਿਰੰਤਰ ਕਾਰਜਸ਼ੀਲਤਾ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਸਰਕਾਰਾਂ ਯਕੀਨੀ ਬਣਾਉਣ ਕਿ ਰਾਹਤ ਪ੍ਰੇਰਨਾ ਪੈਕੇਜ ਸਭ ਤੋਂ ਵੱਧ ਕਮਜ਼ੋਰ ਤੇ ਲੋੜਵੰਦਾਂ ਤੱਕ ਪਹੁੰਚਾਏ ਜਾਣ। ਉਨ੍ਹਾਂ ਸਾਰੇ ਦੇਸ਼ਾਂ ਨੂੰ ਅਪੀਲ ਕੀਤੀ ਕਿ ਸਕੂਲਾਂ 'ਚ ਪੜ੍ਹਦੇ ਉਨ੍ਹਾਂ ਕਮਜ਼ੋਰ ਬੱਚਿਆਂ ਦੀ ਭੋਜਨ ਲਈ ਮਦਦ ਕਰਨ ਜਿਨ੍ਹਾਂ ਦੀ ਭੋਜਨ ਤੱਕ ਪਹੁੰਚ ਨਹੀਂ ਹੈ।







THE PRESIDENT'S **CORONAVIRUS GUIDELINES** FOR AMERICA

# 30 DAYS TO SLOW THE SPREAD

Listen to and follow the directions of your **STATE AND LOCAL AUTHORITIES.**

**IF YOU FEEL SICK,** stay home. Do not go to work. Contact your medical provider.

**IF YOUR CHILDREN ARE SICK,** keep them at home. Do not send them to school. Contact your medical provider.

**IF SOMEONE IN YOUR HOUSEHOLD HAS TESTED POSITIVE** for the coronavirus, keep the entire household at home. Do not go to work. Do not go to school. Contact your medical provider.

**IF YOU ARE AN OLDER PERSON,** stay home and away from other people.

**IF YOU ARE A PERSON WITH A SERIOUS UNDERLYING HEALTH CONDITION** that can put you at increased risk (for example, a condition that impairs your lung or heart function or weakens your immune system), stay home and away from other people.

THE WHITE HOUSE
CDC

For more information, please visit
**CORONAVIRUS.GOV**

## ਚੀਨ-ਭਾਰਤ ਤਣਾਅ

# ਭਾਰਤੀ ਫ਼ੌਜੀਆਂ ਨੂੰ ਕਿੱਲਾਂ ਵਾਲੀਆਂ ਰਾਡਾਂ ਨਾਲ ਮਾਰਨ ਬਾਰੇ ਚੀਨ ਨੇ ਕੀ ਕਿਹਾ

ਭਾਰਤ -ਚੀਨ ਸਰਹੱਦ ਉੱਪਰ ਗਲਵਾਨ ਘਾਟੀ ਵਿੱਚ 20 ਭਾਰਤੀ ਫ਼ੌਜੀਆਂ ਦੀ ਮੌਤ ਬਾਰੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ। ਮੁੱਖ ਵਿਰੋਧੀ ਪਾਰਟੀ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਨੇ ਪੁੱਛਿਆ ਕਿ ਕਿਸ ਦੇ ਹੁਕਮ ਨਾਲ ਭਾਰਤੀ ਫ਼ੌਜੀਆਂ ਨੂੰ ਤਣਾਅ ਵਾਲੇ ਇਲਾਕੇ ਵਿੱਚ ਨਿਹੱਥੇ ਗਏ ਸਨ।

ਇਸ ਬਾਰੇ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ,"ਸਰਹੱਦ ਉੱਪਰ ਫ਼ੌਜੀ ਹਮੇਸ਼ਾ ਹਥਿਆਰਾਂ ਦੇ ਨਾਲ ਹੀ ਤੈਨਾਅਤ ਰਹਿੰਦੇ ਹਨ, ਖ਼ਾਸ ਕਰ ਕੇ ਚੌਕੀ ਛੱਡਦੇ ਸਮੇਂ। 15 ਜੂਨ ਨੂੰ ਵੀ ਅਜਿਹਾ ਹੀ ਹੋਇਆ ਸੀ। 1996 ਅਤੇ 2005 ਦੇ ਸਮਝੌਤਿਆਂ ਦੇ ਅਧੀਨ ਅਸੀਂ ਲੰਬੇ ਸਮੇਂ ਤੋਂ ਆਹਮੋ-ਸਾਹਮਣੇ ਹੋਈਏ ਤਾਂ ਹਥਿਆਰਾਂ ਦੀ ਵਰਤੋਂ ਨਹੀਂ ਕਰਦੇ ਹਾਂ।" ਵਿਦੇਸ਼ ਮੰਤਰੀ ਦੇ ਇਸ ਬਿਆਨ ਤੋਂ ਪਹਿਲਾਂ ਸਾਬਕਾ ਲੈਫ਼ਟੀਨੈਂਟ ਜਨਰਲ ਐੱਚਐੱਸ ਪਨਾਗ ਨੇ ਸਵਾਲ ਚੁੱਕੇ ਸਨ ਕਿ ਸਭ ਕੁਝ ਜਾਣਦੇ ਹੋਏ ਵੀ ਜਵਾਨਾਂ ਨੂੰ ਬਿਨਾਂ ਹਥਿਆਰਾਂ ਦੇ ਕਿਉਂ ਭੇਜਿਆ ਗਿਆ ?

ਜਨਰਲ ਪਨਾਗ ਨੇ ਕਿਹਾ ਕਿ 200 ਸਾਲ ਦੇ ਇਤਿਹਾਸ ਵਿ ?ੱਤ ਭਾਰਤੀ ਫ਼ੌਜ ਦਾ ਅਜਿਹਾ ਅਪਮਾਨ ਕਦੇ ਨਹੀਂ ਹੋਇਆ। ਜਵਾਨ ਉੱਪਰੋਂ ਮਿਲੇ ਹੁਕਮਾਂ ਕਾਰਨ ਹੀ ਨਿਹੱਥੇ ਗਏ ਸਨ ਅਤੇ ਉੱਥੇ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ। ਹੁਣ ਜਦੋਂ ਵਿਦੇਸ਼ ਮੰਤਰੀ ਨੇ ਕਿਹਾ ਕਿ ਫ਼ੌਜ ਦੇ ਜਵਾਨ ਹਥਿਆਰਾਂ ਦੇ ਨਾਲ ਗਏ ਸਨ ਪਰ ਇਸ ਦੀ ਵਰਤੋਂ ਨਹੀਂ ਕੀਤੀ। ਇਸ ਬਾਰੇ ਸਵਾਲ ਕੀਤੇ ਜਾ ਰਹੇ ਹਨ ਕਿ ਚੀਨ ਨੇ ਭਾਰਤੀ ਜਵਾਨਾਂ ਨੂੰ ਬੇਰਹਿਮੀ ਨਾਲ ਮਾਰਿਆ ਅਤੇ ਭਾਰਤੀ ਫ਼ੌਜੀਆਂ ਨੇ ਆਤਮ-ਰੱਖਿਆ ਵਿੱਚ ਵੀ ਹਥਿਆਰ ਨਹੀਂ ਚੁੱਕੇ ? ਇਹ ਕਿਹੋ-ਜਿਹਾ ਸਮਝੌਤਾ ਹੈ ? ਹਾਲਾਂਕਿ ਜਨਰਲ ਪਨਾਗ ਨੇ ਕਿਹਾ, 1996 ਦੇ ਇਸ ਸਮਝੌਤੇ ਦੀ ਧਾਰਾ 6। ਇਹ ਸਮਝੌਤਾ ਸਰਹੱਦੀ ਬੰਦੋਬਸਤ ਵਿੱਚ ਪ੍ਰਭਾਵੀ ਹੈ, ਨਾ ਕਿ ਰਣਨੀਤਿਕ ਫ਼ੌਜੀ ਸੰਕਟ ਦੀ ਸਥਿਤੀ ਵਿੱਚ। ਜੇ ਸੁਰੱਖਿਆ ਦਸਤਿਆਂ ਦੀ ਜਾਨ ਖ਼ਤਰੇ ਵਿੱਚ ਹੋਵੇਗੀ ਤਾਂ ਉਹ ਹਰੇਕ ਕਿਸਮ ਦਾ ਹਥਿਆਰ ਵਰਤ ਸਕਦੇ ਹਨ।"

**ਕਿੱਲਾਂ ਵਾਲੀ ਰਾਡ ਬਾਰੇ ਚੀਨ ਨੇ ਕੀ ਕਿਹਾ**

ਵੀਰਵਾਰ ਨੂੰ ਚੀਨੀ ਵਿਦੇਸ਼ ਮੰਤਰਾਲਾ ਦੀ ਪ੍ਰੈੱਸ ਕਾਨਫ਼ਰੰਸ ਵਿੱਚ ਖ਼ਬਰ ਏਜੰਸੀ ਰੌਇਟਰਜ਼ ਨੇ ਚੀਨੀ ਵਿਦੇਸ਼ ਮੰਤਰਾਲਾ ਦੇ ਬੁਲਾਰੇ ਚਾਓ ਲਿਜ਼ਿਯਾਨ ਤੋਂ ਪੁੱਛਿਆ ਕਿ ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਫ਼ੌਜ ਦੇ ਇੱਕ ਕਰਨਲ ਅਤੇ ਹੋਰ ਫ਼ੌਜੀਆਂ ਉੱਪਰ ਚੀਨ ਦੇ ਫ਼ੌਜੀਆਂ ਨੇ ਕਿੱਲ਼ਾਂ ਵਾਲੀ ਲੋਹੇ ਦੀ ਰਾਡ ਨਾਲ ਹਮਲਾ ਕੀਤਾ, ਇਸ ਬਾਰੇ ਤੁਹਾਡਾ ਕੀ ਕਹਿਣਾ ਹੈ ? ਦੂਜਾ ਸਵਾਲ ਇਹ ਸੀ ਕਿ ਹਿੰਸਕ ਝੜਪ ਉਦੋਂ ਸ਼ੁਰੂ ਹੋਈ ਜਦੋਂ ਭਾਰਤੀ ਫ਼ੌਜੀਆਂ ਨੇ ਚੀਨੀ ਉਸਾਰੀ ਨੂੰ ਤੋੜਿਆ ਜਾਂ ਐੱਲਏਸੀ ਪਾਰ ਕਰਨ 'ਤੇ। ਇਸ ਸਵਾਲ ਦਾ ਜਵਾਬ ਚੀਨੀ ਬੁਲਾਰੇ ਨੇ ਇਹ ਦਿੱਤਾ, "ਇਸ ਵਿਸ਼ੇ ਵਿੱਚ ਕੀ ਸਹੀ ਹੈ ਤੇ ਕੀ ਗ਼ਲਤ, ਇਸ ਵਿੱਚ ਉਲਝਣ ਨਹੀਂ ਹੈ। ਜ਼ਿੰਮੇਵਾਰੀ ਚੀਨ ਦੀ ਨਹੀਂ ਹੈ। ਅਸੀਂ ਇਸ ਬਾਰੇ ਸਾਫ਼ ਕਰ ਦਿੱਤਾ ਹੈ ਕਿ ਮਾਮਲਾ ਕਿਵੇਂ ਸ਼ੁਰੂ ਹੋਇਆ। ਸੋਮਵਾਰ ਦੀ ਰਾਤ ਸਰਹੱਦ ਤੇ ਤਾਇਨਾਤ ਭਾਰਤੀ ਸੁਰੱਖਿਆ ਦਸਤਿਆਂ ਨੇ ਦੋਵਾਂ ਦੇਸ਼ਾਂ ਵਿੱਚ ਕਮਾਂਡਰ ਪੱਧਰ ਤੇ ਬਣੀ ਸਹਿਮਤੀ ਨੂੰ ਤੋੜ ਦਿੱਤਾ। ਭਾਰਤੀ ਫ਼ੌਜੀ ਲਾਈਨ ਆਫ਼ ਐਕਚੂਅਲ ਕੰਟਰੋਲ ਪਾਰ ਕਰ ਗਏ ਅਤੇ ਜਾਣ-ਬੁੱਝ ਕੇ ਚੀਨ ਦੇ ਫ਼ੌਜੀਆਂ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ ਅਤੇ ਇੱਥੋਂ ਤੱਕ ਕਿ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਆਹਮੋ-ਸਾਹਮਣੇ ਝੜਪ ਹੋਈ ਅਤੇ ਇਸੇ ਦੌਰਾਨ ਜ਼ਖ਼ਮੀ ਹੋਏ। ਚੀਨ ਦੀ ਮੰਗ ਹੈ ਕਿ ਭਾਰਤ ਪੂਰੇ ਮਾਮਲੇ ਦੀ ਜਾਂਚ ਕਰੇ ਅਤੇ ਜੋ ਜ਼ਿੰਮੇਵਾਰ ਹੋਣ ਉਨ੍ਹਾਂ ਨੂੰ ਸਜ਼ਾ ਦੇਵੇ। ਚਾਓ ਨੇ ਕਿਹਾ, ਦੋਵੇਂ ਪੱਖ ਝੜਪ ਬਾਰੇ ਸ਼ਾਂਤਮਈ ਹੱਲ ਉੱਪਰ ਸਹਿਮਤ ਹਨ।" ਖ਼ਬਰ ਏਜੰਸੀ ਏਐੱਫ਼ਪੀ ਨੇ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੂੰ ਪੁੱਛਿਆ, ਅਜਿਹਾ ਲਗਦਾ ਹੈ ਕਿ ਭਾਰਤ ਸਰਹੱਦ ਉੱਪਰ ਫ਼ੌਜੀ ਇਕੱਠੇ ਕਰ ਰਿਹਾ ਹੈ। ਜਵਾਬ ਵਿੱਚ ਕੀ ਚੀਨ ਵੀ ਅਜਿਹਾ ਹੀ ਕਰੇਗਾ ? ਕੀ ਚੀਨ ਪੂਰੇ ਵਿਵਾਦ ਬਾਰੇ ਕੁਝ ਹੋਰ ਕਹੇਗਾ ? ਚਾਓ ਨੇ ਇਸ ਸਵਾਲ ਦੇ ਜਵਾਬ ਵਿੱਚ ਕਿਹਾ, "ਭਾਰਤ-ਚੀਨ ਸਰਹੱਦ ਉੱਪਰ ਚੀਨ ਦੇ ਪੈਂਤੜੇ ਬਾਰੇ ਮੈਂ ਪਹਿਲਾਂ ਹੀ ਸਾਰਾ ਕੁਝ ਦੱਸ ਦਿੱਤਾ ਹੈ। ਦੋਵੇਂ ਪੱਖ ਵਿਵਾਦ ਸੁਲਝਾਉਣ ਲਈ ਕੰਮ ਕਰ ਰਹੇ ਹਨ। ਦੋਹਾਂ ਪੱਖਾਂ ਵਿਚਕਾਰ ਮਿਲਟਰੀ ਅਤੇ ਕੂਟਨੀਤਕ ਪੱਧਰਾਂ ਉੱਪਰ ਗੱਲਬਾਤ ਹੋ ਰਹੀ ਹੈ। ਇਸ ਤੋਂ ਜ਼ਿਆਦਾ ਮੈਂ ਹੋਰ ਕੁਝ ਨਹੀਂ ਦੱਸ ਸਕਦਾ।" ਖ਼ਬਰ ਏਜੰਸੀ ਪੀਟੀਆਈ ਨੇ ਪੁੱਛਿਆ, ਹੁਣ ਅਗਲਾ ਕਦਮ ਕੀ ਹੈ ? ਇਸ ਬਾਰੇ ਚਾਓ ਨੇ ਕਿਹਾ, "ਚੀਨੀ ਵਿਦੇਸ਼ ਮੰਤਰੀ ਨੇ ਭਾਰਤੀ ਵਿਦੇਸ਼ ਮੰਤਰੀ ਨੂੰ ਕਿਹਾ ਹੈ ਕਿ ਦੋਵੇਂ ਮੁਲਕ ਉੱਭਰਦੀਆਂ ਤਾਕਤਾਂ ਹਨ। ਦੋਵਾਂ ਦੀ ਅਬਾਦੀ ਇੱਕ ਅਰਬ ਤੋਂ ਵੱਧ ਹੈ। ਅਸੀਂ ਆਪਸੀ ਆਦਰ ਅਤੇ ਹਮਾਇਤ ਦੇ ਨਾਲ ਅੱਗੇ ਵਧਾਂਗੇ ਤਾਂ ਦੋਵਾਂ ਦੇਸ਼ਾਂ ਦੇ ਸਾਂਝੇ ਹਿੱਤ ਪੂਰੇ ਹੋਣਗੇ। ਜੇ ਅਸੀਂ ਬੇਭਰੋਸਗੀ ਅਤੇ ਮਤਭੇਦ ਨੂੰ ਵਧਾਵਾਂਗੇ ਤਾਂ ਇਹ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਦੀਆਂ ਇੱਛਾਵਾਂ ਦੇ ਉਲਟ ਹੋਵੇਗਾ।"



### ਭਾਰਤ ਦਾ ਕੀ ਕਹਿਣਾ ਹੈ ?

ਵੀਰਵਾਰ ਸ਼ਾਮੀਂ ਭਾਰਤੀ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ਼੍ਰੀਵਾਸਤਵ ਨੇ ਵੀ ਪ੍ਰੈੱਸ ਕਾਨਫ਼ਰੰਸ ਕਰ ਕੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਸ਼੍ਰੀਵਾਸਤਵ ਨੂੰ ਪੁੱਛਿਆ ਗਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਹਰ ਸਾਜਿਸ਼ ਦਾ ਜਵਾਬ ਦੇਵੇਗਾ ਪਰ ਅਜਿਹਾ ਕਦੋਂ ਹੋਵੇਗਾ ? , ਚੀਨ ਗਲਵਾਨ ਘਾਟੀ ਨੂੰ ਆਪਣਾ ਦੱਸ ਰਿਹਾ ਹੈ ਇਸ ਬਾਰੇ ਭਾਰਤ ਦੀ ਪ੍ਰਤੀਕਿਰਿਆ ਕੀ ਹੈ ? , ਕੀ ਭਾਰਤ ਚੀਨ ਦੇ ਖ਼ਿਲਾਫ਼ ਕੋਈ ਆਰਥਿਕ ਕਦਮ ਚੁੱਕਣ ਜਾ ਰਿਹਾ ਹੈ ? ਇਨ੍ਹਾਂ ਸਵਾਲਾਂ ਦੇ ਜਵਾਬ ਵਿੱਚ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ, ਭਾਰਤ ਅਤੇ ਚੀਨ ਫ਼ੌਜੀ ਅਤੇ ਕੂਟਨੀਤਕ ਪੱਧਰ ਤੇ ਗੱਲਬਾਤ ਕਰ ਰਹੇ ਹਨ। 6 ਜੂਨ ਨੂੰ ਕੋਰ ਕਮਾਂਡਰ ਦੇ ਪੱਧਰ ਦੀ ਗੱਲਬਾਤ ਹੋਈ ਸੀ, ਸਹਿਮਤੀ ਬਣੀ ਸੀ ਕਿ ਗੱਲਬਾਤ ਦੇ ਹਿਸਾਬ ਨਾਲ ਪਿੱਛੇ ਹਟਾਂਗੇ। 15 ਜੂਨ ਦੀ ਰਾਤ ਚੀਨੀ ਫ਼ੌਜ ਨੇ ਤੈਅ ਸਥਿਤੀ ਦੀ ਉਲੰਘਣਾ ਕੀਤੀ ਇਸੇ ਕਾਰਨ ਹਿੰਸਕ ਝੜਪ ਹੋਈ ਅਤੇ ਦੋਵਾਂ ਦੇਸ਼ਾਂ ਦੇ ਲੋਕ ਜ਼ਖ਼ਮੀ ਹੋਏ। ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਗੱਲਬਾਤ ਵਿੱਚ ਭਾਰਤ ਨੇ ਕਿਹਾ ਕਿ ਐੱਲਏਸੀ ਦਾ ਸਨਮਾਨ ਹੋਣਾ ਚਾਹੀਦਾ ਹੈ। ਅਸੀਂ ਆਪਣੀ ਅਖੰਡਤਾ ਬਾਰੇ ਵਚਨਬੱਧ ਹਾਂ।"

# ਜ਼ੂਮਰਜ਼: ਟਰੰਪ ਲਈ ਸਿਰਦਰਦੀ ਬਣਨ ਵਾਲੇ ਇਹ ਲੋਕ ਕੌਣ ਹਨ ਤੇ ਦੁਨੀਆਂ ਵਿਚ ਇਨ੍ਹਾਂ ਦੀ ਭੂਮਿਕਾ ਕੀ ਹੈ

ਸਰਵੇਖਣਾਂ ਮੁਤਾਬਕ ਜ਼ੂਮਰਜ਼ ਐਲਜੀਬੀਟੀਕਿਊ ਮੁੱਦਿਆਂ ਬਾਰੇ ਅਗਾਂਹਵਧੂ ਰਾਏ ਰੱਖਦੇ ਹਨ ਪਰ ਇਮੀਗ੍ਰੇਸ਼ਨ ਦੇ ਸੰਬੰਧ ਵਿੱਚ ਵਧੇਰੇ ਰੂੜੀਵਾਦੀ ਹਨ ਜਨਰੇਸ਼ਨ- Z ਕਹਾਉਣ ਵਾਲੇ ਉਹ ਲੋਕ ਜੋ 1990 ਦੇ ਦਹਾਕੇ ਦੇ ਮੱਧ ਤੋਂ ਲੈ ਕੇ 2010 ਦੇ ਸ਼ੁਰੂਆਤੀ ਸਮੇਂ ਵਿਚਕਾਰ ਪੈਦਾ ਹੋਏ ਹਨ। ਇਹ ਲੋਕ ਡਿਜਿਟਲ ਮਾਹਰ ਦੇ ਨਾਲ ਸਮਾਜਿਕ ਤੌਰ 'ਤੇ ਰੁਝੇ ਹੋਏ ਹਨ।ਇਨ੍ਹਾਂ ਲੋਕਾਂ ਦੀ ਕੁਸ਼ਲਤਾ ਉਸ ਵੇਲੇ ਸਾਹਮਣੇ ਆਈ ਜਦੋਂ ਟਿੱਕ-ਟੌਕ ਦੇ ਜ਼ਰੀਏ ਇਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਟੁਲਸਾ ਵਿੱਚ ਹੋਈ ਰੈਲੀ ਵਿੱਚ ਵਰਚੁਅਲ ਤਰੀਕੇ ਨਾਲ ਰੁਕਾਵਟ ਪਾਈ।ਡੌਨਲਡ ਟਰੰਪ ਦੀ ਰੈਲੀ ਯੋਜਨਾ ਮੁਤਾਬਕ ਨਹੀਂ ਹੋਈ। ਅਮਰੀਕੀ ਰਾਸ਼ਟਰਪਤੀ ਦੀ ਰੈਲੀ ਵਿੱਚ ਰੁਕਾਵਟ ਪਾਉਣ ਲਈ ਕਥਿਤ ਤੌਰ 'ਤੇ ਨੌਜਵਾਨ ਕਾਰਕੁਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ।ਟਰੰਪ ਦੀ ਚੋਣ ਮੁਹਿੰਮ ਟੀਮ ਨੇ ਕਿਆਸ ਲਾਇਆ ਸੀ ਕਿ ਉਨ੍ਹਾਂ ਦੀ ਟੁਲਸਾ, ਓਕਲਾਹੋਮਾ ਵਿੱਚ ਹੋਈ ਰੈਲੀ ਵਿੱਚ ਭਾਰੀ ਭੀੜ ਦੇਖਣ ਨੂੰ ਮਿਲੇਗੀ।ਪਰ ਰੈਲੀ ਨੇ ਮੀਡੀਆ ਵਿੱਚ ਉਸ ਵੇਲੇ ਸੁਰਖੀਆਂ ਬਣਾਈਆਂ ਜਦੋਂ ਉੱਥੇ ਬਹੁਤੇ ਲੋਕ ਨਹੀਂ ਆਏ। ਦੱਸਿਆ ਗਿਆ ਕਿ ਜਿਸ ਥਾਂ 'ਤੇ ਰੈਲੀ ਹੋਈ, ਉੱਥੇ 19,000 ਲੋਕਾਂ ਦੇ ਬੈਠਣ ਦੀ ਥਾਂ ਸੀ ਪਰ ਇੱਕ-ਤਿਹਾਈ ਸੀਟਾਂ ਉੱਤੇ ਬੈਠਣ ਲਈ ਹੀ ਲੋਕ ਮੌਜੂਦ ਸਨਘੱਟ ਲੋਕਾਂ ਦੇ ਆਉਣ ਦਾ ਕਾਰਨ ਟਿੱਕ-ਟੌਕ 'ਤੇ ਕੇ -ਪੋਪ 'ਤੇ ਮੌਜੂਦ ਨੌਜਵਾਨਾਂ ਦੁਆਰਾ ਕੀਤੀ ਇੱਕ ਸ਼ਰਾਰਤ ਦੱਸੀ ਜਾ ਰਹੀ ਹੈ।ਪਤਾ ਲੱਗਿਆ ਹੈ ਕਿ ਟਿੱਕ-ਟੌਕ 'ਤੇ ਮੌਜੂਦ ਕਈ ਨੌਜਵਾਨਾਂ ਨੇ ਆਪਣੇ ਸੰਗੀਆਂ ਤੇ ਦੋਸਤਾਂ ਨੂੰ ਟਰੰਪ ਦੀ ਰੈਲੀ ਲਈ ਟਿਕਟ ਖਰੀਦਣ ਲਈ ਤਾਂ ਕਿਹਾ ਪਰ ਨਾਲ ਹੀ ਰਾਸ਼ਟਰਪਤੀ ਨਾਲ ਸ਼ਰਾਰਤ ਕਰਨ ਦੀ ਇਹ ਨੀਤੀ ਬਣਾਈ ਕਿ ਰੈਲੀ ਵਿੱਚ ਕੋਈ ਨਹੀਂ ਜਾਵੇਗਾ।ਪਰ ਟਰੰਪ ਦੀ ਟੀਮ ਨੇ ਰੈਲੀ ਵਿੱਚ ਘੱਟ ਗਿਣਤੀ ਲੋਕਾਂ ਦੇ ਪਹੁੰਚਣ ਪਿੱਛੇ ਮੀਡੀਆ 'ਤੇ ਮੁਜ਼ਾਹਰਾਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਹੈ ਕਿ ਆਨਲਾਈਨ ਟਿਕਟਾਂ ਖਰੀਦਣ ਵਾਲੇ ਨੌਜਵਾਨ ਇਸ ਘਟਨਾ ਲਈ ਜ਼ਿੰਮੇਵਾਰ ਨਹੀਂ ਹੋ ਸਕਦੇ।ਇਸ ਦੇ ਨਾਲ ਹੀ ਇਸ ਚੀਜ਼ 'ਤੇ ਵੀ ਧਿਆਨ ਮਾਰਿਆ ਜਾ ਰਿਹਾ ਹੈ ਕਿ ਕੋਰੀਆਈ ਪੋਪ ਮਿਊਜ਼ਿਕ (ਕੇ -ਪੋਪ) ਦੇ ਪ੍ਰਸ਼ੰਸਕਾਂ ਨੇ ਵੀ ਟਰੰਪ ਦਾ ਮਜ਼ਾਕ ਉਡਾਇਆ। ਇਸ ਘਟਨਾ ਨੂੰ ਜ਼ੂਮਰਜ਼ ਦੀ ਕੁਸ਼ਲਤਾ ਵਜੋਂ ਵੀ ਦੇਖਿਆ ਜਾ ਰਿਹਾ ਹੈ ਜੋ ਟਰੰਪ ਤੇ ਹੋਰ ਸਿਆਸਤਦਾਨਾਂ ਨੂੰ ਸਿਰ ਦਰਦ ਦੇਣ ਦੀ ਸਮਰਥਾ ਰੱਖਦੇ ਹਨ।

**ਜ਼ੂਮਰਜ਼ ਕੌਣ ਹਨ ?**

ਇਹ ਜਨਰੇਸ਼ਨ-➢ ਨੂੰ ਦਿੱਤਾ ਗਿਆ ਇੱਕ ਛੋਟਾ ਨਾਂ ਹੈ। ਇਹ ਲੋਕ ਜ਼ਿਆਦਾਤਰ 1990 ਦੇ ਦਹਾਕੇ ਦੇ ਮੱਧ ਤੋਂ ਲੈ ਕੇ 2010 ਦੇ ਸ਼ੁਰੂਆਤ ਤੱਕ ਦੇ ਸਮੇਂ ਵਿੱਚ ਪੈਦਾ ਹੋਏ ਸੀ ਪਰ ਇਨ੍ਹਾਂ ਨੌਜਵਾਨਾਂ ਦੀ ਜਨਮ ਤਾਰੀਕ ਨੂੰ ਲੈ ਕੇ ਅਜੇ ਵੀ ਮਾਹਰਾਂ ਵਿੱਚ ਬਹਿਸ ਜਾਰੀ ਹੈ।ਜ਼ੂਮਰਜ਼ 'ਬੂਮਰਜ਼' ਸ਼ਬਦ ਤੋਂ ਬਣਾਇਆ ਗਿਆ ਹੈ। ਬੂਮਰਜ਼ 'ਬੇਬੀ ਬੂਮ' ਪੀੜ੍ਹੀ ਹੈ ਜੋ 1944 ਤੋਂ 1964 ਵਿੱਚ ਪੈਦਾ ਹੋਈ ਸੀ।







**ਇਹ ਲੋਕ ਜ਼ਰੂਰੀ ਕਿਉਂ ਹਨ ?**

ਸਭ ਤੋਂ ਪਹਿਲੀ ਗੱਲ, ਜ਼ੂਮਰਜ਼ ਅੰਕੜਿਆਂ ਦੇ ਅਧਾਰ 'ਤੇ ਦੁਨੀਆਂ ਵਿੱਚ ਬਹੁਤ ਜ਼ਿਆਦਾ ਹਨ। ਕਈ ਰਿਸਰਚਾਂ ਮੁਤਾਬਕ, ਇਹ ਲੋਕ ਪੂਰੀ ਆਬਾਦੀ ਦਾ 32% ਹਿੱਸਾ ਹਨ।ਵਿਸ਼ਵ ਬੈਂਕ ਦੇ ਮੁਤਾਬਕ, ਮਿਲੇਨੀਅਲਜ਼ (1981 ਤੋਂ 1996 ਵਿੱਚ ਪੈਦਾ ਹੋਏ ਲੋਕ) ਅਜੇ ਵੀ ਦੁਨੀਆਂ ਦੀ ਸਭ ਤੋਂ ਵੱਡੀ ਬਾਲਗ ਅਬਾਦੀ ਹੈ। ਉਨ੍ਹਾਂ ਮੁਤਾਬਕ ਦੁਨੀਆਂ ਵਿੱਚ ਔਸਤ ਉਮਰ 30 ਸਾਲਾਂ ਦੇ ਕਰੀਬ ਹੈ ਤੇ ਜ਼ੂਮਰਜ਼ ਵਿਸ਼ਵ ਪੱਧਰੀ ਵਰਕ ਫੋਰਸ ਦਾ 41% ਹਿੱਸਾ ਹਨ।

**ਕੀ ਇਹ ਵਾਕਈ ਇੰਨੇ ਅਲੱਗ ਹਨ ?**

ਸਮਾਜਕ ਵਿਗਿਆਨੀਆਂ ਮੁਤਾਬਕ ਜ਼ੂਮਰਜ਼ ਕਈ ਚੀਜ਼ਾਂ ਕਰਕੇ ਖ਼ਾਸ ਹਨ।ਇਨ੍ਹਾਂ ਸਾਰੇ ਕਾਰਨਾਂ ਵਿੱਚੋਂ ਸਭ ਤੋਂ ਜ਼ਰੂਰੀ ਚੀਜ਼ ਇਹ ਹੈ ਕਿ ਇਹ ਲੋਕ 'ਡਿਜਿਟਲ ਪੈਦਾ' ਹੋਏ ਸਨ। ਮਤਲਬ ਜਦੋਂ ਇਹ ਲੋਕ ਪੈਦਾ ਹੋਏ ਤਾਂ ਦੁਨੀਆਂ ਤਕਨੀਕ ਦੇ ਮਾਮਲੇ ਵਿੱਚ ਬਹੁਤ ਤਰੱਕੀ ਕਰ ਚੁੱਕੀ ਸੀ ਜਿਵੇਂ ਕਿ ਇੰਟਰਨੈਟ ਆ ਗਿਆ ਸੀ।ਜ਼ੂਮਰਜ਼ ਉਹ ਲੋਕ ਹਨ ਜੋ ਦੁਨੀਆਂ ਭਰ ਵਿੱਚ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸਭ ਤੋਂ ਜ਼ਿਆਦਾ ਸਮਾਂ ਬਿਤਾਉਂਦੇ ਹਨ।ਉਹ ਮਿਲੇਨੀਅਲਜ਼ ਨੂੰ ਪ੍ਰਤੀ ਦਿਨ ਸੋਸ਼ਲ ਮੀਡੀਆ 'ਤੇ ਬਿਤਾਉਣ ਵਾਲੇ ਘੰਟਿਆਂ ਦੇ ਲਿਹਾਜ਼ ਨਾਲ ਭਾਰੀ ਮਾਤ ਦਿੰਦੇ ਹਨ। ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ 60% ਜ਼ੂਮਰਜ਼ ਖ਼ਬਰਾਂ ਲਈ ਪਹਿਲਾ ਸੋਸ਼ਲ ਮੀਡੀਆ 'ਤੇ ਹੀ ਜਾਂਦੇ ਹਨ।ਰਿਸਰਚ ਵਿੱਚ ਪਤਾ ਲੱਗਿਆ ਕਿ ਕਈ ਦੇਸਾਂ ਵਿੱਚ ਜ਼ੂਮਰਜ਼ ਆਪਣੀ ਪਿਛਲੀ ਪੀੜ੍ਹੀ ਦੇ ਲੋਕਾਂ ਨਾਲੋਂ ਜ਼ਿਆਦਾ ਉੱਚ-ਪੱਧਰੀ ਪੜ੍ਹਾਈ ਕਰਨਗੇ।ਮਿਲੇਨੀਅਲਜ਼ ਵਾਂਗ ਇਹ ਲੋਕ ਕੋਈ ਵੀ ਸਮਾਜਕ ਕੰਮ ਲਈ ਅੱਗੇ ਆਉਣ ਤੋਂ ਰੁਕਣਗੇ ਨਹੀਂ।2018 ਵਿੱਚ ਇੱਕ ਪੋਲ ਵਿੱਚ ਪਤਾ ਲਗਿਆ ਕਿ ਜ਼ੂਮਰਜ਼ ਬੱਚੇ ਮਿਲੇਨੀਅਲਜ਼ ਨਾਲੋਂ ਉਸ ਉਮਰ ਵਿੱਚ ਦੋ ਗੁਣਾ ਜ਼ਿਆਦਾ ਸਹੀ ਤਰੀਕੇ ਨਾਲ ਸਮਾਨ ਖਰੀਦਦੇ ਹਨ।ਉਨ੍ਹਾਂ ਦੀਆਂ ਦੋ ਹਾਲ ਹੀ ਦੇ ਸਾਲਾਂ ਦੀਆਂ ਮਸ਼ਹੂਰ ਕਾਰਕੁੰਨਾਂ ਹਨ। ਇੱਕ ਹੈ 22 ਸਾਲਾ ਨੋਬਲ ਪੁਸਰਕਾਰ ਜਿੱਤਣ ਵਾਲੀ ਮਲਾਲਾ ਯੂਸਫਜ਼ਾਈ ਤੇ ਦੂਜੀ ਟਾਇਮ ਮੈਗਜ਼ੀਨ 2019 ਦੀ 'ਪਰਸਨ ਆਫ਼ ਦਿ ਏਅਰ' 16 ਸਾਲਾ ਗਰੇਟਾ ਥਨਬਰਗ।






# ਧੌਣ ਤੇ ਗੋਡਾ ਰੱਖ ਦਿਆਂਗੇ

ਇੱਕੀ ਦੁੱਕੀ ਚੱਕ ਦਿਆਂਗੇ, ਧੌਣ 'ਤੇ ਗੋਡਾ ਰੱਖ ਦਿਆਂਗੇ ਇਸ ਨਾਅਰੇ ਦੀ ਉਮਰ ਬਾਰੇ ਤਾਂ ਮੈਂ ਨਹੀਂ ਦੱਸ ਸਕਦਾ, ਪਰ ਹਾਂ! ਇਹ ਮੇਰੇ ਤੋਂ ਜ਼ਰੂਰ ਵੱਡਾ ਹੋਵੇਗਾ, ਕਿਉਂਕਿ ਜਦੋਂ ਤੋਂ ਸੁਰਤ ਸੰਭਾਲੀ ਹੈ, ਗਾਹੇ-ਵਗਾਹੇ ਇਹ ਨਾਅਰਾ ਮੇਰੇ ਕੰਨੀ ਪੈਂਦਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਇਸਦੀ ਸਮਝ ਹੁਣ ਆਈ ਹੈ। ਕਿਉਂਕਿ ਅੱਜ ਮਹਿਸੂਸ ਕੀਤਾ ਹੈ ਕਿ ਇਹ ਜੋ ਨਾਅਰੇ ਅਕਸਰ ਹਾਕਮਾਂ ਵਿਰੁੱਧ ਜਾਂ ਸਮੇਂ ਦੀ ਤਾਕਤ ਵਿਰੁੱਧ ਆਮ ਤੌਰ 'ਤੇ ਸਤਾਏ ਹੋਏ ਲੋਕ ਲਾਉਂਦੇ ਹਨ, ਅਸਲ ਵਿੱਚ ਉਹ ਉਲਟੇ ਨਾਅਰੇ ਲਾ ਰਹੇ ਹੁੰਦੇ ਹਨ। ਆਪਣੇ ਨਾਅਰਿਆਂ ਵਿੱਚੋਂ ਉਹ ਜੋ ਧਮਕੀਆਂ ਦੇ ਰਹੇ ਹੁੰਦੇ ਹਨ, ਉਹ ਸਿਰਫ਼ ਗਿੱਦੜ ਭਭਕੀਆਂ ਹੀ ਹੁੰਦੀਆਂ ਹਨ।

ਮਸਲਨ ਉਪਰੋਕਤ ਨਾਅਰਾ ਹੀ ਲੈ ਲਵੋ, ਕੀ ਨਾਅਰੇ ਲਾਉਣ ਵਾਲਿਆਂ ਵਿੱਚ ਹੈ ਇਹ ਤਾਕਤ ਜੋ ਹਾਕਮਾਂ ਦੀ ਧੌਣ 'ਤੇ ਗੋਡਾ ਰੱਖ ਸਕਦੇ ਹੋਣ? ਇਸਦੇ ਉਲਟ ਆਮ ਲੋਕਾਂ ਦਾ ਰੱਤ ਪੀ ਕੇ ਬਣੇ ਤਾਕਤਵਰ ਜਦੋਂ ਚਾਹੁਣ ਮਾੜੇ ਦੀ ਧੌਣ ਮਰੋੜ ਦਿੰਦੇ ਹਨ। ਤਾਜ਼ਾ ਉਦਾਹਰਨ ਤੁਹਾਡੇ ਸਾਹਮਣੇ ਹੈ। ਦੁਨੀਆ ਦਾ ਸਿਰਮੌਰ ਜਾਂ ਮੋਹਰੀ ਕਹਾਉਣ ਵਾਲਾ ਮੁਲਕ ਅਮਰੀਕਾ, ਉੱਥੋਂ ਦੇ ਹਾਕਮ ਅਤੇ ਕੁਝ ਗੋਰੀ ਚਮੜੀ ਵਾਲੇ ਭੇੜੀਏ, ਜਿਨ੍ਹਾਂ ਨੇ ਦੁਨੀਆ ਨੂੰ ਸੱਚ ਹੀ ਧੌਣ 'ਤੇ ਗੋਡਾ ਰੱਖ ਕੇ ਦਿਖਾ ਦਿੱਤਾ ਹੈ ਅਤੇ ਦੱਸ ਦਿੱਤਾ ਹੈ ਕਿ ਉਨ੍ਹਾਂ ਦੀ ਨਜ਼ਰ ਵਿੱਚ ਤੁਸੀਂ ਦੁੱਕੀ ਤਿੱਕੀ ਤੋਂ ਵੱਧ ਕੁਝ ਨਹੀਂ।

ਬੀਤੇ ਦਿਨੀਂ ਜੋ ਕੁਝ 'ਜੌਰਜ ਫਲੌਇਡ' ਨਾਲ ਵਾਪਰਿਆ, ਇਹ ਕੋਈ ਨਵੀਂ ਗੱਲ ਨਹੀਂ, ਬਹੁਤ ਲੰਮਾ ਇਤਿਹਾਸ ਹੈ ਇਸਦੇ ਪਿੱਛੇ। ਇਸਦੀ ਤਹਿ ਤਕ ਜਾਣ ਲਈ ਕਈ ਸਦੀਆਂ ਨੂੰ ਖੋਦਣਾ ਪੈਣਾ ਹੈ ਜੋ ਕਿ ਇੱਕ ਲੇਖ ਵਿੱਚ ਸਮੇਟਣਾ ਔਖਾ ਹੈ। ਪਰ ਕੋਸ਼ਿਸ਼ ਕਰਦੇ ਹਾਂ ਇਸ ਗੱਲ ਨੂੰ ਖੰਘਾਲਣ ਦੀ ਕਿ ਜੌਰਜ ਕੋਈ ਪਹਿਲਾ ਬੰਦਾ ਨਹੀਂ ਸੀ ਜੋ 'ਆਈ ਕਾਂਟ ਬਰੀਦ' (ਮੈਨੂੰ ਸਾਹ ਨਹੀਂ ਆ ਰਿਹਾ) ਕੁਰਲਾਉਂਦੇ ਹੋਏ ਨੂੰ ਸੀਨਾ ਜ਼ੋਰਾਂ ਨੇ ਜ਼ਿੰਦਗੀ ਦੀ ਚਲਦੀ ਗੱਡੀ ਤੋਂ ਧੱਕਾ ਦੇ ਦਿੱਤਾ ਹੋਵੇ।

ਅੱਜ ਦਾ ਅਮਰੀਕਾ ਦੁਨੀਆ ਦੇ ਪਰਵਾਸੀਆਂ ਲਈ ਸੁਪਨਿਆਂ ਦਾ ਦੇਸ਼ ਹੈ। ਪਰਵਾਸ ਕਰਨ ਦੀ ਚਾਹਤ ਵਾਲੇ ਨੂੰ ਨਿਊਯਾਰਕ ਦੀ ਰੌਸ਼ਨੀ, ਐੱਲ.ਏ. ਦੀਆਂ ਰੰਗੀਨ ਰਾਤਾਂ ਅਤੇ ਲਾਸ ਵੇਗਸ ਦੇ ਸ਼ਰਾਬ, ਕਬਾਬ, ਸ਼ਬਾਬ ਦੇ ਨਾਲ ਜੂਏਖ਼ਾਨੇ ਦੀਆਂ ਮਸਤੀਆਂ ਹੀ ਸੁਫ਼ਨਿਆਂ ਵਿੱਚ ਦਿਸਦੀਆਂ। ਪਰ ਹਰ ਚੰਗੀ ਦਿਸਣ ਵਾਲੀ ਚੀਜ਼ ਦਾ ਦੂਜਾ ਪੱਖ ਵੀ ਹੁੰਦਾ ਹੈ। ਜਿਸ ਨੂੰ ਜਾਂ ਤਾਂ ਸਮੇਂ ਦੇ ਹਾਕਮ ਲੁਕਾ ਲੈਂਦੇ ਹਨ, ਜਾਂ ਮੀਡੀਆ ਵਿਕ ਜਾਂਦਾ ਹੈ, ਜਾਂ ਫੇਰ ਕਿਸੇ ਵੀ ਚੀਜ਼ ਦੀ ਅੰਨ੍ਹੀ ਭਗਤੀ ਦੇਖਣ ਵਾਲੇ ਦੀਆਂ ਅੱਖਾਂ 'ਤੇ ਪਰਦਾ ਪਾ ਦਿੰਦੀ ਹੈ।

ਥੋੜ੍ਹਾ ਇਤਿਹਾਸ ਫਰੋਲਦੇ ਹਾਂ। ਅਗਸਤ 2020 ਵਿੱਚ 401 ਸਾਲ ਹੋ ਜਾਣਗੇ ਜਦੋਂ ਪਹਿਲੀ ਵਾਰ 1619 ਵਿੱਚ ਅਫ਼ਰੀਕਾ ਤੋਂ 20 ਕਾਲੀ ਚਮੜੀ ਵਾਲੇ (ਉਸੇ ਰੱਬ ਦੇ ਬਣਾਏ ਬੰਦਿਆਂ ਨੂੰ, ਜਿਸ ਨੇ ਚਿੱਟੀ ਚਮੜੀ ਵਾਲੇ ਵੀ ਬਣਾਏ ਹਨ) ਇਨਸਾਨਾਂ ਨੂੰ ਗੁਲਾਮ ਬਣਾ ਕੇ ਅਮਰੀਕਾ ਲਿਆਂਦਾ ਗਿਆ ਸੀ। ਪਰ ਉਸ ਤੋਂ ਬਾਅਦ ਅਮਰੀਕਾ ਨੂੰ ਆਬਾਦ ਕਰਵਾਉਣ ਲਈ ਅਣਗਿਣਤ ਕਾਲੀ ਚਮੜੀ ਦੇ ਇਨਸਾਨਾਂ ਨੂੰ ਜਾਨਵਰਾਂ ਵਾਂਗ ਸਮੁੰਦਰੀ ਜਹਾਜ਼ਾਂ ਵਿੱਚ ਲੱਦ-ਲੱਦ ਕੇ ਅਮਰੀਕਾ ਵਿੱਚ ਬਲਦਾਂ ਵਾਂਗ ਜੋਤਿਆ ਗਿਆ। ਹੱਦ ਤਾਂ ਉਦੋਂ ਹੋ ਗਈ ਸੀ ਜਦੋਂ ਇਹਨਾਂ ਚਿੱਟੀ ਚਮੜੀ ਵਾਲਿਆਂ ਨੇ 1662 ਵਿੱਚ ਇੱਕ ਕਾਨੂੰਨ ਹੀ ਪਾਸ ਕਰ ਦਿੱਤਾ ਕਿ ਅਮਰੀਕਾ ਵਿੱਚ ਹਰ ਜੰਮਣ ਵਾਲਾ ਬੱਚਾ ਉਹੀ ਹੈਸੀਅਤ ਰੱਖੇਗਾ ਜੋ ਹੈਸੀਅਤ ਸਰਕਾਰ ਵੱਲੋਂ ਉਸ ਦੀ ਮਾਂ ਨੂੰ ਮਿਲੀ ਹੋਈ ਹੈ। ਮਤਲਬ ਗੁਲਾਮ ਮਾਂ ਦਾ ਬੱਚਾ ਵੀ ਜਮਾਂਦਰੂ ਗੁਲਾਮ ਹੋਵੇਗਾ। ਮੁੱਕਦੀ ਗੱਲਕਿ ਅੱਜ ਦੇ ਅਮਰੀਕਾ ਦੀਆਂ ਨੀਂਹਾਂ ਵਿੱਚ ਗੁਲਾਮਾਂ ਦੇ ਖ਼ੂਨ ਵਿੱਚ ਭਿੱਜੀਆਂ ਉਨ੍ਹਾਂ ਦੇ ਹੱਡਾਂ ਰੂਪੀ ਇੱਟਾਂ ਨੂੰ ਉਨ੍ਹਾਂ ਦੀ ਹੀ ਚਮੜੀ ਦੇ ਸੀਮਿੰਟ ਵਿੱਚ ਮਿਲਾ ਕੇ ਵਰਤਿਆ ਗਿਆ ਹੈ।

ਕਹਿਣ ਨੂੰ ਅੱਜ ਤੋਂ 155 ਵਰ੍ਹੇ ਪਹਿਲਾਂ ਯਾਨੀ 1865 ਵਿੱਚ ਗੁਲਾਮੀ ਪ੍ਰਥਾ ਨੂੰ ਸ਼ਹਿ ਦਿੰਦਾ ਕਾਨੂੰਨ ਅਮਰੀਕਾ ਦੇ ਇਤਿਹਾਸ ਵਿੱਚੋਂ ਮਨਫ਼ੀ ਕਰ ਦਿੱਤਾ ਸੀ ਪਰ ਸਿਰਫ਼ ਕਾਗਜ਼ਾਂ ਵਿੱਚੋਂ। ਆਪਣੇ ਆਪ ਨੂੰ ਸਰਵਉੱਚ ਕਹਾਉਣ ਵਾਲੇ ਗੋਰੇ ਆਪਣੀ ਅੰਦਰੂਨੀ ਸੋਚ ਨੂੰ ਤਾਂ ਪੀੜ੍ਹੀ ਦਰ ਪੀੜ੍ਹੀ ਵਿਰਾਸਤ ਦੇ ਰੂਪ ਵਿੱਚ ਆਪਣੀ ਔਲਾਦ ਨੂੰ ਦਿੰਦੇ ਹੀ ਗਏ ਹਨ, ਜਿਸਦਾ ਸਬੂਤ ਉਹ ਪੁਲਿਸ ਵਾਲਾ 'ਡੇਰਿਕ ਚੌਵਿੰਨ' ਤੁਹਾਡੇ ਸਾਹਮਣੇ ਹੈ, ਜਿਸ ਵਿੱਚੋਂ ਵਰਦੀ ਦਾ ਹੰਕਾਰ ਸਾਫ਼ ਝਲਕਦਾ।

ਸਿਆਣੇ ਕਹਿੰਦੇ ਹਨ ਕਿ ਜੇ ਬੰਦੇ ਨੂੰ ਗੁੱਸਾ ਆਵੇ ਤਾਂ ਉਹ ਗਿਣਤੀ ਗਿਣਨ ਲੱਗ ਜਾਵੇ ਤੇ ਦਸ ਤਕ ਜਾਂਦੇ-ਜਾਂਦੇ ਉਸ ਦਾ ਗੁੱਸਾ ਸ਼ਾਂਤ ਹੋ ਜਾਂਦਾ। ਪਰ ਇੱਥੇ ਤਾਂ ਸੱਤ ਮਿੰਟ ਨਾ ਤਾਂ ਡੇਰਿਕ ਦਾ ਗੁੱਸਾ ਸ਼ਾਂਤ ਹੋਇਆ, ਨਾ ਉਸ ਦੇ ਨਾਲ ਮੌਕਾ ਵਾਰਦਾਤ ਤੇ ਖੜ੍ਹੇ ਹੋਰ ਪੁਲਿਸ ਵਾਲਿਆਂ ਨੂੰ ਤਰਸ ਆਇਆ। ਪਤਾ ਹੈ ਕਿਉਂ? ਕਿਉਂਕਿ ਉਨ੍ਹਾਂ ਦੇ ਦਿਮਾਗ਼ ਵਿੱਚ ਪੁਸ਼ਤਾਂ ਤੋਂ ਕਾਲਿਆਂ ਪ੍ਰਤੀ ਨਫ਼ਰਤ ਅਤੇ ਬੇਰਹਿਮੀ ਭਰੀ ਹੋਈ ਹੈ।

ਬਿਲਕੁਲ ਇਹੋ ਜਿਹਾ ਹੀ ਇੱਕ ਹਾਦਸਾ ਜੁਲਾਈ 2014 ਵਿੱਚ 'ਐਰਿਕ' ਨਾਂ ਦੇ ਇੱਕ ਕਾਲੀ ਚਮੜੀ ਵਾਲੇ ਨਾਲ 'ਡੈਨੀਅਲ' ਨਾਂ ਦੇ ਇੱਕ ਗੋਰੀ ਚਮੜੀ ਵਾਲੇ ਪੁਲਿਸ ਵਾਲੇ ਨੇ ਕੀਤਾ ਸੀ। ਉਸ ਨੇ ਵੀ 'ਐਰਿਕ' ਦੀ ਧੌਣ ਨੂੰ ਆਪਣੀ ਬਾਂਹ ਵਿੱਚ ਜਕੜ ਕੇ ਉੰਨੀ ਦੇਰ ਨਹੀਂ ਛੱਡਿਆ ਸੀ ਜਿੰਨੀ ਦੇਰ ਉਸ ਦੀ ਜਾਨ ਨਹੀਂ ਸੀ ਨਿਕਲ ਗਈ। ਇਸ ਦੌਰਾਨ ਐਰਿਕ ਵੀ ਉਹੀ ਵਾਕ ਦੁਹਰਾਉਂਦਾ ਰਿਹਾ ਜੋ ਹੁਣ ਜੌਰਜ ਮਰਨ ਤਕ ਕਹਿੰਦਾ ਰਿਹਾ 'ਆਈ. ਕਾਂਟ ਬਰੀਦ' (ਮੈਨੂੰ ਸਾਹ ਨਹੀਂ ਆ ਰਿਹਾ)।

ਜੂਡੋ ਖੇਡ ਵਿੱਚ ਕਿਸੇ ਦੀ ਧੌਣ ਦੁਆਲੇ ਇੰਝ ਬਾਂਹ ਪਾ ਕੇ ਘੁੱਟਣ ਨੂੰ 'ਚੋਕ ਹੋਲਡ' ਕਹਿੰਦੇ ਹਨ ਤੇ ਇੰਝ ਕਰਨਾ ਅਮਰੀਕਾ ਵਿੱਚ 1994 ਤੋਂ ਰੋਕ ਲੱਗੀ ਹੋਈ ਹੈ। ਪਰ ਫੇਰ ਵੀ ਇਸ ਪੁਲਿਸ ਵਾਲੇ ਨੇ ਐਰਿਕ ਦਾ ਕਤਲ ਕਰਨ ਲਈ ਇਹ ਪੈਂਤੜਾ ਵਰਤਿਆ। ਉਦੋਂ ਵੀ ਆਮ ਲੋਕਾਂ ਨੇ ਇੱਕ ਮੁਹਿੰਮ ਚਲਾਈ ਸੀ ਪਰ ਸਮੇਂ ਨਾਲ ਅਤੇ ਹਾਕਮਾਂ ਦੇ ਦਬਾਅ ਕਾਰਨ ਸਾਹ ਤੋੜ ਗਈ ਸੀ। ਹੁਣ ਵੀ ਸ਼ਾਂਤੀ ਨਾਲ ਪ੍ਰਦਰਸ਼ਨ ਕਰਨ ਵਾਲਿਆਂ ਦੇ ਰਬੜ ਦੀਆਂ ਗੋਲੀਆਂ ਤੋਂ ਲੈ ਕੇ ਹੋਰ ਵੀ ਕਈ ਕਿਸਮ ਦਾ ਧੱਕਾ ਕੀਤਾ ਜਾ ਰਿਹਾ ਹੈ। ਇੱਥੋਂ ਤਕ ਕਿ ਦੇਸ਼ ਦਾ ਰਾਸ਼ਟਰਪਤੀ ਪ੍ਰਦਰਸ਼ਨਕਾਰੀਆਂ ਨੂੰ ਟਵਿਟਰ 'ਤੇ ਸਿੱਧੀ ਧਮਕੀ ਵੀ ਦੇ ਰਿਹਾ ਹੈ ਕਿ ਜੇ ਨਾ ਟਿਕੇ ਤਾਂ ਅਸਲੀ ਗੋਲੀਆਂ ਚੱਲਣਗੀਆਂ।

ਸੋਚਣ ਵਾਲੀ ਗੱਲ ਹੈ ਕਿ ਜਦੋਂ ਇਸੇ ਮੈਨੀਸੋਟਾ ਰਾਜ ਵਿੱਚ ਬੀਤੇ ਦਿਨੀਂ ਲਾਕ ਡਾਊਨ ਦਾ ਵਿਰੋਧ ਕਰਦੇ ਕੁਝ ਕੁ ਗੋਰੇ ਮਸ਼ੀਨ ਗੰਨਾਂ ਲੈ ਕੇ ਰਾਜ ਦੀ ਰਾਜਧਾਨੀ ਦੀ ਇੱਕ ਸਰਕਾਰੀ ਇਮਾਰਤ ਵਿੱਚ ਚਲੇ ਗਏ ਸਨ ਤਾਂ ਇਸੇ ਪੁਲਿਸ ਨੇ ਕਿਸੇ ਦੀ ਧੌਣ 'ਤੇ ਗੋਡਾ ਨਹੀਂ ਰੱਖਿਆ ਤੇ ਜਦੋਂ ਇੱਕ ਕਾਲੇ ਦੀ ਕੋਈ ਫ਼ੋਨ 'ਤੇ ਸਿਰਫ਼ ਇਹ ਸ਼ਿਕਾਇਤ ਕਰ ਦਿੰਦਾ ਹੈ ਕਿ ਮੈਨੂੰ ਸ਼ੱਕ ਹੈ ਕਿ ਉਹ ਕੋਈ ਹੇਰਾ-ਫੇਰੀ ਕਰ ਰਿਹਾ ਹੈ ਤਾਂ ਉਹੀ ਪੁਲਿਸ ਬਿਨਾਂ ਪੜਤਾਲੇ ਧੌਣ 'ਤੇ ਗੋਡਾ ਰੱਖ ਕੇ ਕਤਲ ਕਰ ਦਿੰਦੀ ਹੈ।

ਇੱਥੇ ਸਕੂਨ ਦੀ ਗੱਲ ਇਹ ਹੈ ਕਿ ਵੱਡੀ ਗਿਣਤੀ ਵਿੱਚ ਗੋਰੇ ਵੀ ਕਾਲਿਆਂ ਦਾ ਸਾਥ ਦੇ ਰਹੇ ਹਨ। ਉਨ੍ਹਾਂ ਦੇ ਹੱਥਾਂ ਵਿੱਚ ਫੜੀਆਂ ਤਖ਼ਤੀਆਂ ਵੀ ਬੜੇ ਹਲੂਣੇ ਭਰੇ ਸੁਨੇਹੇ ਦੇ ਰਹੀਆਂ ਹਨ। ਜਿਵੇਂ ਕਿ- ਚੁੱਪ ਵੀ ਅਪਰਾਧ ਹੈ, ਗੋਰਿਆਂ ਦੀ ਚੁੱਪ ਵੀ ਅਪਰਾਧ ਹੈ, ਸ਼ਾਂਤੀ ਲਈ ਨਿਆਂ ਜ਼ਰੂਰੀ ਹੈ ਅਤੇ ਅਸੀਂ ਸਾਹ ਨਹੀਂ ਲੈ ਪਾ ਰਹੇ ਆਦਿ।

ਹੂਸਟਨ ਦੇ ਇੱਕ ਗੋਰੇ ਪੁਲਿਸ ਮੁਖੀ ਨੇ ਤਾਂ ਆਪਣੀ ਜੁਰਅਤ ਦਿਖਾਉਂਦੇ ਹੋਏ ਸਾਰਿਆਂ ਦਾ ਦਿਲ ਹੀ ਜਿੱਤ ਲਿਆ ਜਦੋਂ ਉਸ ਨੇ ਦੇਸ਼ ਦੇ ਰਾਸ਼ਟਰਪਤੀ ਨੂੰ ਇਹ ਕਹਿ ਦਿੱਤਾ ਕੇ ਜੇ ਤੁਹਾਨੂੰ ਚੰਗਾ ਬੋਲਣਾ ਨਹੀਂ ਆਉਂਦਾ ਤਾਂ ਆਪਣਾ ਮੂੰਹ ਬੰਦ ਰੱਖੋ, ਇਹ ਹਾਲੀਵੁੱਡ ਨਹੀਂ, ਅਸਲ ਜ਼ਿੰਦਗੀ ਹੈ। ਉਸ ਨੇ ਇਸ ਵਕਤ ਲੋਕਾਂ ਨੂੰ ਉਨ੍ਹਾਂ ਦੀ ਵੋਟ ਦੀ ਤਾਕਤ ਦਾ ਵੀ ਹਲੂਣਾ ਦਿੱਤਾ।

ਵੱਡੀ ਗਿਣਤੀ ਵਿੱਚ ਲੋਕਾਂ ਨੇ ਸੜਕਾਂ 'ਤੇ ਮੂਧੇ ਪੈ ਕੇ, ਆਪਣੇ ਹੱਥ ਪਿੱਛੇ ਰੱਖ ਕੇ, ਜੌਰਜ ਵਾਂਗ ਤਕਰੀਬਨ ਸੱਤ ਅੱਠ ਮਿੰਟ 'ਆਈ. ਕਾਂਟ ਬਰੀਦ' ਦੇ ਹਾਅ ਦੇ ਨਾਅਰੇ ਵੀ ਮਾਰੇ ਅਤੇ ਖ਼ੁਦ ਅਤੇ ਲੋਕਾਂ ਨੂੰ ਅਹਿਸਾਸ ਦੁਆਇਆ ਕਿ ਦੇਖੋ ਜੌਰਜ ਦਾ ਆਖ਼ਰੀ ਸਮਾਂ ਕਿੱਦਾਂ ਦਾ ਰਿਹਾ ਹੋਵੇਗਾ।

ਚੋਰ ਦਾ ਪੁੱਤ ਵੀ ਚੋਰ ਬਣੇ, ਇਹ ਜ਼ਰੂਰੀ ਨਹੀਂ ਹੈ। ਜੇ ਫੇਰ ਵੀ ਬਣਦਾ ਹੈ ਤਾਂ ਉਸ ਦਾ ਕਾਰਨ ਸਰਕਾਰਾਂ ਵੱਲੋਂ ਉਸ ਨੂੰ ਚੰਗਾ ਮਾਹੌਲ ਨਾ ਦਿੱਤਾ ਜਾਣਾ ਹੋ ਸਕਦਾ ਹੈ, ਜਾਂ ਫੇਰ ਉਸ ਦੇ ਆਲੇ ਦੁਆਲੇ ਵੱਲੋਂ ਉਸ ਨਾਲ ਕੀਤਾ ਵਿਹਾਰ ਮਾਅਨੇ ਰੱਖਦਾ ਹੈ।

ਕੱਲ੍ਹ ਹੀ ਇੱਕ ਕਾਲੀ ਚਮੜੀ ਵਾਲੇ ਇਨਸਾਨ ਦੀ ਇੰਟਰਵਿਊ ਸੁਣ ਰਿਹਾ ਸੀ ਤੇ ਉਹ ਕਹਿ ਰਿਹਾ ਸੀ ਕਿ ਤੁਹਾਨੂੰ ਪੁਲਿਸ ਨੂੰ ਦੇਖ ਕੇ ਰਾਹਤ ਮਿਲਦੀ ਹੋਣੀ ਹੈ ਕਿ ਆ ਗਏ ਸਾਡੇ ਰਖਵਾਲੇ ਪਰ ਸਾਨੂੰ ਤਾਂ ਬਚਪਨ ਵਿੱਚ ਮਾਵਾਂ ਇਹ ਸਿਖਾਉਂਦੀਆਂ ਹਨ ਕਿ ਜੇ ਕਦੇ ਪੁਲਿਸ ਮਗਰ ਲੱਗ ਜਾਵੇ ਤਾਂ ਭੱਜ ਲਵੀਂ ਜਾਂ ਲੁਕ ਕੇ ਆਪਣੀ ਜਾਨ ਬਚਾ ਲਵੀਂ, ਕਿਉਂਕਿ ਤੇਰੀ ਚਮੜੀ ਕਾਲੀ ਹੈ ਇਸ ਲਈ ਤੂੰ ਜਮਾਂਦਰੂ ਕਸੂਰਵਾਰ ਹੈਂ। ਉਸ ਇਨਸਾਨ ਦੀਆਂ ਗੱਲਾਂ ਵਿੱਚੋਂ ਜੋ ਲਾਚਾਰੀ ਝਲਕ ਰਹੀ ਸੀ, ਉਸ ਨੂੰ ਸੁਣ ਕੇ ਹੈਰਾਨੀ ਹੋ ਰਹੀ ਸੀ ਕਿ ਕੀ ਇਹ ਰਿਪਬਲਿਕ ਕਹਾਉਣ ਵਾਲੇ ਅਮਰੀਕਾ ਦਾ ਬਾਸ਼ਿੰਦਾ ਹੈ?

ਅਸੀਂ ਅਕਸਰ ਸੁਣਦੇ ਹਾਂ ਕਿ ਕਾਲੇ ਲੁੱਟਾਂ ਖੋਹਾਂ ਕਰਦੇ ਹਨ, ਜਦੋਂ ਮਰਜ਼ੀ ਕਿਸੇ ਨੂੰ ਕੁੱਟ ਦਿੰਦੇ ਹਨ, ਗੋਲੀ ਮਾਰਨ ਵਿੱਚ ਦੇਰੀ ਨਹੀਂ ਕਰਦੇ। ਪਰ ਕਦੇ ਸੋਚਿਆ ਹੈ ਕਿ ਇਸ ਪਿੱਛੇ ਕਾਰਨ ਕੀ ਹਨ। ਨਾ ਸਾਰੇ ਗੋਰੇ ਨਸਲਵਾਦੀ ਹਨ ਨਾ ਸਾਰੇ ਕਾਲੇ ਲੁਟੇਰੇ। ਅਜਿਹਾ ਕਰਨ ਵਾਲੇ ਉਹ ਲੋਕ ਹਨ, ਜਿਨ੍ਹਾਂ ਦੇ ਜ਼ਿਹਨ ਵਿੱਚ ਇਤਿਹਾਸ ਵਰੋਲੇ ਵਾਂਗ ਤਰਥੱਲੀ ਮਚਾਈ ਜਾਂਦਾ ਹੈ। ਰੂੜੀਵਾਦੀ ਗੋਰੇ ਆਪਣੀ ਸਰਵਉੱਚਤਾ ਦੀ ਹੈਂਕੜ ਨਹੀਂ ਛੱਡਦੇ ਤੇ ਸਦੀਆਂ ਤੋਂ ਸਤਾਏ ਕਾਲੇ ਆਪਣੇ 'ਤੇ ਹੋਏ ਅਣਮਨੁੱਖੀ ਵਰਤਾਰੇ ਦੀ ਅੱਗ ਸੀਨੇ ਵਿੱਚ ਲਈ ਫਿਰਦੇ ਹਨ। ਇੱਥੇ ਇੱਕ ਗੱਲ ਹੋਰ ਵਿਚਾਰਨ ਵਾਲੀ ਹੈ ਕਿ ਸਖ਼ਤ ਜ਼ਿੰਦਗੀ ਵਿੱਚੋਂ ਲੰਘੇ ਲੋਕ ਅਕਸਰ ਸਰੀਰਕ ਅਤੇ ਮਾਨਸਿਕ ਤੌਰ ਉੱਤੇ ਮਜ਼ਬੂਤ ਹੁੰਦੇ ਹਨ, ਜੋ ਕਿ ਅਸੀਂ ਅਕਸਰ ਦੇਖਦੇ ਹਾਂ। ਸ਼ਾਇਦ ਉਲੰਪਿਕ ਜਿਹੀਆਂ ਖੇਡਾਂ ਵਿੱਚ ਕਾਲੀ ਚਮੜੀ ਦਾ ਦਬਦਬਾ ਵੀ ਕਿਤੇ ਨਾ ਕਿਤੇ ਆਪਣੇ ਆਪ ਵਿੱਚ ਗੋਰਿਆਂ ਨੂੰ ਹਜ਼ਮ ਕਰਨਾ ਔਖਾ ਹੋਵੇ।

ਇਹੀ ਗੱਲ ਸਿੱਖ ਕੌਮ 'ਤੇ ਵੀ ਢੁੱਕਦੀ ਹੈ। ਸਿੱਖ ਕੌਮ ਵੀ ਕੰਡਿਆਂ ਦੀਆਂ ਸੇਜਾਂ ਵਿੱਚੋਂ ਪੈਦਾ ਹੋਈ ਹੈ। ਗੁਰੂ ਸਾਹਿਬਾਨਾਂ ਨੇ ਇਹੋ ਜਿਹਾ ਜਜ਼ਬਾ ਭਰਿਆ ਕਿ ਸਵਾ ਲੱਖ ਨਾਲ ਟੱਕਰ ਲੈਣ ਦੇ ਕਾਬਿਲ ਬਣਾ ਦਿੱਤਾ। ਤਾਂਹੀਂਓਂ ਸਮੇਂ ਦੇ ਹਾਕਮਾਂ ਦੀ ਅੱਖ ਵਿੱਚ ਰੜਕਦੀ ਰਹਿੰਦੀ ਹੈ। ਬਹੁਤ ਘੱਲੂਘਾਰੇ ਆਪਣੇ ਪਿੰਡੇ 'ਤੇ ਝੱਲ ਕੇ ਵੀ ਦੂਣ ਸਵਾਈ ਹੋਈ ਹੈ। ਪਰ ਅਮਰੀਕਾ ਨਾਲੋਂ ਸਾਡੇ ਹਾਕਮ ਸ਼ਾਤਰ ਨਿਕਲੇ। ਜਦੋਂ ਉਨ੍ਹਾਂ ਦੇਖਿਆ ਕਿ ਇਹ ਕੌਮ ਬਲ ਨਾਲ ਦਬਣ ਵਾਲੀ ਨਹੀਂ ਹੈ ਤਾਂ ਉਨ੍ਹਾਂ ਬੁੱਧੀ ਨਾਲ ਕੌਮ ਦੀ ਜਵਾਨੀ ਨੂੰ ਕਦੇ ਨਸ਼ਿਆਂ ਮਗਰ, ਕਦੇ ਨਚਾਰਾਂ ਮਗਰ ਤੇ ਹੁਣ ਤਾਂ ਹੱਦ ਹੀ ਕਰ ਦਿੱਤੀ, ਇਹਨਾਂ ਅਣਖੀ ਲੋਕਾਂ ਦਿਆਂ ਧੀਆਂ-ਪੁੱਤਾਂ ਨੂੰ ਖ਼ੁਦ ਹੀ ਨਚਾਰ ਬਣਾ ਕੇ ਟਿੱਕ ਟਾਕ 'ਤੇ ਨੱਚਣ ਲਾ ਦਿੱਤਾ। ਇਸ ਨੂੰ ਕਹਿੰਦੇ ਹਨ ਸੀਪ ਲਾਉਣੀ। ਇਸ ਨੂੰ ਮੰਨੋ ਤੇ ਭਾਵੇਂ ਨਾ ਮੰਨੋ, ਪਰ ਇਹ ਲੱਗ ਚੁੱਕੀ ਹੈ।

ਗੁਰਬਾਣੀ ਕਹਿੰਦੀ ਹੈ ਕਿ ਜੋ ਉਪਜਦਾ ਹੈ, ਉਸ ਨੇ ਬਿਨਸਣਾ ਵੀ ਹੈ। ਸਮੇਂ-ਸਮੇਂ ਸਿਰ ਮੁਹੰਮਦ ਅਲੀ ਜਿਹੇ ਇਨਸਾਨ ਵੀ ਪੈਦਾ ਹੁੰਦੇ ਰਹੇ ਹਨ, ਜਿਹਾਂ ਨੇ ਅਮਰੀਕਾ ਲਈ ਵੀਅਤਨਾਮ ਵਿੱਚ ਜਾ ਕੇ ਜੰਗ ਲੜਨ ਤੋਂ ਇਨਕਾਰ ਕਰ ਕੇ ਆਪਣਾ ਖੇਡ ਜੀਵਨ ਦਾਅ 'ਤੇ ਲਾ ਦਿੱਤਾ ਸੀ। ਮੰਡੇਲਾ ਵੀ ਇਸੇ ਦਰਦ ਦੀ ਇੱਕ ਚੀਕ ਵਿੱਚੋਂ ਨਿਕਲ ਕੇ ਇਤਿਹਾਸ ਸਿਰਜ ਗਿਆ। ਲਿੰਕਨ ਅਤੇ ਓਬਾਮਾ ਨੇ ਵੀ ਅਮਰੀਕਾ ਦੀ ਹਿੱਕ 'ਤੇ ਪੈੜਾਂ ਪਾ ਕੇ ਨਸਲਵਾਦੀਆਂ ਦਾ ਗ਼ਰੂਰ ਲਿਤਾੜਿਆ ਸੀ।

ਸਬੱਬੀਂ ਅਮਰੀਕਾ ਵਿੱਚ ਚੋਣਾਂ ਦਾ ਮਾਹੌਲ ਹੈ ਤੇ ਇਸ ਮੌਕੇ ਤੇ 'ਜੌਰਜ' ਦੀ ਇਹ ਕੁਰਬਾਨੀ ਲੱਗਦਾ ਆਪਣਾ ਰੰਗ ਦਿਖਾਏਗੀ। ਅੱਜ ਤਾਂ ਦਿਖਾਵੇ ਲਈ ਲੋਕ ਸੜਕਾਂ 'ਤੇ ਆਏ ਹਨ ਪਰ ਜਦੋਂ ਇਹ ਲੋਕ ਬੁਲਟ ਦੇ ਜਵਾਬ ਵਿੱਚ ਬੈਲਟ ਪੇਪਰ ਚਲਾਉਣਗੇ ਤਾਂ ਕਈਆਂ ਦਾ ਗ਼ਰੂਰ ਟੁੱਟੇਗਾ। ਹੋ ਸਕਦਾ ਹੈ 'ਜੌਰਜ' ਲੋਕਾਂ ਵੰਡੇ ਦੇ ਔਖੇ ਸਾਹ ਆਪ ਭੋਗ ਕੇ ਦੂਜਿਆਂ ਲਈ ਆਜ਼ਾਦ ਫਿਜ਼ਾ ਸਿਰਜ ਗਿਆ ਹੋਵੇ।

ਇਹ ਸਮੱਸਿਆ ਤਾਂ ਆਪਾਂ ਵਿਚਾਰ ਲਈ ਪਰ ਇਸਦੇ ਹੱਲ ਕੀ ਹੋ ਸਕਦੇ ਹਨ? ਜਦੋਂ ਇਸ ਬਾਰੇ ਆਪਣੇ ਮਿੱਤਰ ਮੰਡਲੀ ਵਿੱਚ ਵਿਚਾਰ ਕਰ ਰਿਹਾ ਸਾਂ ਤਾਂ ਬਹੁਤ ਸੁਝਾਅ ਮਿਲੇ, ਜਿਨ੍ਹਾਂ ਵਿੱਚੋਂ ਇੱਕ ਸੁਝਾਅ ਦਾ ਮੈਂ ਇੱਥੇ ਜ਼ਿਕਰ ਕਰਨਾ ਚਾਹਾਂਗਾ। ਇਤਿਹਾਸ ਵੀ ਦੋ ਕਿਸਮ ਦੇ ਹੁੰਦੇ ਹਨ, ਇੱਕ ਸਹੀ ਜਾਂ ਲੋਕਾਂ ਦਾ ਇਤਿਹਾਸ ਤੇ ਦੂਜਾ ਹਾਕਮਾਂ ਦਾ ਇਤਿਹਾਸ। ਹਾਕਮ ਸਦਾ ਹੀ ਆਪਣੀ ਮਰਜ਼ੀ ਦੇ ਇਤਿਹਾਸ ਨੂੰ ਅਗਲੀ ਪੀੜ੍ਹੀ 'ਤੇ ਥੋਪਦੇ ਹਨ। ਜੇਕਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਹੀ ਇਤਿਹਾਸ, ਜੋ ਵਾਪਰਿਆ, ਉਹ ਸਕੂਲਾਂ ਵਿੱਚ ਪੜ੍ਹਾਇਆ ਜਾਵੇ ਤਾਂ ਉਹ ਆਪਣੀ ਬੁੱਧੀ ਵਿਕਸਤ ਕਰ ਸਕਣ।

ਹੁਣ ਤੁਸੀਂ ਸੋਚ ਕੇ ਦੇਖੋ ਜੇ ਸਾਰੇ ਮੁਲਕ ਸਹੀ ਇਤਿਹਾਸ ਆਪਣੇ ਸਕੂਲਾਂ ਵਿੱਚ ਲਾਗੂ ਕਰ ਦੇਣ ਤਾਂ ਉਹ ਕਿਹੋ ਜਿਹਾ ਹੋਵੇਗਾ; ਇੰਗਲੈਂਡ ਦੇ ਬੱਚੇ ਪੜ੍ਹਿਆ ਕਰਨਗੇ ਕਿ ਇੰਗਲੈਂਡ ਦੀਆਂ ਬਸਤੀਆਂ ਬਣਾਉਣ ਲਈ ਲੱਖਾਂ ਧੌਣਾਂ ਵੱਢੀਆਂ ਗਈਆਂ, ਬੇ-ਦੋਸ਼ਿਆਂ ਦੇ ਖ਼ੂਨ ਦੀਆਂ ਨਦੀਆਂ ਬਹਾ ਦਿੱਤੀ ਗਈਆਂ। ਇੰਨਾ ਲਹੂ ਬਹਾਉਣ ਕਾਰਨ ਇੱਥੋਂ ਦੀ ਮਹਾਰਾਣੀ ਸਦਾ ਦਸਤਾਨੇ ਪਾ ਕੇ ਰੱਖਦੀ ਹੈ, ਕਿਤੇ ਲੋਕ ਉਸ ਦੇ ਲਹੂ ਰੰਗੇ ਹੱਥ ਦੇਖ ਨਾ ਲੈਣ। ਉੱਥੇ ਇਹ ਵੀ ਪੜ੍ਹਾਇਆ ਜਾਵੇਗਾ ਕਿ ਭਗਤ ਸਿੰਘ ਤੇ ਊਧਮ ਸਿੰਘ ਸ਼ਹੀਦ ਸਨ ਨਾ ਕਿ ਅੱਤਵਾਦੀ।

ਪੰਜਾਬ ਦਾ ਇਤਿਹਾਸ ਇੰਝ ਲਿਖਿਆ ਹੋਵੇ ਕਿ 47 ਵਿੱਚ ਹਿੰਦੁਸਤਾਨ ਤੇ ਪਾਕਿਸਤਾਨ ਨਹੀਂ ਬਣੇ ਸਨ, ਅਸਲ ਵਿੱਚ ਤਾਂ ਹਾਕਮ ਪੰਜਾਬੀਆਂ ਤੋਂ ਡਰਦੇ ਸਨ। ਜਿਨ੍ਹਾਂ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਆਜ਼ਾਦੀ ਲੈ ਕੇ ਦਿੱਤੀ, ਉਸ ਦੇ ਇਨਾਮ ਵਿੱਚ ਦਸ ਲੱਖ ਪੰਜਾਬੀ ਵੱਢ ਕੇ ਉਨ੍ਹਾਂ ਦਾ ਖ਼ੂਨ ਵੰਡਿਆ ਗਿਆ। 84 ਵਿੱਚ ਵੀ ਹਾਕਮ ਦੀ ਹਉਮੈ ਸ਼ਾਂਤ ਕਰਨ ਲਈ ਪੂਰੀ ਇੱਕ ਪੀੜ੍ਹੀ ਦਾ ਅਣਮਨੁੱਖੀ ਘਾਣ ਕਰ ਦਿੱਤਾ। ਨਿਹੱਥੇ ਲੋਕਾਂ ਦੇ ਗਲ਼ਾਂ ਵਿੱਚ ਟਾਇਰ ਪਾ ਕੇ ਕਿਵੇਂ ਅੱਗਾਂ ਲਾਈਆਂ ਸਨ, ਪੜ੍ਹਾਇਆ ਜਾਵੇਗਾ ਤਾਂ ਬੱਚਾ ਵੱਡਾ ਹੋ ਕੇ ਜਦੋਂ ਕੁਝ ਬਣੇਗਾ ਤਾਂ ਉਸ ਨੂੰ ਇਨ੍ਹਾਂ ਕੁ ਗਿਆਨ ਤਾਂ ਹੋਵੇਗਾ ਕਿ ਸਹੀ ਕੀ ਸੀ ਤੇ ਗ਼ਲਤ ਕੀ ਹੈ।

ਅੰਤ ਵਿੱਚ ਆਪ ਸਭ ਨੂੰ ਇੱਕ ਸਵਾਲ ਅਤੇ ਬੇਨਤੀ ਹੈ ਕਿ ਦੁਨੀਆ ਭਰ ਵਿੱਚ ਜੋ ਵਿਹਾਰ ਵੱਧ ਗਿਣਤੀ ਵਾਲੇ ਘੱਟ ਗਿਣਤੀਆਂ ਨਾਲ ਕਰਦੇ ਹਨ, ਕੀ ਤੁਸੀਂ ਉਹ ਖ਼ੁਦ ਤੇ ਝੱਲ ਸਕਦੇ ਹੋ? ਜੇ ਇਸਦਾ ਜਵਾਬ 'ਨਹੀਂ' ਹੈ ਤਾਂ ਫੇਰ ਚੁੱਪ ਕਿਉਂ? ਜਿਵੇਂ ਕਿ ਸਿਆਣੇ ਕਹਿੰਦੇ ਹਨ ਕਿ ਚੁੱਪ ਵੀ ਇੱਕ ਅਪਰਾਧ ਹੈ। ਸੋ ਹੁਣ ਵੇਲਾ ਹੈ ਆਪਣਾ ਪੱਖ ਰੱਖਣ ਦਾ। ਇਸ ਲਈ ਹਿੰਸਕ ਹੋਣ ਦੀ ਲੋੜ ਨਹੀਂ। ਅੱਜ ਤੁਹਾਡੇ ਕੋਲ ਆਪਣੇ ਵਿਚਾਰ ਰੱਖਣ ਲਈ ਤੇ ਰੋਸ ਜ਼ਾਹਿਰ ਕਰਨ ਲਈ ਸੋਸ਼ਲ ਮੀਡੀਆ ਹੈ। ਜੇ ਅਸੀਂ ਅੱਜ ਕਿਸੇ ਲਈ ਹਾਅ ਦਾ ਨਾਅਰਾ ਮਾਰਾਂਗੇ ਤਾਂ ਕੱਲ੍ਹ ਨੂੰ ਉਹ ਵੀ ਸਾਡੇ ਨਾਲ ਖੜ੍ਹਨਗੇ। ਸੋ ਆਓ ਜਾਰਜ ਦੀ ਇਸ ਕੁਰਬਾਨੀ ਨੂੰ ਅਜਾਈਂ ਨਾ ਜਾਣ ਦੇਈਏ ਤੇ ਹਿੱਕ ਠੋਕ ਕੇ ਕਹੀਏ, ਅਸੀਂ ਬਾਬੇ ਨਾਨਕ ਦੇ ਵਾਰਿਸ ਹਾਂ ਤੇ ਉਨ੍ਹਾਂ ਦੇ ਸ਼ਬਦਾਂ 'ਤੇ ਪਹਿਰਾ ਦਿੰਦੇ ਹਾਂ:

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥

- ਮਿੰਟੂ ਬਰਾੜ

Nlight Financial

# Insurance



Are you paying too much for Auto, Home, Business, Workman Compensation, Contractors, General Liability, E&O ?

Call us today for complimentary analysis of your policy.

## NLight Financial LLC



Sharanjit Singh Thind
Licensed Insurance Broker/ Notary Public
(Service with Honesty & Smile, Since 2012)

1900, Hempstead Tpke., Suite 306
East Meadow, New York 11554
Cell: 917 612 3158 Tel Fax: 516 246 9022
Email: info@nlightfin.com
www.nlightfin.com

# ਨਵੇਂ ਆਰਡੀਨੈਂਸ

## ਪੇਂਡੂ ਸਭਿਅਤਾ ਦਾ ਅਸਰ ਹੋਰ ਵੀ ਡੂੰਘਾ ਹੋਵੇਗਾ



ਇਸ ਮਹੀਨੇ ਜਾਰੀ ਕੀਤੇ ਤਿੰਨ ਆਰਡੀਨੈਂਸਾਂ ਦੇ ਰੂਪ ਵਿਚ ਕੇਂਦਰੀ ਹਕੂਮਤ ਨੇ ਕਿਸਾਨਾਂ ਦੀ ਆਜ਼ਾਦੀ/ਭਲਾਈ ਦੇ ਨਾਂ ਹੇਠ ਮੁਲਕ ਭਰ ਦੀ ਕਿਸਾਨੀ, ਖਾਸ ਕਰ ਛੋਟੀ ਤੇ ਦਰਮਿਆਨੀ ਕਿਸਾਨੀ ਦੀ ਮੌਤ ਦੇ ਵਰੰਟ ਜਾਰੀ ਕਰ ਦਿੱਤੇ ਹਨ। ਇਸ ਤੋਂ ਕੁੱਝ ਦਿਨ ਪਹਿਲਾਂ ਕਰੋਨਾ ਸੰਕਟ ਦੌਰਾਨ ਹੀ ਮੋਦੀ ਹਕੂਮਤ ਨੇ ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਨੂੰ ਤੇਜ਼ ਕਰਦਿਆਂ ਵੱਡੇ ਸਰਕਾਰੀ ਅਦਾਰਿਆਂ ਨੂੰ ਦੇਸੀ ਬਿਦੇਸ਼ੀ ਵਪਾਰਕ ਘਰਾਣਿਆਂ ਨੂੰ ਵੇਚਣ ਸਮੇਤ ਕਿਰਤ ਕਾਨੂੰਨਾਂ ਦਾ ਭੋਗ ਪਾਉਣ ਲਈ ਵੀ ਅਜਿਹੇ ਫੈਸਲੇ ਕੀਤੇ ਹਨ। ਕੇਂਦਰੀ ਕੈਬਨਿਟ ਨੇ ਕਿਸਾਨਾਂ ਦੀ ਆਜ਼ਾਦੀ ਤੇ ਖੁਸ਼ਹਾਲੀ ਦੇ ਨਾਂ ਤੇ ਜਿਨ੍ਹਾਂ ਤਿੰਨ ਆਰਡੀਨੈਂਸਾਂ ਨੂੰ ਮਨਜ਼ੂਰੀ ਦਿੱਤੀ ਹੈ, ਉਨ੍ਹਾਂ ਵਿਚ ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰੋਮੋਸ਼ਨ ਐਂਡ ਫੈਸਿਲੀਟੇਸ਼ਨ) ਆਰਡੀਨੈਂਸ-2020, ਫਾਰਮਰਜ਼ (ਇੰਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਆਨ ਪ੍ਰਾਈਸ ਐਸ਼ੋਰੈਂਸ ਐਂਡ ਫਾਰਮ ਸਰਵਿਸਜ਼ ਅਰਡੀਨੈਂਸ-2020 ਅਤੇ ਜ਼ਰੂਰੀ ਵਸਤਾਂ ਬਾਰੇ ਸੋਧ ਕਾਨੂੰਨ-1955 ਵਿਚ ਸੋਧ ਲਈ ਅਸੈਂਸ਼ੀਅਲ ਕੋਮੋਡਿਟੀਜ਼ (ਅਮੈਂਡਮੈਂਟ) ਆਰਡੀਨੈਂਸ ਸ਼ਾਮਲ ਹਨ। ਇਨ੍ਹਾਂ ਆਰਡੀਨੈਂਸਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਾਅਦ ਨੋਟੀਫਾਈ ਵੀ ਕਰ ਦਿੱਤਾ ਗਿਆ ਹੈ। ਇਨ੍ਹਾਂ ਨੂੰ ਮਨਜ਼ੂਰੀ ਦੇਣ ਵੇਲੇ ਕੇਂਦਰੀ ਸਰਕਾਰ ਦੇ ਬੁਲਾਰਿਆਂ ਨੇ ਵੱਡੇ ਵੱਡੇ ਦਾਅਵੇ ਕੀਤੇ ਹਨ ਕਿ ਕਿਸਾਨ ਹੁਣ ਆਪਣੀਆਂ ਫਸਲਾਂ ਕਿਸੇ ਵੀ ਰਾਜ ਵਿਚ ਲਿਜਾ ਕੇ ਵੇਚ ਸਕਣਗੇ; ਈ-ਟ੍ਰੇਡਿੰਗ ਰਾਹੀਂ ਆਪਣੀ ਫਸਲ ਦਾ ਅਗਾਊਂ ਸੌਦਾ ਸਿੱਧਾ ਵਪਾਰੀ ਨਾਲ ਕਰ ਸਕਣਗੇ; ਇੰਸਪੈਕਟਰੀ ਰਾਜ ਜਾਂ ਵਿਚੋਲੇ ਦੀ ਭੂਮਿਕਾ ਖਤਮ ਕਰ ਦਿੱਤੀ ਗਈ ਹੈ, ਇਤਿਆਦਿ।

ਪੂਰੇ ਮੁਲਕ ਅੰਦਰ 14 ਕਰੋੜ ਕਿਸਾਨਾਂ ਵਿਚੋਂ 85% ਕਿਸਾਨ 2.5 ਏਕੜ ਤੋਂ ਘੱਟ ਦੀਆਂ ਛੋਟੀਆਂ ਜੋਤਾਂ ਦੀ ਮਾਲਕੀ ਵਾਲੇ ਹਨ ਜੋ ਬਹੁਤ ਘੱਟ ਸਾਧਨਾਂ ਵਾਲੇ ਜਾਂ ਬਿਲਕੁਲ ਸਾਧਨਹੀਣ ਹਨ। ਇਹ ਕਿਸਾਨ ਆਪਣੀ ਫਸਲ ਦੂਜੇ ਰਾਜ ਤਾਂ ਕੀ, ਨੇੜਲੀ ਮੰਡੀ ਵਿਚ ਲਿਜਾਣ ਲਈ ਵੀ ਕਿਸੇ ਦੂਸਰੇ ਉੱਪਰ ਨਿਰਭਰ ਹਨ। ਅਸਲ ਵਿਚ ਇਹ ਆਰਡੀਨੈਂਸ ਅਤੇ ਕਾਨੂੰਨ ਵਿਚ ਸੋਧਾਂ ਵਪਾਰੀਆਂ ਦੇ ਹਿੱਤਾਂ ਵਿਚ ਜਾਰੀ ਕੀਤੇ/ਸੋਧੇ ਗਏ ਹਨ। ਅਮਰੀਕਾ ਅਤੇ ਯੂਰੋਪ ਦੇ ਅਮੀਰ ਮੁਲਕਾਂ ਅੰਦਰ ਅਜਿਹੇ ਕਾਨੂੰਨ ਪਹਿਲਾਂ ਹੀ ਲਾਗੂ ਹਨ ਅਤੇ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੇ ਹਨ, ਹਾਲਾਂਕਿ ਅਮੀਰ ਮੁਲਕਾਂ ਅੰਦਰ ਸਾਡੇ ਮੁਲਕ ਵਾਂਗ ਛੋਟੀ ਤੇ ਦਰਮਿਆਨੀ ਕਿਸਾਨੀ ਬਹੁਤ ਘੱਟ ਹੈ। ਸਾਡੇ ਮੁਲਕ ਅੰਦਰ 30 ਸਾਲ ਪਹਿਲਾਂ ਜਦ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਨਵੀਂ ਨੀਤੀ ਲਾਗੂ ਕੀਤੀ ਸੀ, ਉਸ ਸਮੇਂ ਤੋਂ ਲੈ ਕੇ ਹੁਣ ਤੱਕ ਹਰ ਰੋਜ਼ 2045 ਕਿਸਾਨ ਪਰਿਵਾਰ ਖੇਤੀ ਕਿੱਤੇ ਵਿਚੋਂ ਬਾਹਰ ਹੋ ਜਾਣ ਲਈ ਮਜਬੂਰ ਹਨ। ਰੋਜ਼ਾਨਾ 46 ਕਿਸਾਨ ਖੁਦਕੁਸ਼ੀ ਕਰਨ ਲਈ ਸਰਾਪੇ ਹੋਏ ਹਨ। 1991 ਵਿਚ 11 ਕਰੋੜ ਕਿਸਾਨ ਪਰਿਵਾਰ ਖੇਤੀ ਕਰਦੇ ਸਨ ਜੋ 2011 ਵਿਚ ਘਟ ਕੇ 9 ਕਰੋੜ 58 ਲੱਖ ਕਿਸਾਨ ਪਰਿਵਾਰ ਹੀ ਖੇਤੀ ਕਿੱਤੇ ਵਿਚ ਰਹਿ ਗਏ ਹਨ; ਅਰਥਾਤ ਇਸ ਅਰਸੇ ਦੌਰਾਨ ਇੱਕ ਕਰੋੜ 42 ਲੱਖ ਕਿਸਾਨ ਪਰਿਵਾਰ ਖੇਤੀ ਕਿਤੇ ਵਿਚੋਂ ਬਾਹਰ ਧੱਕ ਦਿਤੇ ਗਏ, ਜਦਕਿ ਅਜੇ ਵੀ 53% (60 ਕਰੋੜ) ਪੇਂਡੂ ਵਸੋਂ ਖੇਤੀ ਉੱਪਰ ਨਿਰਭਰ ਹੈ।

ਦੇਸ਼ ਦੀ ਕੁਲ਼ ਘਰੇਲੂ ਪੈਦਾਵਰ ਵਿਚ ਖੇਤੀ ਖੇਤਰ ਦਾ ਹਿੱਸਾ ਘਟ ਕੇ ਮਹਿਜ਼ 10% ਰਹਿ ਗਿਆ ਹੈ। ਹੁਣ ਖੇਤੀ ਉਤਪਾਦਾਂ ਦੀ ਮੰਡੀ ਵੀ ਵਪਾਰੀਆਂ ਦੇ ਹਵਾਲੇ ਕਰ ਕੇ ਕਿਸਾਨਾਂ ਨੂੰ ਹੋਰ ਵਧੇਰੇ ਲੁੱਟ ਹੋ ਜਾਣ ਲਈ ਉਨ੍ਹਾਂ ਦੇ ਰਹਿਮੋ-ਕਰਮ ਤੇ ਛੱਡ ਦਿੱਤਾ ਹੈ। ਛੋਟੀ ਕਿਸਾਨੀ ਦੇ ਬਚਣ ਦਾ ਆਧਾਰ ਸਿਰਫ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਘੱਟੋ-ਘੱਟ ਕੀਮਤਾਂ (ਖੇਤੀ ਲਾਗਤਾਂ+50% ਮੁਨਾਫਾ) ਨਿਰਧਾਰਤ ਕਰਨ ਦਾ ਪੈਮਾਨਾ ਸੀ ਜਿਸ ਨੂੰ ਸਰਕਾਰਾਂ ਦੇ ਕਦੇ ਵੀ ਇਮਨਦਾਰੀ ਨਾਲ ਲਾਗੂ ਨਹੀਂ ਕੀਤਾ। ਕਿਸਾਨ ਪੰਜਾਬ ਤੋਂ ਲੈ ਕੇ ਦਿੱਲੀ ਤੱਕ ਆਪਣੀ ਆਵਾਜ਼ ਉਠਾ ਰਹੇ ਹਨ ਕਿ ਸਵਾਨੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣ, ਕਿਸਾਨਾਂ-ਮਜ਼ਦੂਰਾਂ ਸਿਰ ਚੜ੍ਹਿਆ ਸਰਕਾਰੀ ਤੇ ਗੈਰ-ਸਰਕਾਰੀ ਕਰਜਾ ਖਤਮ ਕੀਤਾ ਜਾਵੇ। ਇਨ੍ਹਾਂ ਮੰਗਾਂ ਨੂੰ ਲਾਗੂ ਕਰਨ ਦੇ ਵਾਅਦਿਆਂ ਨੂੰ ਕਾਂਗਰਸ ਅਤੇ ਬੀਜੇਪੀ ਸਮੇਤ ਸਾਰੀਆਂ ਪਾਰਲੀਮਾਨੀ ਪਾਰਟੀਆਂ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਦਰਜ ਕੀਤਾ ਹੈ। ਮੋਦੀ ਸਰਕਾਰ ਨੇ ਇਨ੍ਹਾਂ ਆਰਡੀਨੈਂਸਾਂ ਰਾਹੀਂ 'ਸ਼ਾਂਤਾ ਕੁਮਾਰ ਕਮੇਟੀ' ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। ਇਸ ਕਮੇਟੀ ਨੇ ਜਨਤਕ ਵੰਡ ਪ੍ਰਣਾਲੀ ਦਾ ਹਿੱਸਾ 67% ਤੋਂ ਘਟਾ ਕੇ 40% ਕਰਨ, ਰਾਜਾਂ ਨੂੰ ਕਿਸਾਨਾਂ ਨੂੰ ਫਸਲਾਂ ਉੱਪਰ ਬੋਨਸ ਦੇਣ ਤੋਂ ਰੋਕਣ, ਫਸਲਾਂ ਦੀ ਖਰੀਦ ਐੱਫਸੀਆਈ ਤੋਂ ਬੰਦ ਕਰਕੇ ਰਾਜਾਂ ਨੂੰ ਦੇਣ, ਚੌਲਾਂ ਦੀ ਕੀਮਤ ਘੱਟ ਕਰਨ, ਖਾਦਾਂ ਉੱਪਰ ਸਬਸਿਡੀ ਘਟਾਉਣ, ਫਸਲ਼ਾਂ ਦੀ ਸੰਭਾਲ ਲਈ ਸਰਕਾਰੀ ਗੁਦਾਮਾਂ ਦੀ ਥਾਂ ਪ੍ਰਾਈਵੇਟ ਗੁਦਾਮ ਉਸਾਰਨ ਆਦਿ ਬਾਰੇ ਅੱਠ ਸਿਫਾਰਸ਼ਾਂ ਕੀਤੀਆਂ ਸਨ।

ਕਿਸਾਨ ਪਹਿਲਾਂ ਹੀ ਸਮੇਂ ਸਮੇਂ ਦੀਆਂ ਸਰਕਾਰਾਂ ਦੀਆਂ ਲਾਗੂ ਕੀਤੀਆਂ ਜਾ ਰਹੀਆਂ ਕਿਸਾਨ-ਮਜ਼ਦੂਰ ਵਿਰੋਧੀ ਨੀਤੀਆਂ ਕਾਰਨ ਬੁਰੀ ਤਰ੍ਹਾਂ ਕਰਜ਼ੇ ਦੇ ਮੱਕੜ ਜਾਲ ਵਿਚ ਫਸੇ ਹੋਏ ਹਨ। ਸਿਰਫ ਪੰਜਾਬ ਦੇ ਕਿਸਾਨਾਂ ਸਿਰ ਹੀ ਇਕ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਹੈ। ਪੂਰੇ ਮੁਲਕ ਦੇ ਕਿਸਾਨਾਂ ਸਿਰ 30 ਸਤੰਬਰ 2016 ਤੱਕ 12.6 ਲੱਖ ਕਰੋੜ ਦਾ ਕਰਜ਼ਾ ਸੀ ਜੋ ਅਮਰ ਵੇਲ ਵਾਂਗ ਲਗਾਤਾਰ ਵਧ ਰਿਹਾ ਹੈ। ਨਾਬਾਰਡ ਦੀ 2018 ਦੀ ਰਿਪੋਰਟ ਅਨੁਸਾਰ 52.5% ਕਿਸਾਨ ਕਰਜ਼ੇ ਥੱਲੇ ਦੱਬੇ ਹੋਏ ਹਨ। ਹਰ ਕਿਸਾਨ ਪਰਿਵਾਰ ਸਿਰ ਔਸਤਨ 1.04 ਲੱਖ ਦਾ ਕਰਜ਼ਾ ਹੈ। ਸਿੱਟੇ ਵਜੋਂ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ 2005 ਦੇ ਰਿਕਾਰਡ ਅਨੁਸਾਰ 3,21,428 ਕਿਸਾਨ-ਮਜ਼ਦੂਰ ਖੁਦਕਸ਼ੀਆਂ ਕਰਨ ਲਈ ਮਜਬੂਰ ਹੋਏ ਹਨ। ਸੋਨ-ਰੰਗੀਆਂ ਫਸਲਾਂ ਦੀ ਥਾਂ ਖੁਦਕਸ਼ੀਆਂ ਦੀ ਖੇਤੀ ਉੱਗ ਰਹੀ ਹੈ। ਇਸ ਕਰਕੇ ਕਿਸਾਨਾਂ ਦੀਆਂ ਮੁੱਖ ਮੰਗਾਂ, ਕਿਸਾਨ ਪੱਖੀ ਖੇਤੀ ਨੀਤੀ, ਸਾਰੀਆਂ ਫਸਲਾਂ ਦੇ ਲਾਹੇਬੰਦੇ ਭਾਅ, ਸਾਰੀਆਂ ਫਸਲਾਂ ਦੀ ਘੱਟੋ-ਘੱਟੋ ਭਾਅ ਨਿਸ਼ਚਤ ਕਰਨ ਤੇ ਖਰੀਦ ਕਰਨਾ ਯਕੀਨੀ ਬਣਾਉਣਾ, ਫਸਲੀ ਬੀਮਾ ਸਹੀ ਢੰਗ ਨਾਲ (ਖੇਤ ਨੂੰ ਇਕਾਈ ਮੰਨ ਕੇ) ਲਾਗੂ ਕਰਵਾਉਣਾ, ਬਿਨਾਂ ਵਿਆਜ ਫਸਲੀ ਕਰਜ਼ਾ ਦੇਣਾ, ਕਿਸਾਨਾਂ-ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ 'ਤੇ ਲਕੀਰ ਮਾਰਨਾ ਹਨ। ਇਕ ਹੋਰ ਮੰਗ, ਜੋ ਪਿਛਲੇ ਸਾਲ ਮੁਲਕ ਭਰ ਦੇ ਹਜ਼ਾਰਾਂ ਕਿਸਾਨਾਂ ਨੇ ਦਿਲੀ ਜੰਤਰ ਮੰਤਰ ਵਿਖੇ ਦੋ ਰੋਜ਼ਾ ਕਿਸਾਨ ਸੈਸ਼ਨ ਦੌਰਾਨ ਕੀਤੀ ਸੀ ਕਿ ਖੇਤੀ (ਪੇਂਡੂ ਸੱਭਿਅਤਾ) ਦੇ ਸੰਕਟ ਨੂੰ ਸੰਬੋਧਿਤ ਹੋਣ ਲਈ ਪਾਰਲੀਮੈਂਟ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਜਾਵੇ, ਵੀ ਮਹੱਤਵਪੂਰਨ ਹੈ। ਅਨਾਜ, ਖੁਰਾਕੀ ਤੇਲਾਂ, ਦਾਲਾਂ, ਆਲੂ ਤੇ ਪਿਆਜ ਨੂੰ ਜ਼ਰੂਰੀ ਵਸਤਾਂ ਦੇ ਘੇਰੇ ਵਿਚੋਂ ਬਾਹਰ ਕੱਢਣਾ ਵੀ ਜ਼ਖੀਰੇਬਾਜ਼ਾਂ ਦੇ ਹਿੱਤਾਂ ਦੀ ਪੂਰਤੀ ਦਾ ਸੰਦ ਹੀ ਬਣੇਗਾ ਕਿਉਂਕਿ ਜਦ ਸਰਕਾਰੀ ਕੰਟਰੋਲ ਹੇਠ ਹੋਣ ਦੇ ਬਾਵਜੂਦ ਜ਼ਖੀਰੇਬਾਜ਼ ਅਖੌਤੀ ਤੋਟ ਦਾ ਬਹਾਨਾ ਬਣਾ ਕੇ ਪਿਆਜ 150 ਤੱਕ ਅਤੇ ਆਲੂ 50 ਰੁਪਏ ਤੱਕ ਵੇਚ ਕੇ ਅਰਬਾਂ ਖਰਬਾਂ ਰੁਪਏ ਦੀ ਲੁੱਟ ਮਚਾ ਕੇ ਖਪਤਕਾਰਾਂ ਦੀਆਂ ਜੇਬਾਂ ਤੇ ਡਾਕਾ ਮਾਰ ਰਹੇ ਹਨ ਤਾਂ ਹੁਣ ਇਹ ਆਰਡੀਨੈਂਸ ਪਾਸ ਹੋਣ ਤੋਂ ਬਾਅਦ ਇਨਾਂ ਜ਼ਖੀਰੇਬਾਜ਼ਾਂ ਨੂੰ ਹੋਰ ਲੁੱਟ ਮਚਾਉਣ ਦੀ ਖੁੱਲ੍ਹ ਮਿਲ ਜਾਵੇਗੀ। ਇਹੋ ਹਸ਼ਰ ਖਰੀਦ ਦਾ ਸਰਕਾਰੀ ਕੰਟਰੋਲ ਖਤਮ ਕਰ ਕੇ ਖੁੱਲ੍ਹੀ ਮੰਡੀ ਦੇ ਹਵਾਲੇ ਕਰਦਿਆਂ ਕਿਸਾਨਾਂ ਨੂੰ ਵਪਾਰੀਆਂ ਨਾਲ ਫਸਲਾਂ ਦੇ ਸਿਧੇ ਸੌਦੇ ਕਰਨ ਨਾਲ ਹੋਵੇਗਾ।

ਜਦ ਨਾਸਿਕ (ਮਹਾਰਟਾਸ਼ਟਰ) ਦੇ ਕਿਸਾਨਾਂ ਦਾ ਪਿਆਜ ਮੰਡੀ ਵਿਚ ਕੁਝ ਪੈਸੇ ਪ੍ਰਤੀ ਕਿਲੋ ਦੇ ਹਿਸਾਬ ਵਿਕ ਰਿਹਾ ਸੀ ਤਾਂ ਪ੍ਰਾਈਵੇਟ ਵਪਾਰੀ ਅਗਾਊਂ ਸੌਦਿਆਂ ਤੋਂ ਪੱਤਰੇ ਵਾਚ ਗਏ। ਇਹੋ ਹਾਲ ਪੰਜਾਬ ਦੇ ਕਿਸਾਨਾਂ ਨਾਲ ਦੋ ਸਾਲ ਪਹਿਲਾਂ ਆਲੂਆਂ ਦੀ ਫਸਲ ਵੇਲੇ ਹੋਇਆ, ਜਦ ਕਿਸਾਨ ਆਲੂ ਸੜਕਾਂ ਉੱਪਰ ਸੁੱਟਣ ਲਈ ਮਜਬੂਰ ਹੋਏ ਸਨ। ਜੇ ਕਿਸਾਨ ਅਗਾਊਂ ਸੌਦੇ ਦੀਆਂ ਸ਼ਰਤਾਂ ਉੱਪਰ ਪੂਰਾ ਨਾ ਉੱਤਰ ਸਕੇ ਤਾਂ ਵਪਾਰੀ ਕਿਸਾਨਾਂ ਨੂੰ ਕਾਨੂੰਨੀ ਲੜਾਈ ਵਿਚ ਉਲਝਾ ਲੈਂਦੇ ਹਨ ਅਤੇ ਕੇਸ ਵੀ ਚੰਡੀਗੜ੍ਹ ਵਰਗੇ ਦੂਰ-ਦੁਰਾਡੇ ਸ਼ਹਿਰਾਂ ਦੀਆਂ ਅਦਾਲਤਾਂ ਵਿਚ ਦਾਇਰ ਕਰਦੇ ਹਨ। ਮਹਿੰਗੇ ਵਕੀਲਾਂ ਦੀਆਂ ਫੀਸਾਂ ਕਰਜ਼ੇ ਦੇ ਮੱਕੜ ਜਾਲ ਵਿਚ ਫਸੇ ਕਿਸਾਨਾਂ ਲਈ ਖਾਲਾ ਜੀ ਦਾ ਵਾੜਾ ਨਹੀਂ ਹੁੰਦੀਆਂ। ਵਪਾਰੀ ਵੱਲੋਂ ਕਿਸਾਨ ਨਾਲ ਧੋਖਾ ਕਰਨ ਦੀ ਸੂਰਤ ਵਿਚ ਵੀ ਕਿਸਾਨ ਬਹੁਤੀ ਵਾਰ ਅਦਾਲਤ ਤੱਕ ਪਹੁੰਚ ਕਰਨ ਦੀ ਹਾਲਤ ਵਿਚ ਨਹੀਂ ਹੁੰਦਾ। ਹੁਣ ਤਾਂ ਇਹ ਵੀ ਝੰਜਟ ਹੀ ਮੁਕਾ ਦਿਤਾ ਹੈ। ਕਾਨੂੰਨਨ ਕਿਸਾਨ ਕੋਲੋਂ ਅਦਾਲਤ ਵਿਚ ਜਾਣ ਦਾ ਹੱਕ ਖੋਹ ਲਿਆ ਹੈ। ਹੁਣ ਤਾਂ ਐੱਸਡੀਐੱਮ ਅਤੇ ਡੀਸੀ ਕੋਲ ਹੀ ਚੱਕਰ ਕੱਟਣ ਲਈ ਅਤੇ ਉਨ੍ਹਾਂ ਦੇ ਰਹਿਮੋ-ਕਰਮ ਉੱਪਰ ਛੱਡ ਦਿਤਾ ਹੈ।

ਮੁਲਕ ਅੰਦਰ ਸਿਰਫ 23 ਫਸਲਾਂ ਦੀ ਘੱਟੋ-ਘੱਟ ਕੀਮਤ ਕੀਮਤ ਤੈਅ ਕੀਤੀ ਜਾਂਦੀ ਹੈ ਅਤੇ ਇਸ ਵਿਚੋਂ ਵੀ ਸਿਰਫ ਦੋ ਫਸਲਾਂ- ਕਣਕ ਤੇ ਝੋਨਾ ਦੀ ਹੀ ਖਰੀਦ ਘੱਟੋ-ਘੱਟੋ ਕੀਮਤ ਤੇ ਕੀਤੀ ਜਾਂਦੀ ਹੈ; ਉਹ ਵੀ ਸਿਰਫ ਪੰਜਾਬ, ਹਰਿਆਣਾ, ਦਿੱਲੀ ਤੇ ਯੂਪੀ ਦੇ ਕੁੱਝ ਹਿੱਸਿਆਂ ਵਿਚ। ਹੋਰ ਫਸਲਾਂ, ਖਾਸ ਕਰ ਕਪਾਹ ਨਰਮਾ ਦੀ ਖਰੀਦ ਵੇਲੇ ਹਾਲਤ ਨੂੰ ਦੇਖਣਾ ਹੋਵੇ ਤਾਂ ਕਪਾਹ ਨਿਗਮ ਹਰ ਸਾਲ ਉਸ ਸਮੇਂ ਮੰਡੀਆਂ ਵਿਚ ਦਾਖਲ ਹੁੰਦੀ ਹੈ, ਜਦ ਤੱਕ ਵਪਾਰੀ ਹਜ਼ਾਰ ਤੋਂ ਡੇਢ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਘੱਟ ਭਾਅ ਤੇ ਖਰੀਦ ਕੇ ਕਿਸਾਨ ਨੂੰ ਹਜ਼ਾਰਾਂ ਕਰੋੜ ਰੁਪਏ ਦਾ ਚੂਨਾ ਲਗਾ ਚੁੱਕੇ ਹੁੰਦੇ ਹਨ। ਕਪਾਹ ਨਿਗਮ ਨੂੰ ਮੰਡੀਆਂ ਵਿਚ ਦਾਖਲ ਕਰਵਾਉਣ ਲਈ ਨਰਮਾ ਪੱਟੀ ਦੇ ਕਿਸਾਨਾਂ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਖੁੱਲ੍ਹੀ ਮੰਡੀ ਦੇ ਸਿਧਾਂਤ ਦੀ ਪੈਰੋਕਾਰ ਸਰਕਾਰ ਕੁੱਝ ਸਮਾਂ ਪਹਿਲਾਂ ਹੀ ਸਕੀਮ ਲੈ ਕੇ ਆਈ ਸੀ ਕਿ ਕਿਸਾਨ ਨੂੰ ਮੰਡੀ ਵਿਚ ਫਸਲ ਦਾ ਪੂਰਾ ਮੁੱਲ ਨਾਂ ਮਿਲਣ ਦੀ ਸੂਰਤ ਵਿਚ ਉਸ ਦੇ ਘਾਟੇ ਦੀ ਪੂਰਤੀ ਸਰਕਾਰ ਕਰੇਗੀ ਪਰ ਉਸ ਸਕੀਮ ਦਾ ਹਸ਼ਰ ਇਹ ਹੋਇਆ ਕਿ ਫੁੱਟੀ ਕੌਡੀ ਵੀ ਕਿਸਾਨਾਂ ਦੇ ਪੱਲੇ ਨਹੀਂ ਪਈ। ਹੁਣ ਜਦ ਫਸਲਾਂ ਦਾ ਸਮੁੱਚਾ ਮੰਡੀਕਰਨ ਹੀ ਪ੍ਰਾਈਵੇਟ ਵਪਾਰੀਆਂ ਦੇ ਹਵਾਲੇ ਕਰ ਦਿੱਤਾ ਹੈ ਤਾਂ ਮੁਨਾਫੇ ਦੀ ਹਵਸ ਵਿਚ ਵਪਾਰੀ ਕਿਸਾਨਾਂ, ਖਾਸ ਕਰ ਛੋਟੇ ਕਿਸਾਨਾਂ ਨੂੰ ਹੋਰ ਵੱਡੀ ਗਿਣਤੀ ਵਿਚ ਅਤੇ ਵਧੇਰੇ ਤੇਜ਼ੀ ਨਾਲ ਖੇਤੀ ਕਿੱਤੇ ਵਿਚੋਂ ਬਾਹਰ ਧੱਕਣ ਵਿਚ ਕਾਮਯਾਬ ਹੋਣਗੇ। ਇਸ ਦਾ ਸਿੱਧਾ ਅਸਰ ਛੋਟੇ ਕਿਸਾਨਾਂ ਤੇ ਮਜ਼ਦੂਰਾਂ ਉੱਪਰ ਪਵੇਗਾ। ਵੱਡੇ ਘਰਾਣਿਆਂ ਵਲੋਂ ਵਪਾਰਕ ਲੀਹਾਂ ਤੇ ਕੀਤੀ ਜਾਣ ਵਾਲੀ ਖੇਤੀ ਦੀ ਤਰਜੀਹ ਮਨੁੱਖੀ ਜ਼ਰੂਰਤ ਦੀ ਥਾਂ ਵਪਾਰਕ ਖੇਤੀ ਹੋਵੇਗੀ।

ਮੋਦੀ ਹਕੂਮਤ ਦੇ ਇਸ ਫੈਸਲੇ ਨੂੰ ਪਿਛਲੇ ਸਮੇਂ ਵਿਚ ਕੀਤੇ ਅਨੇਕਾਂ ਲੋਕ ਵਿਰੋਧੀ ਫੈਸਲਿਆਂ ਵਿਚੋਂ ਦੋ ਫੈਸਲਿਆਂ, 8 ਨਵੰਬਰ 2016 ਨੂੰ ਨੋਟਬੰਦੀ ਵਾਲਾ ਫੈਸਲਾ ਅਤੇ ਪੂਰੇ ਮੁਲਕ ਅੰਦਰ ਇਕੋ ਟੈਕਸ ਦਰ ਵਾਲੇ ਜੀਐੱਸਟੀ ਵਾਲੇ ਫੈਸਲੇ ਦੀ ਰੋਸ਼ਨੀ ਵਿਚ ਦੇਖਿਆ ਜਾਣਾ ਚਾਹੀਦਾ ਹੈ। ਜਦ 8 ਨਵੰਬਰ 2016 ਨੂੰ ਨੋਟਬੰਦੀ ਵਾਲਾ ਫੈਸਲਾ ਕੀਤਾ ਸੀ ਤਾਂ ਹੁੱਬ ਕੇ ਐਲਾਨ ਕੀਤਾ ਸੀ ਕਿ ਇਸ ਨਾਲ ਅਮੀਰਾਂ ਕੋਲ ਜਮ੍ਹਾਂ ਕਾਲਾ ਧਨ ਬਾਹਰ ਆ ਜਾਵੇਗਾ, ਜਾਅਲੀ ਕਰੰਸੀ ਖਤਮ ਹੋ ਜਾਵੇਗੀ, ਅਤਿਵਾਦ ਨੂੰ ਨਕੇਲ ਪੈ ਜਾਵੇਗੀ ਪਰ ਫੁੱਟੀ ਕੌਡੀ ਵੀ ਕਾਲੇ ਧਨ ਦੀ ਨਹੀਂ ਮਿਲੀ। ਉਲਟਾ ਸੌ ਤੋਂ ਉਪਰ ਲੋਕਾਂ ਦੀ ਜਾਨ ਦੀ ਬਲੀ ਜ਼ਰੂਰ ਲੈ ਲਈ। ਕੰਮ ਦੇ ਕਰੋੜਾਂ ਘੰਟੇ ਬਰਬਾਦ ਹੋ ਗਏ। ਕਿਲੋਮੀਟਰਾਂ ਦੇ ਹਿਸਾਬ ਲੱਗੀਆਂ ਲੰਮੀਆਂ ਲਾਈਨਾਂ ਵਿਚ ਖੜ੍ਹਨ ਲਈ ਆਮ ਲੋਕਾਈ ਨੂੰ ਖੱਜਲ-ਖੁਆਰ ਹੋਣਾ ਪਿਆ। ਇਸੇ ਤਰ੍ਹਾਂ ਜੀਐੱਸਟੀ ਵੇਲੇ ਵਧੇਰੇ ਟੈਕਸ ਇਕੱਠੇ ਹੋਣ ਦਾ ਇਨਕਲਾਬੀ ਕਦਮ ਕਹਿੰਦਿਆਂ ਅੱਧੀ ਰਾਤ ਤੱਕ ਪਾਰਲੀਮੈਂਟ ਦਾ ਸੈਸ਼ਨ ਚਲਾ ਕੇ ਖੇਖਣ ਕੀਤਾ ਗਿਆ। ਹੋਇਆ ਉਲਟ ਕਿ ਰਾਜਾਂ ਦੀ ਸੰਘੀ ਘੁੱਟ ਦਿੱਤੀ ਗਈ। ਟੈਕਸ ਵਧੇਰੇ ਇਕੱਠਾ ਹੋਣ ਦੀ ਥਾਂ ਇਸ ਵਿਚ ਕਮੀ ਦਰਜ ਕੀਤੀ ਗਈ ਸਰਕਾਰਾਂ ਦੇ ਫੈਸਲਿਆਂ ਨੂੰ ਸਿਰਫ ਆਰਥਿਕ ਫੈਸਲੇ ਵਜੋਂ ਨਹੀਂ ਸਗੋਂ ਫੈਸਲੇ ਦੀ ਸਿਆਸੀ ਮਹੱਤਤਾ ਵਜੋਂ ਦੇਖਣਾ ਚਾਹੀਦਾ ਹੈ ਕਿ ਰਾਜ ਕਰਦੀ ਜਮਾਤ ਕਿਸ ਜਮਾਤ ਦੇ ਸਿਆਸੀ ਹਿਤਾਂ ਦੀ ਪੂਰਤੀ ਕਰਦੀ ਹੈ।

ਨਵੇਂ ਆਰਡੀਨੈਂਸ 70ਵਿਆਂ ਤੋਂ ਬਾਅਦ ਮੁਲਕ ਦੇ ਕਿਸਾਨਾਂ ਉੱਪਰ ਸਭ ਤੋਂ ਵੱਡਾ ਹਮਲਾ ਹਨ। ਇਹ ਹਮਲਾ ਸੰਸਾਰ ਬੈਂਕ ਦੀਆਂ ਨੀਤੀਆਂ ਦਾ ਸਿਟਾ ਹੈ ਜਿਸ ਵਿਚ 40% ਕਿਸਾਨਾਂ ਨੂੰ ਖੇਤੀ ਕਿਤੇ ਵਿਚੋਂ ਬਾਹਰ ਕਰਨ ਦਾ ਫਰਮਾਨ ਹੈ। ਇਸ ਹਮਲੇ ਰਾਹੀਂ ਰਾਜਾਂ ਦੀ ਸੰਘੀ ਵੀ ਘੁੱਟ ਦਿਤੀ ਹੈ। ਇਕਲੇ ਪੰਜਾਬ ਨੂੰ ਹੀ ਸਾਲਾਨਾ ਫਸਲਾਂ ਦੀ ਖਰੀਦ ਵਿਚੋਂ 3500-3600 ਕਰੋੜ ਰੁਪਏ ਸਾਲਾਨਾ ਮੰਡੀ ਫੀਸ ਅਤੇ ਦਿਹਾਤੀ ਵਿਕਾਸ ਫੰਡ ਵਜੋਂ ਮਿਲਦਾ ਹੈ ਜਿਸ ਦਾ ਭੋਗ ਪਾ ਦਿੱਤਾ ਹੈ। ਇਹੀ ਪੈਸਾ ਹੁਣ ਵਪਾਰੀਆਂ ਦੀਆਂ ਤਿਜੌਰੀਆਂ ਭਰੇਗਾ। ਗੰਭੀਰ ਆਰਥਿਕ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਲਈ ਇਹ ਫੈਸਲਾ ਵਡੇਰੀ ਚੁਣੌਤੀ ਹੈ। ਛੋਟੇ ਗਰੀਬ, ਬੇਜ਼ਮੀਨੇ ਕਿਸਾਨਾਂ ਨੂੰ ਕਿਸਾਨੀ ਕਿੱਤੇ ਵਿਚੋਂ ਬਾਹਰ ਧੱਕਣ ਅਤੇ ਗਰੀਬ ਲੋਕਾਂ ਨੂੰ ਮਿਲਣ ਵਾਲੇ ਸਸਤੇ ਦਰਾਂ ਤੇ ਅਨਾਜ ਦਾ ਭੋਗ ਪਾਉਣ ਦਾ ਮੁੱਢ ਬੰਨ੍ਹ ਦਿੱਤਾ ਗਿਆ ਹੈ। ਇਸ ਨਾਲ ਆਉਣ ਵਾਲੇ ਸਮੇਂ ਵਿਚ ਪੇਂਡੂ ਸੱਭਿਅਤਾ ਦਾ ਸੰਕਟ ਹੋਰ ਡੂੰਘਾ ਹੋਵੇਗਾ। ਇਸ ਤਾਜ਼ਾ ਹੱਲੇ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਖੇਤੀ ਕਿੱਤੇ ਨੂੰ ਬਚਾਉਣ ਲਈ ਸੂਬੇ ਤੋਂ ਲੈ ਕੇ ਮੁਲਕ ਪੱਧਰ ਤੇ ਸਾਂਝੇ ਸੰਘਰਸ਼ਾਂ ਦੀ ਲਗਾਤਾਰਤਾ ਬਰਕਰਾਰ ਰੱਖੀ ਜਾਣੀ ਚਾਹੀਦੀ ਹੈ।

**ਨਰਾਇਣ ਦੱਤ**
**ਸੰਪਰਕ:** 84275-11770



# ਸਿੱਖਾਂ ਦੀ ਸੇਵਾ ਦੇ ਵਿਸ਼ਵ ਵਿਆਪੀ ਚਰਚੇ

## ਮਹਾਂਮਾਰੀ ਜਾਂ ਇਨਸਾਫ ਲਈ ਪ੍ਰਦਰਸ਼ਨ, ਹਰ ਥਾਂ ਸਿੱਖ ਸੇਵਾਦਾਰ ਹਾਜ਼ਰ

ਗੁਰੂ ਨਾਨਕ ਪਾਤਸ਼ਾਹ ਵੱਲੋਂ ਬਖਸ਼ੇ ਸੇਵਾ ਦੇ ਸਿਧਾਂਤ 'ਤੇ ਚਲਦਿਆਂ ਸਿੱਖ ਪੂਰੀ ਦੁਨੀਆ ਵਿਚ ਬੇਆਸਰਿਆਂ ਦਾ ਆਸਰਾ ਬਣੇ ਹੋਏ ਹਨ। ਕੋਰੋਨਾਵਾਇਰਸ ਦੀ ਮਹਾਂਮਾਰੀ ਵਿਚ ਸਿੱਖਾਂ ਦੀ ਸੇਵਾ ਦੇ ਕੁੱਲ ਜਹਾਨ ਚਰਚੇ ਹਨ। ਅਮਰੀਕਾ ਦੇ ਸਭ ਤੋਂ ਮਸ਼ਹੂਰ ਅਖਬਾਰ ਨਿਊ ਯਾਰਕ ਟਾਈਮਜ਼ ਵਿਚ ਪੱਤਰਕਾਰ ਪ੍ਰਿਯਾ ਕਿਸ਼ਨਾ ਦੀ ਸਿੱਖਾਂ ਦੀ ਸੇਵਾ ਸਬੰਧੀ ਪ੍ਰਮੁੱਖ ਖਬਰ ਛਪੀ ਹੈ।

ਇਸ ਖਬਰ ਵਿਚ ਪੱਤਰਕਾਰ ਨੇ ਨਿਊ ਯਾਰਕ ਲਾਗਲੇ ਕੁਈਨਜ਼ ਪਿੰਡ ਵਿਚ ਸਥਿਤ ਗੁਰਦੁਆਰਾ ਸਾਹਿਬ ਤੋਂ ਚਲਦੀ ਸੇਵਾ ਦਾ ਜ਼ਿਕਰ ਕਰਦਿਆਂ ਸਿੱਖਾਂ ਦੀ ਸੇਵਾ ਭਾਵਨਾ ਦੀਆਂ ਤਰੀਫਾਂ ਦੁਨੀਆ ਸਾਹਮਣੇ ਰੱਖੀਆਂ ਹਨ।

ਰਿਪੋਰਟ ਵਿਚ ਦੱਸਿਆ ਗਿਆ ਕਿ ਕੁਈਨਜ਼ ਪਿੰਡ ਵਿਚ ਇਕ ਨੀਵੀਂ ਜਹੀ, ਲਾਲ ਇੱਟਾਂ ਦੀ ਇਮਾਰਤ ਦੇ ਅੰਦਰ, ਲਗਭਗ 30 ਸੇਵਾਦਾਰਾਂ ਦੇ ਜਥੇ ਨੇ ਸਿਰਫ 10 ਹਫਤਿਆਂ ਵਿਚ 1 ਲੱਖ 45 ਹਜ਼ਾਰ ਤੋਂ ਵੱਧ ਲੋਕਾਂ ਲਈ ਭੋਜਨ ਤਿਆਰ ਕਰਕੇ ਮੁਫਤ ਵਿਚ ਵੰਡਿਆ ਗਿਆ। ਇਹ ਸਿੱਖ ਸੇਵਾਦਾਰ ਹਫਤੇ ਵਿਚ ਤਿੰਨ ਦਿਨ ਸਵੇਰੇ 4 ਵਜੇ ਗੁਰਦੁਆਰਾ ਸਾਹਿਬ ਪਹੁੰਚਦੇ ਹਨ ਤੇ ਬੇਅੰਤ ਚੌਲ, ਦਾਲਾਂ, ਬੀਨਜ਼ ਅਤੇ ਹੋਰ ਸਬਜ਼ੀਆਂ ਨੂੰ ਤਰਤੀਬ ਨਾਲ ਤਿਆਰ ਕਰਕੇ ਨਿਊ ਯਾਰਕ ਦੇ ਹਸਪਤਾਲਾਂ ਵਿਚ ਕੰਮ ਕਰਦੇ ਮੁਲਾਜ਼ਮਾਂ, ਹੋਰ ਗਰੀਬ ਲੋਕਾਂ ਅਤੇ ਨਜ਼ਰ ਪੈਂਦੇ ਹਰ ਲੋੜਵੰਦ ਨੂੰ ਗਰਮਾ ਗਰਮ ਭੋਜਨ ਛਕਾਉਂਦੇ ਹਨ।

ਸਿੱਖ ਸੱਭਿਆਚਾਰ ਤੋਂ ਅਣਜਾਣ ਪੱਛਮੀ ਸੱਭਿਅਤਾ ਦੇ ਲੋਕਾਂ ਨੂੰ ਮੁਖਾਤਬ ਹੁੰਦਿਆਂ ਪੱਤਰਕਾਰ ਦੱਸਦੀ ਹੈ ਕਿ ਇਹ ਇਮਾਰਤ ਸੂਪ ਕਿਚਨ ਜਾਂ ਫੂਡ ਬੈਂਕ ਨਹੀਂ ਹੈ, ਇਹ ਇਕ ਗੁਰਦੁਆਰਾ ਹੈ ਜੋ ਦੁਨੀਆ ਦੇ ਪੰਜਵੇਂ-ਵੱਡੇ ਸੰਗਠਿਤ ਧਰਮ ਦੇ ਮੈਂਬਰ, ਸਿੱਖਾਂ ਦੇ ਧਾਰਮਿਕ ਅਕੀਦੇ ਦੇ ਕੇਂਦਰ ਹੁੰਦਾ ਹੈ ਜਿਹਨਾਂ ਦੀ ਗਿਣਤੀ ਲਗਭਗ 25 ਮਿਲੀਅਨ ਮੰਨੀ ਜਾਂਦੀ ਹੈ। ਉਸਨੇ ਲਿਖਿਆ ਕਿ ਲੋੜਵੰਦ ਲੋਕਾਂ ਦੀ ਮਦਦ ਕਰਨਾ ਸਿੱਖ ਧਰਮ ਦਾ ਹਿੱਸਾ ਹੈ।

ਸਿੱਖ ਧਰਮ ਦੀ ਅਹਿਮ ਪਰੰਪਰਾ ਲੰਗਰ ਬਾਰੇ ਦੱਸਦਿਆਂ ਪੱਤਰਕਾਰ ਨੇ ਲਿਖਿਆ, ਸਿੱਖ ਧਰਮ ਦਾ ਇਕ ਜ਼ਰੂਰੀ ਅੰਗ ਲੰਗਰ ਹੈ, ਜਿਸ ਵਿਚ ਸਿੱਖ ਸੇਵਾ ਜਾਂ ਨਿਰਸਵਾਰਥ ਸੇਵਾ ਦੇ ਸਿਧਾਂਤ ਨੂੰ ਉਤਸ਼ਾਹਤ ਕਰਨ ਲਈ ਭੋਜਨ ਤਿਆਰ ਕਰਕੇ ਮੁਫਤ ਵਿਚ ਵਰਤਾਇਆ ਜਾਂਦਾ ਹੈ।

ਉਹ ਦੱਸਦੀ ਹੈ ਕਿ ਕੋਈ ਵੀ, ਸਿੱਖ ਹੋਵੇ ਜਾਂ ਗੈਰ ਸਿੱਖ, ਗੁਰਦੁਆਰੇ ਜਾ ਕੇ ਲੰਗਰ ਦੀ ਸੇਵਾ ਵਿਚ ਹਿੱਸਾ ਲੈ ਸਕਦਾ ਹੈ, ਇੱਥੋਂ ਤਕ ਕਿ ਦੁਨੀਆ ਦੇ ਸਭ ਤੋਂ ਵੱਡੇ ਲੰਗਰ- ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਜਿੱਥੇ ਹਰ ਰੋਜ਼ 100,000 ਤੋਂ ਜ਼ਿਆਦਾ ਲੋਕ ਪ੍ਰਸ਼ਾਦਾ ਛਕਦੇ ਹਨ ਉੱਥੇ ਵੀ ਸੇਵਾ ਕਰ ਸਕਦਾ ਹੈ।

ਰਿਪੋਰਟ ਵਿਚ ਦੱਸਿਆ ਗਿਆ ਕਿ ਜਦੋਂ ਕੋਰੋਨਾਵਾਇਰਸ ਮਹਾਂਮਾਰੀ ਕਾਰਨ ਧਾਰਮਿਕ ਸਥਾਨ ਬੰਦ ਹੋ ਗਏ ਸਨ ਅਤੇ ਗੁਰਦੁਆਰਾ ਸਾਹਿਬ ਵਿਚ ਲੰਗਰ ਵੀ ਬੰਦ ਕਰਨੇ ਪਏ ਤਾਂ ਮਹਾਂਮਾਰੀ ਦੇ ਸਮੇਂ ਨਿਊ ਯਾਰਕ ਦੇ ਸਿੱਖ ਸੈਂਟਰ ਗੁਰਦੁਆਰਾ ਸਾਹਿਬ ਵਾਂਗ ਅਨੇਕਾਂ ਗੁਰਦੁਆਰਾ ਸਾਹਿਬਾਨ ਵਿਚੋਂ ਲੋੜਵੰਦਾਂ ਦੀ ਮਦਦ ਲਈ ਲੰਗਰਾਂ ਨੂੰ ਧਾਰਮਿਕ ਸਥਾਨਾਂ ਤੋਂ ਬਾਹਰ ਚਲਾ ਦਿੱਤਾ ਗਿਆ। ਪੱਤਰਕਾਰ ਨੇ ਜ਼ਿਕਰ ਕੀਤਾ ਕਿ ਸਿਰਫ ਕੋਰੋਨਾਵਾਇਰਸ ਮਹਾਂਮਾਰੀ ਦੇ ਸਮੇਂ ਹੀ ਨਹੀਂ ਬਲਕਿ ਪੁਲਸ ਵੱਲੋਂ ਕਤਲ ਕੀਤੇ ਗਏ ਕਾਲੇ ਨੌਜਵਾਨ ਜੌਰਨ ਫਲੋਇਡ ਦੇ ਕਤਲ ਮਗਰੋਂ ਪ੍ਰਦਰਸ਼ਨ ਕਰਨ ਲਈ ਸੜਕਾਂ 'ਤੇ ਉੱਤਰੇ ਹੋਏ ਲੋਕਾਂ ਨੂੰ ਵੀ ਸਿੱਖ ਲੰਗਰ ਛਕਾ ਰਹੇ ਹਨ। ਰਿਪੋਰਟ ਵਿਚ ਦੱਸਿਆ ਗਿਆ ਕਿ ਕੁਈਨਜ਼ ਸੈਂਟਰ ਵਿਚ ਸਿੱਖ ਸੇਵਾਦਾਰਾਂ ਨੇ ਪ੍ਰਦਰਸ਼ਨ ਕਰ ਰਹੇ ਲੋਕਾਂ ਨੂੰ ਮਟਰ ਪਨੀਰ, ਰਾਜਮਾ ਚੌਲ, ਜਲ ਅਤੇ ਖੀਰ ਦੇ ਲੰਗਰ ਵਰਤਾਏ।

ਪੱਤਰਕਾਰ ਨਾਲ ਗੱਲ ਕਰਦਿਆਂ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਸਿੱਖ ਹਮੇਸ਼ਾ ਇਨਸਾਫ ਚਾਹੁੰਦੇ ਹਨ ਅਤੇ ਉਹ ਇਨਸਾਫ ਮੰਗ ਰਹੇ ਇਹਨਾਂ ਲੋਕਾਂ ਦਾ ਸਮਰਥਨ ਕਰਦੇ ਹਨ।

ਗੁਰੂ ਨਾਨਕ ਮਿਸ਼ਨ ਸੋਸਾਇਟੀ ਆਫ ਅਟਲੰਟਾ ਦੇ ਸੰਤੋਖ ਸਿੰਘ ਢਿੱਲੋਂ ਨੇ ਦੱਸਿਆ ਕਿ ਅਮਰੀਕਾ ਵਿਚ ਜਦੋਂ ਉਹ ਲੋਕਾਂ ਨੂੰ ਲੰਗਰ ਦਿੰਦੇ ਹਨ ਤੇ ਉਹਨਾਂ ਨੂੰ ਪਤਾ ਲੱਗਦਾ ਹੈ ਕਿ ਇਹ ਮੁਫਤ ਹੈ ਤਾਂ ਲੋਕ ਹੈਰਾਨ ਹੁੰਦੇ ਹਨ। ਉਹਨਾਂ ਦੱਸਿਆ ਕਿ ਬਹੁਤ ਲੋਕ ਸਿੱਖ ਧਰਮ ਤੋਂ ਅਣਜਾਣ ਹਨ।

ਰਿਪੋਰਟ ਮੁਤਾਬਕ ਅਮਰੀਕਾ ਵਿਚ 80 ਤੋਂ ਵੱਧ ਗੁਰਦੁਆਰਾ ਸਾਹਿਬਾਨ ਲੋੜਵੰਦਾਂ ਦੀ ਮਦਦ ਲਈ ਇਸ ਤਰਾਂ ਲੰਗਰ ਚਲਾ ਰਹੇ ਹਨ। ਅਹਿਮ ਗੱਲ ਇਹ ਹੈ ਕਿ ਬਿਪਤਾ ਦੇ ਸਮੇਂ ਜਿੱਥੇ ਹੋਰ ਸਭ ਪ੍ਰਣਾਲੀਆਂ ਢਿੱਲੀਆਂ ਪੈ ਗਈਆਂ ਸੀ, ਉਦੋਂ ਸਿੱਖਾਂ ਵੱਲੋਂ ਬੜੇ ਸੁਚੱਜੇ ਢੰਗ ਨਾਲ ਇਹ ਸੇਵਾਵਾਂ ਚਲਾਈਆਂ ਗਈਆਂ। ਪੱਤਰਕਾਰ ਨੇ ਇਸ ਸਬੰਧੀ ਸਿੱਖ ਬੀਬੀ ਸੱਤਜੀਤ ਕੌਰ ਦੀ ਗੱਲ ਦਾ ਜ਼ਿਕਰ ਕੀਤਾ ਹੈ ਜੋ ਕਹਿੰਦੇ ਹਨ ਕਿ ਇਸ ਪਿੱਛੇ ਉਹ ਭਾਵਨਾ ਹੈ ਕਿ ਸਿੱਖਾਂ ਨੇ ਲੋੜਵੰਦਾਂ ਦੀ ਸੇਵਾ ਲਈ ਸਮੇਂ ਅਤੇ ਕਿਰਤ ਕਮਾਈ ਦਾ ਦਸਵੰਧ ਕੱਢਣਾ ਹੈ, ਜੋ ਉਹਨਾਂ ਨੂੰ ਧਰਮ ਸਿਖਾਉਂਦਾ ਹੈ।

ਪੱਤਰਕਾਰ ਨੇ ਫਰੀਮਾਂਟ ਗੁਰਦੁਆਰਾ ਸਾਹਿਬ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਮਹਾਂਮਾਰੀ ਦੇ ਚਲਦਿਆਂ ਮਾਰਚ ਮਹੀਨੇ ਵਿਚ ਗੁਰਦੁਆਰਾ ਸਾਹਿਬ ਅੰਦਰ ਸੇਵਾਵਾਂ ਬੰਦ ਹੋਣ ਦੇ ਸਮੇਂ ਤੋਂ ਹੀ ਸੇਵਾਦਾਰਾਂ ਨੇ ਹਾਲਾਤਾਂ ਨੂੰ ਦੇਖਦਿਆਂ ਲੰਗਰ ਤਿਆਰ ਕਰਕੇ ਲੋੜਵੰਦਾਂ ਤਕ ਪਹੁੰਚਾਉਣ ਦਾ ਕਾਰਜ ਸ਼ੁਰੂ ਕੀਤਾ ਅਤੇ ਰਾਹਗੀਰਾਂ ਲਈ ਗੁਰਦੁਆਰਾ ਸਾਹਿਬ ਦੇ ਬਾਹਰ ਡਰਾਈਵ-ਥਰੂ ਰਾਹੀਂ ਲੰਗਰ ਦੇ ਪ੍ਰਬੰਧ ਦਾ ਬੰਦੋਬਸਤ ਕੀਤਾ।

ਰਿਪੋਰਟ ਵਿਚ ਦੱਸਿਆ ਗਿਆ ਕਿ ਇਹ ਲੰਗਰ ਤਿਆਰ ਕਰਨ ਸਮੇਂ ਸੇਵਾਦਾਰਾਂ ਵੱਲੋਂ ਸਾਰੀਆਂ ਸਿਹਤ ਸਬੰਧੀ ਹਦਾਇਤਾਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ ਤੇ ਲੰਗਰ ਦਾ ਸਾਰਾ ਭੋਜਨ ਸ਼ਾਕਾਹਾਰੀ ਹੁੰਦਾ ਹੈ।

# ਕਰੋਨਾ ਮਰੀਜ਼ਾਂ ਦਾ ਗਰਾਫ ਵਧਿਆ, ਕਰੋਨਾ ਤੋਂ ਡਰ ਦਾ ਗਰਾਫ ਘਟਿਆ

ਦਸੰਬਰ 2019 ਵਿੱਚ ਚੀਨ ਦੇ ਵੁਹਾਨ ਇਲਾਕੇ ਤੋਂ ਸ਼ੁਰੂ ਹੋਏ ਨੋਵਲ ਕਰੋਨਾ ਵਾਇਰਸ ਨੇ ਸਾਰੀ ਦੁਨੀਆਂ ਦਾ ਚੱਕਰ ਲਾ ਲਿਆ ਹੈ। ਸੁਰੂਆਤੀ ਦਿਨਾ ਤੋਂ ਹੀ ਦੁਨੀਆਂ ਭਰ ਦੇ ਲੋਕਾਂ ਵਿੱਚ ਇਸਦੇ ਡਰ ਦੀ ਦਹਿਸ਼ਤ ਫੈਲ ਗਈ ਸੀ। ਮਾਸ ਮੀਡੀਆ ਦੇ ਸਾਧਨਾਂ ਦੀ ਬਹੁਤਾਤ ਕਾਰਨ ਪਲ ਪਲ ਦੀ ਖਬਰ ਦੁਨੀਆਂ ਦੇ ਹਰ ਕੋਨੇ ਵਿੱਚਲੇ ਲੋਕਾਂ ਤੱਕ ਮਿੰਟਾਂ ਸਕਿੰਟਾਂ ਵਿੱਚ ਪਹੁੰਚ ਜਾਂਦੀ ਹੈ। ਇਨ੍ਹਾਂ ਖਬਰਾਂ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਖਬਰਾਂ ਮੁਤਾਬਕ ਲੋਕਾਂ ਦਾ ਨਜ਼ਰੀਆ ਵੀ ਇਸ ਬਿਮਾਰੀ ਪ੍ਰਤੀ ਦਿਨੋ ਦਿਨ ਬਦਲਦਾ ਰਿਹਾ। ਹੌਲੀ ਹੌਲੀ ਜਦੋਂ ਇਹ ਹੋਰਨਾ ਦੇਸ਼ਾਂ ਵਿੱਚ ਫੈਲਣ ਲਗਿਆ ਤਾਂ ਸਭ ਸਹਿਮ ਗਏ। ਚੀਨ ਤੋਂ ਬਾਅਦ ਇਟਲੀ ਵਿੱਚ ਹੋਈਆਂ ਮੌਤਾਂ ਨੇ ਪੂਰੀ ਦੁਨੀਆਂ ਨੂੰ ਡਰਾ ਕੇ ਰੱਖ ਦਿੱਤਾ। ਵਿਸ਼ਵ ਸਿਹਤ ਸੰਸਥਾ ਨੇ ਇਸ ਨੂੰ ਅੰਤਰਾਸ਼ਟਰੀ ਮਹਾਂਮਾਰੀ ਐਲਾਨ ਦਿੱਤਾ। ਸਾਰੇ ਦੇਸ਼ਾਂ ਨੇ ਇਸ ਬਿਮਾਰੀ ਨਾਲ ਲੜਣ ਲਈ ਤਿਆਰੀਆਂ ਅਰੰਭ ਦਿੱਤੀਆਂ। ਬਹੁਤ ਸਾਰੇ ਦੇਸ਼ਾਂ ਨੇ ਲੌਕਡਾਉਨ ਕਰ ਦਿੱਤਾ ਅਤੇ ਆਮ ਲੋਕਾਂ ਨੂੰ ਘਰਾਂ ਵਿੱਚ ਹੀ ਰਹਿਣ ਦੀ ਸਲਾਹ ਦਿੱਤੀ। ਇਸੇ ਵਿਚਕਾਰ ਇਸ ਕਰੋਨਾ ਵਾਇਰਸ ਦਾ ਚੀਨ ਵੱਲੋਂ ਖੁਦ ਤਿਆਰ ਕੀਤਾ ਜਾਣਾ ਅਤੇ ਵੁਹਾਨ ਦੀ ਲੈਬੋਰਟਰੀ ਵਿੱਚੋਂ ਲੀਕ ਹੋਣ ਦੀਆਂ ਖਬਰਾਂ ਵੀ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ। ਭਾਰਤ ਵਿੱਚ ਜਦੋਂ ਇਸ ਵਾਇਰਸ ਨੇ ਦਸਤਕ ਦਿੱਤੀ ਤਾਂ ਸਾਡੇ ਲੋਕਾਂ ਦਾ ਸਹਿਮ ਹੋਰ ਵੱਧ ਗਿਆ। ਉਸ ਸਮੇਂ ਭਾਵੇਂ ਨੋਵਲ ਕਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਬਹੁਤ ਘੱਟ ਸੀ ਪਰ ਆਮ ਲੋਕਾਂ ਵਿੱਚ ਇਸਦੇ ਪ੍ਰਤੀ ਡਰ ਅਤੇ ਸਹਿਮ ਸਿਖਰ ਤੇ ਸੀ। ਇਥੋਂ ਤੱਕ ਕਿ ਲੋਕ ਮਾਨਸਿਕ ਤੌਰ ਤੇ ਆਪਣੇ ਆਪ ਵਿੱਚ ਇਸ ਬਿਮਾਰੀ ਦੇ ਲੱਛਣ ਵੇਖਣ ਲੱਗੇ ਸਨ। ਪੰਜਾਬ ਵਿੱਚ 20ਮਾਰਚ ਨੂੰ ਬੱਸ ਸੇਵਾ ਬੰਦ ਹੋਣ ਤੋਂ ਬਾਅਦ 22 ਮਾਰਚ ਨੂੰ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਕਰਫਿਊ ਲਗਾ ਦਿੱਤਾ ਗਿਆ। ਸਿਹਤ, ਪੁਲਿਸ ਅਤੇ ਸਫਾਈ ਤੋਂ ਇਲਾਵਾ ਸਾਰੀਆਂ ਸੇਵਾਵਾਂ ਬੰਦ ਹੋ ਗਈਆਂ। ਲੋਕ ਘਰਾਂ ਵਿੱਚ ਕੈਦ ਹੋ ਕੇ ਰਹਿ ਗਏ। ਡਰ, ਸਹਿਮ ਅਤੇ ਕਾਰੋਬਾਰੀ ਚਿੰਤਾ ਤੋਂ ਇਲਾਵਾ ਹਰ ਪਾਸੇ ਇਕੋ ਸ਼ਬਦ ਕਰੋਨਾ.. ਕਰੋਨਾ..ਕਰੋਨਾ ਸੁਣ ਸੁਣ ਕੇ ਇਸ ਸ਼ਬਦ ਨਾਲ ਸਭ ਨੂੰ ਨਫਰਤ ਜਿਹੀ ਹੋ ਗਈ।

ਪੰਜਾਬ ਵਿੱਚ ਸ਼ੁਰੂ ਵਿੱਚ ਕਰੋਨਾ ਵਾਇਰਸ ਦੇ ਮਰੀਜ਼ਾਂ ਦੀਆਂ ਹੋਈਆਂ ਮੌਤਾਂ ਪਿੱਛੇ ਕਰੋਨਾ ਬਾਰੇ ਲੋਕਾਂ ਦੇ ਮਨਾਂ ਵਿੱਚ ਬੈਠਿਆ ਡਰ ਜਿਆਦਾ ਜਿੰਮੇਵਾਰ ਲੱਗ ਰਿਹਾ ਹੈ। ਕਿਉਂਕਿ ਕਰੋਨਾ ਦਾ ਖੌਫ ਉਸ ਸਮੇਂ ਇਨਾਂ ਹਾਵੀ ਸੀ ਕਿ ਪਾਜਟਿਵ ਆਉਣ ਵਾਲਾ ਵਿਅਕਤੀ ਆਪਣੀ ਮੌਤ ਤਹਿ ਸਮਝਦਾ ਸੀ। ਉਸ ਦੀਆਂ ਅੱਖਾਂ ਸਾਹਮਣੇ ਚੀਨ ਅਤੇ ਇਟਲੀ ਵਿੱਚ ਹੋਈਆਂ ਮੌਤਾਂ ਦੀਆਂ ਵੀਡੀਓ ਹੀ ਘੁੰਮਣ ਲੱਗਦੀਆਂ ਸਨ। ਕੁਝ ਇੱਕ ਲੋਕਾਂ ਨੂੰ ਛੱਡ ਇਸ ਵਾਇਰਸ ਤੋਂ ਬਚਾਅ ਲਈ ਪੂਰੀਆਂ ਸਾਵਧਾਨੀਆਂ ਵਰਤ ਰਹੇ ਸਨ। ਜਿਉਂ ਜਿਉਂ ਵੱਖ ਵੱਖ ਜਿਲ੍ਹਿਆਂ ਵਿੱਚ ਕੇਸ ਆਉਣ ਲੱਗੇ ਲੋਕਾਂ ਦੀ ਚਿੰਤਾ ਵਧਦੀ ਜਾ ਰਹੀ ਸੀ। ਲੋਕ ਪਾਜਟਿਵ ਮਰੀਜ਼ਾਂ ਵਾਲੇ ਏਰੀਏ ਤੋਂ ਵੀ ਡਰਦੇ ਸਨ। ਹੌਲੀ ਹੌਲੀ ਸਾਰੇ ਜਿਲਿਆਂ ਵਿੱਚ ਮਰੀਜ਼ਾਂ ਦੀ ਗਿਣਤੀ ਵੱਧਣ ਲੱਗੀ। ਪਰ ਖੁਸ਼ਕਿਸਮਤੀ ਨਾਲ ਪੰਜਾਬ ਵਿੱਚ ਕਰੋਨਾ ਕਾਰਨ ਮੌਤਾਂ ਬਹੁਤ ਘੱਟ ਹੋਈਆਂ ਅਤੇ ਜੋ ਮਰੀਜ਼ ਆਈਸੋਲੇਸ਼ਨ ਵਾਰਡਾਂ ਵਿੱਚ ਭਰਤੀ ਸਨ ਉਹ ਵੀ ਛੇਤੀ ਸਿਹਤਯਾਬ ਹੋ ਕੇ ਘਰ ਪਰਤਣ ਲੱਗੇ। ਇਸ ਨਾਲ ਲੋਕਾਂ ਦੇ ਦਿਲਾਂ ਵਿੱਚ ਕਰੋਨਾ ਵਾਇਰਸ ਦਾ ਡਰ ਕੁੱਝ ਘਟਣ ਲੱਗਾ।

ਪਰ ਇੱਕ ਗੱਲ ਬੜੀ ਹੈਰਾਨੀ ਵਾਲੀ ਹੈ ਕਿ ਜਦੋਂ ਪੰਜਾਬ ਵਿੱਚ ਸਿਰਫ 20-30 ਕਰੋਨਾ ਪਾਜਟਿਵ ਕੇਸ ਸਨ ਤਾਂ ਲੋਕਾਂ ਵਿੱਚ ਬੜਾ ਡਰ ਫੈਲਿਆ ਹੋਇਆ ਸੀ। ਜਦੋਂ ਕਿ ਹੁਣ ਪਾਜਟਿਵ ਮਰੀਜ਼ਾਂ ਦਾ ਗਰਾਫ 3000 ਦੇ ਕਰੀਬ ਪਹੁੰਚ ਚੁੱਕਾ ਹੈ ਲੋਕ ਕਰੋਨਾ ਤੋਂ ਓਨਾ ਜਿਆਦਾ ਨਹੀਂ ਡਰਦੇ ਭਾਵ ਹੁਣ ਲੋਕ ਕਰੋਨਾ ਵਾਇਰਸ ਤੋਂ ਪਹਿਲਾਂ ਵਾਂਗੂ ਨਹੀਂ ਡਰ ਰਹੇ।

ਮਨੁੱਖ ਦੀ ਇਹ ਹਸਰਤ ਹੈ ਉਹ ਡਰ ਵੀ ਬੜੀ ਜਲਦੀ ਜਾਂਦਾ ਹੈ ਅਤੇ ਬੜੀ ਛੇਤੀ ਅਵੇਸਲਾ ਵੀ ਹੋ ਜਾਂਦਾ ਹੈ। ਕਰਫਿਊ ਖਤਮ ਹੋਣ ਸਾਰ ਹੀ ਲੋਕਾਂ ਨੇ ਆਵਾਜਾਈ ਸ਼ੁਰੂ ਕਰ ਦਿੱਤੀ ਹੈ ਅਤੇ ਸਮਾਜਿਕ ਦੂਰੀ ਬਣਾਏ ਰੱਖਣ ਦੀ ਕੋਸ਼ਿਸ਼ ਘੱਟ ਕਰਨ ਲੱਗੇ ਹਨ। ਕਰਫਿਊ ਹਟਾਉਣਾ ਸਰਕਾਰ ਦੀ ਮਜਬੂਰੀ ਹੈ ਪਰ ਲੌਕਡਾਉਨ ਜਾਰੀ ਰੱਖ ਕੇ ਇਸ ਬਿਮਾਰੀ ਤੋਂ ਬਚਾਅ ਰੱਖਣ ਲਈ ਮਾਸਕ ਪਹਿਨਣਾ, ਬਿਨਾ ਕਿਸੇ ਜਰੂਰੀ ਕੰਮ ਤੋਂ ਬਾਹਰ ਨਾ ਜਾਣਾ, ਸਮਾਜਿਕ ਦੂਰੀ ਬਣਾਏ ਰੱਖਣਾ ਆਦਿ ਸਾਵਧਾਨੀਆਂ ਵਰਤਣ ਲਈ ਵੀ ਕਿਹਾ ਹੈ। ਸਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਕਰਫਿਊ ਖਤਮ ਹੋਇਆ ਹੈ ਕਰੋਨਾ ਵਾਇਰਸ ਨਹੀਂ। ਇਸ ਲਈ ਸਾਨੂੰ ਇਸ ਬਿਮਾਰੀ ਤੋਂ ਆਪਣਾ ਅਤੇ ਹੋਰਾਂ ਦਾ ਬਚਾਅ ਕਰਨ ਲਈ ਜਰੂਰੀ ਹਦਾਇਤਾਂ ਦੀ ਪਾਲਣਾ ਲਾਜਮੀ ਕਰਨੀ ਚਾਹੀਦੀ ਹੈ। ਜੇਕਰ ਕੋਈ ਵਿਅਕਤੀ ਬਾਹਰ ਤੋਂ ਆਇਆ ਹੈ ਤਾਂ ਉਸ ਨੂੰ 14 ਦਿਨ ਇਕਾਂਤਵਾਸ ਰਹਿਣਾ ਅਤੇ ਆਪਣਾ ਆਰ ਟੀ - ਪੀ ਸੀ ਆਰ ਟੈਸਟ (ਕਰੋਨਾ ਟੈਸਟ) ਕਰਵਾ ਲੈਣਾ ਚਾਹੀਦਾ ਹੈ। ਇਹ ਟੈਸਟ ਹਰ ਇੱਕ ਜਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿੱਚ ਹਰ ਹਫਤੇ ਵੱਖ ਵੱਖ ਦਿਨ ਮੁਫਤ ਲਏ ਜਾਂਦੇ ਹਨ। ਵਧੇਰੇ ਲੋਕਾਂ ਦੇ ਸੰਪਰਕ ਵਿੱਚ ਆਉਣ ਵਾਲੇ ਦੁਕਾਨਦਾਰਾਂ, ਕਰਮਚਾਰੀਆਂ , ਗਭੀਰ ਰੋਗਾਂ ਤੋਂ ਪੀੜਤ ਮਰੀਜ਼ਾਂ, ਗਰਭਵਤੀ ਔਰਤਾਂ ਨੂੰ ਇਹ ਟੈਸਟ ਕਰਵਾ ਲੈਣਾ ਚਾਹੀਦਾ ਹੈ। ਇਸ ਤੋਂ ਇਲਾਵਾ ਹੋਰ ਸਾਰੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਕਿਉਂਕਿ ਇਹ ਵਾਇਰਸ ਏਨੀ ਛੇਤੀ ਜਾਣ ਵਾਲਾ ਨਹੀਂ ਸਾਨੂੰ ਇਸ ਤੋਂ ਬਚਣ ਲਈ ਲਗਾਤਾਰ ਧਿਆਨ ਰੱਖਣ ਦੀ ਲੋੜ ਹੈ।

**ਚਾਨਣ ਦੀਪ ਸਿੰਘ ਔਲਖ**
**9876888177**

# ਆਨਲਾਈਨ ਪੜ੍ਹਾਈ ਜ਼ਮੀਨੀ ਹਕੀਕਤ ਅਤੇ ਸਰਕਾਰ

ਇੱਕ ਸਾਰ ਚੱਲ ਰਹੀ ਜ਼ਿੰਦਗੀ ਵਿੱਚ ਪਤਾ ਨਹੀਂ ਕਦੋਂ ਕੀ ਵਾਪਰ ਜਾਵੇ ਤੇ ਜ਼ਿੰਦਗੀ ਲੀਹੋਂ ਲੱਥ ਜਾਵੇ, ਕਿਹਾ ਨਹੀਂ ਜਾ ਸਕਦਾ। 'ਕੋਰੋਨਾ' ਵਰਗੀ ਕੁਦਰਤੀ ਆਫ਼ਤ ਨੇ ਅਚਾਨਕ ਜ਼ਿੰਦਗੀ ਨੂੰ ਲੀਹੋਂ ਲਾਹ ਦਿੱਤਾ। ਸਭ ਕੁਝ ਬੰਦ ਕਰਨ ਦੀ ਨੌਬਤ ਨੇ ਸਕੂਲਾਂ, ਕਾਲਜਾਂ ਨੂੰ ਵੀ ਤਾਲੇ ਮਰਵਾ ਦਿੱਤੇ। ਮਾਰਚ ਮਹੀਨੇ ਵਿੱਚ ਹੀ ਸਕੂਲਾਂ ਦੀ ਤਾਲਾਬੰਦੀ ਹੋਣ ਨਾਲ ਪ੍ਰੀਖਿਆਵਾਂ ਕਰਵਾਉਣ ਅਤੇ ਨਵੇਂ ਦਾਖਲਿਆਂ ਦਾ ਕੰਮ ਅੱਧ ਵਿਚਾਲੇ ਹੀ ਲਟਕ ਗਿਆ। ਬੱਚਿਆਂ ਦੀ ਪੜ੍ਹਾਈ ਦੇ ਨੁਕਸਾਨ ਨੂੰ ਲੈ ਕੇ ਫਿਕਰਮੰਦੀ ਦਾ ਦੌਰ ਸ਼ੁਰੂ ਹੋ ਗਿਆ। ਇਸੇ ਦੌਰਾਨ ਸਕੂਲਾਂ-ਕਾਲਜਾਂ ਦੇ ਅਧਿਆਪਕਾਂ ਨੇ ਘਰੋਂ ਹੀ ਵਿਦਿਆਰਥੀਆਂ ਨੂੰ ਵਟਸਐਪ, ਈ-ਪਾਠਸ਼ਾਲਾ, ਗੂਗਲ ਕਲਾਸਰੂਮ, ਜ਼ੂਮ-ਐਪ, ਯੂ-ਟਿਊਬ ਚੈਨਲਾਂ ਆਦਿ ਰਾਹੀਂ ਅਸਾਈਨਮੈਂਟਸ, ਪੀਡੀਐੱਫ ਫਾਈਲਾਂ ਭੇਜ ਕੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪ੍ਰਾਈਵੇਟ ਸਕੂਲਾਂ ਨੇ ਤਾਂ ਲਾਕਡਾਊਨ ਦੇ 10 ਦਿਨਾਂ ਅੰਦਰ-ਅੰਦਰ ਹੀ ਵਟਸਐਪ ਗਰੁੱਪ ਬਣਾ ਕੇ ਵੱਡੀਆਂ ਜਮਾਤਾਂ ਤੋਂ ਲੈ ਕੇ ਨਰਸਰੀ ਤਕ ਦੇ ਬੱਚਿਆਂ ਨੂੰ ਗਰੁੱਪਾਂ ਵਿੱਚ ਐਡ ਕਰ ਲਿਆ। ਮਾਪਿਆਂ ਨੂੰ ਫੋਨ 'ਤੇ ਤੜਾਤੜ ਮੈਸੇਜ ਆਉਣ ਲੱਗੇ, ਜਿਸਨੇ ਉਹਨਾਂ ਨੂੰ ਪ੍ਰੇਸ਼ਾਨੀ ਵਿੱਚ ਪਾ ਦਿੱਤਾ ਕਿਉਂਕਿ ਬੱਚਿਆਂ ਨੂੰ ਇਸ ਤਰ੍ਹਾਂ ਪੜ੍ਹਨ ਦੀ ਆਦਤ ਨਹੀਂ ਸੀ ਤੇ ਦੂਜਾ ਮਾਪਿਆਂ ਵੱਲੋਂ ਉਹਨਾਂ ਨੂੰ ਫੋਨ 'ਤੇ ਪੜ੍ਹਨ ਲਈ ਬਿਠਾਉਣਾ ਔਖਾ ਹੋ ਗਿਆ। ਬੱਚੇ ਪੜ੍ਹਨ ਲਈ ਫੋਨ ਤਾਂ ਲੈਂਦੇ ਪਰ ਪੜ੍ਹਦੇ ਘੱਟ ਤੇ ਗੇਮਜ਼ ਵੱਧ ਖੇਡਣ ਲੱਗ ਪਏ। ਫੋਨ ਸਾਰਾ ਦਿਨ ਬੱਚਿਆਂ ਕੋਲ ਰਹਿਣ ਕਾਰਨ ਕਈ ਜ਼ਰੂਰੀ ਸੁਨੇਹੇ ਵੀ ਮਾਪਿਆਂ ਤਕ ਨਹੀਂ ਪਹੁੰਚ ਪਾਉਂਦੇ।

ਦੂਜੇ ਪਾਸੇ ਸਕੂਲਾਂ ਦਾ ਮਕਸਦ ਸਿਰਫ ਪੜ੍ਹਾਈ ਕਰਾਉਣਾ ਹੀ ਨਹੀਂ ਸੀ, ਇਹ ਵੀ ਸਾਹਮਣੇ ਆ ਗਿਆ। ਬਹੁਤੇ ਸਕੂਲਾਂ ਨੇ ਸਿਰਫ ਫੀਸਾਂ ਲੈਣ ਲਈ ਹੀ ਆਨਲਾਈਨ ਪੜ੍ਹਾਈ ਸ਼ੁਰੂ ਕਰਵਾਈ ਕਿਉਂਕਿ ਦੋ ਚਾਰ ਦਿਨਾਂ ਵਿੱਚ ਹੀ ਫੀਸਾਂ ਜਮ੍ਹਾਂ ਕਰਵਾਉਣ ਲਈ ਮਾਪਿਆਂ ਨੂੰ ਨੋਟਿਸ ਜਾਰੀ ਕਰ ਦਿੱਤੇ ਗਏ। ਸਭ ਕੰਮ ਧੰਦੇ ਤੇ ਕਾਰੋਬਾਰ ਬੰਦ ਹੋਣ ਕਾਰਨ ਪ੍ਰੇਸ਼ਾਨੀ ਵਿੱਚ ਘਿਰੇ ਮਾਪਿਆਂ ਲਈ ਇਹ ਬਹੁਤ ਵੱਡਾ ਬੋਝ ਆਣ ਪਿਆ। ਜਿਸਦਾ ਉਹਨਾਂ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤਾਂ ਅਖੀਰ ਸਰਕਾਰ ਨੂੰ ਸਖ਼ਤੀ ਨਾਲ ਕਹਿਣਾ ਪਿਆ ਕਿ ਕੋਈ ਵੀ ਸਕੂਲ, ਮਾਪਿਆਂ ਨੂੰ ਫੀਸਾਂ ਜਮ੍ਹਾਂ ਕਰਵਾਉਣ ਲਈ ਮਜਬੂਰ ਨਹੀਂ ਕਰ ਸਕਦਾ। ਇਹਨਾਂ ਹਾਲਾਤ ਬਾਰੇ ਪੈਂਦਾ ਰੌਲਾ ਮੀਡੀਆ 'ਤੇ ਹੁੰਦੀਆਂ ਬਹਿਸਾਂ ਰਾਹੀਂ ਵੀ ਹਰ ਇੱਕ ਨੇ ਸੁਣਿਆ। ਸਕੂਲ ਪ੍ਰਬੰਧਕਾਂ ਦਾ ਕਹਿਣਾ ਸੀ ਕਿ ਜੇ ਮਾਪਿਆਂ ਵੱਲੋਂ ਫੀਸ ਜਮ੍ਹਾਂ ਨਹੀਂ ਕਰਵਾਈ ਜਾਂਦੀ ਤਾਂ ਅਸੀਂ ਆਪਣੇ ਸਟਾਫ ਨੂੰ ਤਨਖਾਹਾਂ ਨਹੀਂ ਦੇ ਸਕਦੇ। ਇਸ ਤਰ੍ਹਾਂ ਇਹ ਮਾਮਲਾ ਹਾਈਕੋਰਟ ਤਕ ਪਹੁੰਚ ਗਿਆ। ਅਖੀਰ ਹਾਈਕੋਰਟ ਨੇ ਫੈਸਲਾ ਸੁਣਾ ਦਿੱਤਾ ਕਿ ਮਾਪਿਆਂ ਵੱਲੋਂ 70% ਫੀਸ ਜਮ੍ਹਾਂ ਕਰਵਾਈ ਜਾਵੇ ਅਤੇ ਸਕੂਲ ਵੀ ਆਪਣੇ ਸਟਾਫ ਨੂੰ 70% ਤਨਖਾਹ ਦੇਣ।

ਸਭ ਪ੍ਰਾਈਵੇਟ ਸਕੂਲ ਇੱਕ ਤਰ੍ਹਾਂ ਦੇ ਨਹੀਂ ਤੇ ਨਾ ਹੀ ਅਧਿਆਪਕਾਂ ਦੀ ਤਨਖਾਹ ਇੱਕ ਸਾਰ ਹੁੰਦੀ ਹੈ। ਜਿਸ ਕਾਰਨ ਇਹ ਫ਼ਰਮਾਨ ਕਈਆਂ ਲਈ ਵਰਦਾਨ ਤੇ ਕਈਆਂ ਲਈ ਸਰਾਪ ਸਿੱਧ ਹੋਇਆ। ਮਸਲਨ ਇਸ ਵਿੱਚ ਵੀ ਕਈ ਸਕੂਲ ਮਾਲਕ ਤਾਂ ਘਰ ਬੈਠੇ ਕਮਾਈ ਕਰਨ ਲੱਗੇ ਤੇ ਕਈ ਸਕੂਲਾਂ ਦੇ ਤਾਂ ਖਰਚੇ ਵੀ ਪੂਰੇ ਨਹੀਂ ਹੋ ਰਹੇ। ਇਸੇ ਤਰ੍ਹਾਂ ਅਧਿਆਪਕ, ਜਿਨ੍ਹਾਂ ਦੀਆਂ ਤਨਖਾਹਾਂ ਵਧੇਰੇ ਹਨ, ਉਹਨਾਂ ਨੂੰ 70% ਨਾਲ ਵੀ ਘਰ ਚਲਾਉਣਾ ਔਖਾ ਨਹੀਂ ਜਦਕਿ ਘੱਟ ਤਨਖਾਹ ਵਾਲੇ ਅਧਿਆਪਕਾਂ ਲਈ ਬਹੁਤ ਵੱਡੀ ਮੁਸ਼ਕਲ ਬਣ ਗਈ।

ਉੱਧਰ ਵੱਡੀ ਗਿਣਤੀ ਵਿੱਚ ਮਾਪੇ ਕਮਾਈ ਦਾ ਕੋਈ ਸਾਧਨ ਨਾ ਹੋਣ ਕਾਰਨ ਫੀਸਾਂ ਭਰਨ ਤੋਂ ਅਸਮਰਥ ਹਨ। ਮਾਪਿਆਂ ਕੋਲ ਜੋ ਥੋੜ੍ਹੀ ਬਹੁਤੀ ਜਮ੍ਹਾਂ ਪੂੰਜੀ ਸੀ, ਉਹ ਤਾਂ ਤਾਲਾਬੰਦੀ ਕਾਰਨ ਘਰ ਦਾ ਗੁਜ਼ਾਰਾ ਚਲਾਉਣ ਵਿੱਚ ਹੀ ਖਰਚ ਹੋ ਗਈ ਹੈ। ਜ਼ਮੀਨੀ ਹਕੀਕਤ ਸਮਝੇ ਬਗੈਰ ਹੀ ਫੀਸਾਂ ਜਮ੍ਹਾਂ ਕਰਵਾਉਣ ਦੇ ਫਰਮਾਨ ਜਾਰੀ ਕਰ ਦਿੱਤੇ ਗਏ, ਜਿਸਨੂੰ ਲਾਗੂ ਕਰ ਸਕਣਾ ਸੰਭਵ ਨਜ਼ਰ ਆ ਰਿਹਾ।

ਇਸੇ ਦੌਰਾਨ ਇਹ ਸਵਾਲ ਵੀ ਵੱਡੀ ਪੱਧਰ 'ਤੇ ਉਠਾਇਆ ਗਿਆ ਹੈ ਕਿ ਜਦੋਂ ਪ੍ਰਾਈਵੇਟ ਸਕੂਲ ਮਨਮਰਜ਼ੀ ਦੀਆਂ ਫੀਸਾਂ ਲੈਣ ਦੇ ਨਾਲ-ਨਾਲ ਕਿਤਾਬਾਂ, ਕਾਪੀਆਂ ਅਤੇ ਵਰਦੀਆਂ ਵੀ ਮਹਿੰਗੇ ਭਾਅ ਵੇਚਦੇ ਹਨ, ਫਿਰ ਕੀ ਉਹ ਕਿਸੇ ਕੁਦਰਤੀ ਆਫ਼ਤ ਦੇ ਅਚਾਨਕ ਆ ਜਾਣ ਕਾਰਨ ਬੱਚਿਆਂ ਦੀ ਦੋ ਮਹੀਨੇ ਦੀ ਫੀਸ ਮੁਆਫ਼ ਕਰਨ ਦੇ ਨਾਲ-ਨਾਲ ਆਪਣੇ ਸਟਾਫ ਨੂੰ ਸੰਭਾਲ ਵੀ ਨਹੀਂ ਸਕਦੇ ? ਜਦਕਿ ਆਨਲਾਈਨ ਪੜ੍ਹਾਈ ਦਾ ਸੱਚ ਇਹ ਹੈ ਕਿ ਹਰ ਘਰ ਵਿੱਚ ਸਭ ਸਹੂਲਤਾਂ ਨਹੀਂ ਕਿ ਸਾਰੇ ਬੱਚੇ ਆਨਲਾਈਨ ਪੜ੍ਹਾਈ ਕਰ ਸਕਣ। ਜਿਹਨਾਂ ਬੱਚਿਆਂ ਦੇ ਮਾਪੇ ਕੰਮਾਂਕਾਰਾਂ ਵਿੱਚ ਲੱਗੇ ਹੋਏ ਹਨ, ਉਹ ਆਪਣਾ ਫੋਨ ਨਾਲ ਲੈ ਕੇ ਜਾਣ ਲਈ ਮਜਬੂਰ ਹਨ। ਕਈ ਘਰਾਂ ਵਿੱਚ ਇੱਕ ਸਮਾਰਟ ਫੋਨ ਤੇ ਪੜ੍ਹਨ ਵਾਲੇ ਬੱਚੇ ਦੋ ਜਾਂ ਤਿੰਨ ਹਨ। ਇਸੇ ਕਰਕੇ ਕੁਝ ਮਾਪਿਆਂ ਨੂੰ ਤਾਂ ਖੜ੍ਹੇ ਪੈਰ ਸਮਾਰਟ ਫੋਨ ਖਰੀਦਣੇ ਪਏ। ਪਰ ਵੱਡੀ ਗਿਣਤੀ ਵਿੱਚ ਮਾਪਿਆਂ ਦੀ ਆਰਥਿਕਤਾ ਇਸਦੀ ਇਜਾਜ਼ਤ ਨਹੀਂ ਦਿੰਦੀ। ਦੋਵੇਂ ਧਿਰਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ।

ਹਰ ਸਕੂਲ ਦਾ ਬੱਚਿਆਂ ਨੂੰ ਪੜ੍ਹਾਉਣ ਦਾ ਆਪਣਾ ਆਪਣਾ ਢੰਗ ਹੈ। ਕੋਈ ਵਟਸਐਪ ਗਰੁੱਪ ਰਾਹੀਂ ਪੜ੍ਹਾਈ ਕਰਾ ਰਿਹਾ ਤੇ ਕੋਈ ਸਕੂਲ, ਲਾਈਵ ਕਲਾਸਾਂ ਲੈ ਰਿਹਾ। ਲਾਈਵ ਚੱਲਦੀ ਕਲਾਸ ਵਿੱਚ ਅੱਧੇ ਬੱਚੇ ਵੀ ਸ਼ਾਮਲ ਨਹੀਂ ਹੋ ਪਾਉਂਦੇ। ਅੱਖੀਂ ਵੇਖਣ ਅਨੁਸਾਰ ਚੱਲ ਰਹੀ ਕਲਾਸ ਵਿੱਚ ਕਦੇ 25 ਬੱਚੇ ਵੀ ਸ਼ਾਮਲ ਨਹੀਂ ਹੁੰਦੇ ਜਦਕਿ ਕਲਾਸ ਦੇ ਟੋਟਲ ਬੱਚੇ 50 ਤੋਂ ਵਧੇਰੇ ਹਨ। ਇਸ ਸਿਸਟਮ ਰਾਹੀਂ ਕੀਤੀ ਜਾ ਰਹੀ ਪੜ੍ਹਾਈ ਦਾ ਸੱਚ ਇਹ ਵੀ ਹੈ ਕਿ ਛੋਟੇ ਬੱਚੇ ਫੋਨ ਆਨ ਕਰਕੇ ਰੱਖ ਤਾਂ ਲੈਂਦੇ ਹਨ ਪਰ ਆਪ ਸ਼ਰਾਰਤਾਂ ਕਰਨ ਵਿੱਚ ਮਸਤ ਹੁੰਦੇ। ਜੋ 25 ਬੱਚੇ ਲਾਈਵ ਕਲਾਸ ਲਗਾ ਵੀ ਰਹੇ ਹੁੰਦੇ ਹਨ, ਉਹਨਾਂ ਵਿੱਚੋਂ ਵੀ ਮਸਾਂ 5, 7 ਬੱਚੇ ਐਕਟਿਵ ਹੁੰਦੇ ਹਨ ਜੋ ਅਧਿਆਪਕ ਦੀਆਂ ਗੱਲਾਂ ਵਿੱਚ ਦਿਲਚਸਪੀ ਲੈਂਦੇ ਅਤੇ ਸਵਾਲ ਜਵਾਬ ਕਰਦੇ ਹਨ। ਅਸਲ ਵਿੱਚ ਘਰ ਬੈਠੇ ਬੱਚਿਆਂ ਨੂੰ ਇਹ ਪਤਾ ਹੈ ਕਿ ਸਕੂਲ ਲੱਗਣੇ ਨਹੀਂ, ਕੰਮ ਕਰੀਏ ਜਾਂ ਨਾ, ਕੋਈ ਫਰਕ ਨਹੀਂ ਪੈਣਾ। ਦੂਜੇ ਪਾਸੇ ਬਹੁਤੇ ਸਕੂਲ ਵਟਸਐਪ ਗਰੁੱਪਾਂ ਵਿੱਚ ਹਰ ਸਬਜੈਕਟ ਨਾਲ ਸੰਬੰਧਿਤ ਵੀਡੀਓ, ਆਡੀਓ ਅਤੇ ਫੋ ਟੋ ਪਾ ਕੇ ਹੀ ਕੰਮ ਚਲਾ ਰਹੇ ਹਨ। ਜੋ ਬੱਚੇ ਗਰੁੱਪ ਵਿੱਚ ਐਡ ਹਨ, ਉਹਨਾਂ ਸਭ ਕੁਝ ਆਪ ਪੜ੍ਹਨਾ ਹੈ ਜਾਂ ਫਿਰ ਮਾਪਿਆਂ ਨੂੰ ਪੜ੍ਹਾਉਣਾ ਪੈ ਰਿਹਾ ਹੈ। ਜੇਕਰ ਅਧਿਆਪਕ ਨੇ ਸੈਲਫ ਸਟੱਡੀ ਲਈ ਕੋਈ ਲਿੰਕ ਭੇਜਿਆ ਹੈ ਤਾਂ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਕਿ ਵਿਦਿਆਰਥੀ ਨੇ ਉਸ ਨੂੰ ਖੋਲ੍ਹ ਕੇ ਵੇਖਿਆ ਵੀ ਹੋਵੇ। ਜੇ ਮਾਂ-ਬਾਪ ਇਸ ਬਾਰੇ ਅਧਿਆਪਕਾਂ ਨੂੰ ਸਵਾਲ ਕਰਦੇ ਹਨ ਤਾਂ ਅੱਗੋਂ ਉਹਨਾਂ ਦਾ ਕਹਿਣਾ ਹੁੰਦਾ ਕਿ ਉਨ੍ਹਾਂ ਤਾਂ ਆਪਣਾ ਸਿਲੇਬਸ ਪੂਰਾ ਕਰਵਾਉਣਾ ਹੈ।

ਆਨਲਾਈਨ ਪੜ੍ਹਾਈ ਦੀ ਦੌੜ ਵਿੱਚ ਇਹ ਹਕੀਕਤ ਵੀ ਅੱਖੋਂ-ਪਰੋਖੇ ਹੋ ਰਹੀ ਹੈ ਕਿ ਸਾਰੇ ਵਿਦਿਆਰਥੀਆਂ ਦਾ ਦਿਮਾਗੀ ਪੱਧਰ ਇੱਕੋ ਜਿਹਾ ਨਹੀਂ ਹੁੰਦਾ। ਮੋਬਾਇਲ ਜਾਂ ਕੰਪਿਊਟਰ ਸਕਰੀਨ ਤੋਂ ਪੜ੍ਹ ਕੇ ਆਪੇ ਹੀ ਗੱਲ ਨੂੰ ਸਮਝਣਾ ਹਰੇਕ ਵਿਦਿਆਰਥੀ ਦੇ ਵੱਸ ਦੀ ਗੱਲ ਨਹੀਂ ਹੁੰਦੀ। ਗੁਰੂ ਬਿਨਾਂ ਗਿਆਨ ਨਹੀਂ ਅਨੁਸਾਰ ਅਧਿਆਪਕਾਂ ਨਾਲ ਸਿੱਧੀ ਗੱਲਬਾਤ ਨਾ ਹੋਣ ਕਾਰਨ, ਬੱਚਿਆਂ ਨੂੰ ਸਭ ਸਮਝ ਆ ਜਾਵੇ, ਮੁਮਕਿਨ ਨਹੀਂ।

ਦਰਅਸਲ, ਆਨਲਾਈਨ ਸਿੱਖਿਆ ਕਲਾਸ ਵਿੱਚ ਪੜ੍ਹਾ ਰਹੇ ਅਧਿਆਪਕ ਦਾ ਬਦਲ ਬਿਲਕੁਲ ਨਹੀਂ ਹੈ। ਕਲਾਸ ਵਿੱਚ ਅਧਿਆਪਕ ਬੱਚਿਆਂ ਦੇ ਚਿਹਰੇ ਦੇ ਹਾਵ-ਭਾਵ ਪੜ੍ਹ ਕੇ ਪੜ੍ਹਾਉਂਦਾ ਹੈ ਕਿਉਂਕਿ ਉਸ ਦਾ ਹਰ ਵਿਦਿਆਰਥੀ ਨਾਲ ਅੱਖਾਂ ਰਾਹੀਂ ਤਾਲਮੇਲ ਬਣਿਆ ਹੁੰਦਾ ਹੈ। ਲੋੜ ਪੈਣ 'ਤੇ ਉਹ ਆਪਣੀ ਗੱਲ ਦੁਹਰਾਉਂਦਾ ਹੈ। ਇਕੱਲੇ-ਇਕੱਲੇ ਬੱਚੇ ਨੂੰ ਸਵਾਲ-ਜਵਾਬ ਕਰਦਾ ਹੈ। ਇੱਥੋਂ ਤਕ ਕਿ ਉਹ ਸੰਬੰਧਿਤ ਸਬਜੈਕਟ ਪੜ੍ਹਾਉਂਦਾ ਹੋਇਆ ਵੀ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਦੀ ਗੱਲ ਕਰ ਜਾਂਦਾ ਹੈ ਜੋ ਸਿੱਖਿਆ ਦਾ ਇੱਕ ਬਹੁਤ ਜ਼ਰੂਰੀ ਪੱਖ ਹੈ। ਇਸ ਲਈ ਆਨਲਾਈਨ ਪੜ੍ਹਾਈ ਨੂੰ ਇੱਕ ਸਹਾਇਕ ਤਕਨੀਕ ਵਜੋਂ ਤਾਂ 'ਜੀ ਆਇਆਂ' ਕਿਹਾ ਜਾ ਸਕਦਾ ਹੈ ਪਰ ਵਿਦਿਆਰਥੀਆਂ ਦੇ ਰੂਬਰੂ ਹੋ ਕੇ ਪੜ੍ਹਾ ਰਹੇ ਅਧਿਆਪਕ ਦਾ ਕੋਈ ਮੁਕਾਬਲਾ ਨਹੀਂ, ਇਹ ਵੀ ਅਟੱਲ ਸੱਚਾਈ ਹੈ। ਕੁਝ ਹੱਦ ਤਕ ਹੀ ਇਹ ਕੰਮ ਸਾਰਥਕ ਮੰਨਿਆ ਜਾ ਸਕਦਾ ਹੈ। ਆਨਲਾਈਨ ਪੜ੍ਹਾਈ ਕਰਨ ਲਈ ਫੋਨ, ਲੈਪਟਾਪ ਨਾਲ ਲਗਾਤਾਰ ਜੁੜੇ ਰਹਿਣ ਵਾਲੇ ਬੱਚਿਆਂ ਦੀ ਸਿਹਤ 'ਤੇ ਵੀ ਬੁਰਾ ਪ੍ਰਭਾਵ ਪੈ ਰਿਹਾ ਹੈ। ਉਹਨਾਂ ਦੇ ਸੁਭਾਅ ਵਿੱਚ ਚਿੜਚਿੜਾਪਨ ਆਉਣ, ਸਿਰ ਦੁਖਣ ਦੇ ਨਾਲ-ਨਾਲ ਅੱਖਾਂ ਅਤੇ ਕੰਨਾਂ ਦਾ ਵੀ ਭਾਰੀ ਨੁਕਸਾਨ ਹੋ ਰਿਹਾ। ਸਾਰਾ ਦਿਨ ਹੈੱਡਫੋਨ ਲਗਾਉਣ ਨਾਲ ਉਹਨਾਂ ਦੀ ਸੁਣਨ ਸਮਰੱਥਾ ਪ੍ਰਭਾਵਤ ਹੋ ਰਹੀ ਹੈ।

ਅਧਿਆਪਕਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ। ਉੱਚ ਡਿਗਰੀਆਂ ਪ੍ਰਾਪਤ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਭੋਗਦੇ ਹੋਏ, ਸਰਕਾਰੀ ਨੌਕਰੀਆਂ ਨਾ ਮਿਲਣ ਕਾਰਨ ਪ੍ਰਾਈਵੇਟ ਅਦਾਰਿਆਂ ਵਿੱਚ ਆਪਣੀ ਲੁੱਟ ਕਰਵਾ ਰਹੇ ਹਨ। ਉਹ ਸੱਤ, ਅੱਠ ਹਜ਼ਾਰ ਰੁਪਏ ਬਦਲੇ ਸਾਰਾ ਸਾਰਾ ਦਿਨ ਕੰਮ ਕਰਨ ਲਈ ਮਜਬੂਰ ਹਨ। ਤਾਲਾਬੰਦੀ ਦੌਰਾਨ ਵੀ ਇਹਨਾਂ ਦੀ ਲੁੱਟ ਬਰਕਰਾਰ ਹੈ। ਬਹੁਤੇ ਸਕੂਲ ਇਹਨਾਂ ਅਧਿਆਪਕਾਂ ਤੋਂ ਘਰੇ ਬੈਠਿਆਂ ਹੀ 12 ਤੋਂ 14 ਘੰਟੇ ਤਕ ਕੰਮ ਲੈ ਰਹੇ ਹਨ। ਅਧਿਆਪਕਾਂ ਵੱਲੋਂ ਬੱਚਿਆਂ ਨੂੰ ਪੜ੍ਹਾਉਣ ਲਈ ਬਣਾਈ ਆਡੀਓ, ਵੀਡੀਓ ਬਹੁਤੀ ਵਾਰ ਸਕੂਲ ਪ੍ਰਬੰਧਕਾਂ ਨੂੰ ਪਸੰਦ ਨਹੀਂ ਆਉਂਦੀ, ਜਿਸ ਕਾਰਨ ਅਧਿਆਪਕ ਸਾਰਾ ਦਿਨ ਇਸੇ ਕੰਮ ਵਿੱਚ ਉਲਝਿਆ ਰਹਿੰਦਾ। ਇੱਕ ਅਧਿਆਪਕਾ ਦੇ ਦੱਸਣ ਅਨੁਸਾਰ ਸਵੇਰੇ 8 ਵਜੇ ਤੋਂ ਲੈ ਕੇ ਰਾਤ 10, 11 ਵਜੇ ਤਕ ਵੀ ਕੰਮ ਕਰਨਾ ਪੈਂਦਾ ਹੈ ਕਿਉਂਕਿ ਛੋਟੇ ਬੱਚਿਆਂ ਨੂੰ ਪੜ੍ਹਾਈ ਨਾਲ ਜੋੜੀ ਰੱਖਣ ਲਈ ਰੋਜ਼ ਰੰਗਦਾਰ ਸ਼ੀਟਜ ਤਿਆਰ ਕਰਕੇ ਵਟਸਐਪ ਗਰੁੱਪ ਵਿੱਚ ਪਾਉਣੀਆਂ ਪੈਂਦੀਆਂ। ਇਹ ਕੰਮ ਨੇਪਰੇ ਚਾੜ੍ਹਨ ਲਈ ਕਈ ਵਾਰ ਉਹਨਾਂ ਨੂੰ ਖਾਣਾ ਬਣਾਉਣ ਦਾ ਸਮਾਂ ਵੀ ਨਹੀਂ ਮਿਲਦਾ। ਵਿਰੋਧ ਕਰ ਨਹੀਂ ਸਕਦੇ ਕਿਉਂਕਿ ਕੰਮ ਖੁਸਣ ਦਾ ਡਰ ਹਰ ਸਮੇਂ ਘੇਰੀ ਰੱਖਦਾ ਹੇ। ਇਹ ਵੀ ਸਚਾਈ ਹੈ ਕਿ ਜਿਨ੍ਹਾਂ ਅਧਿਆਪਕਾਂ ਨੂੰ ਕੰਪਿਊਟਰ ਦਾ ੳ ਅ ਵੀ ਨਹੀਂ ਆਉਂਦਾ ਸੀ, ਉਨ੍ਹਾਂ ਨੂੰ ਅਚਾਨਕ ਸਕੂਲ ਪ੍ਰਬੰਧਕਾਂ ਨੇ ਟਾਈਪਿੰਗ ਕਰਨ ਲਈ ਮਜਬੂਰ ਕਰ ਦਿੱਤਾ। ਨਵੀਂ ਪੀੜ੍ਹੀ ਲਈ ਇਹ ਕਰਨਾ ਸ਼ਾਇਦ ਔਖਾ ਨਹੀਂ ਸੀ ਪਰ ਵੱਡੀ ਉਮਰ ਵਾਲੇ ਅਧਿਆਪਕਾਂ ਲਈ ਇਹ ਵੱਡੀ ਸਿਰਦਰਦੀ ਹੋ ਨਿੱਬੜਿਆ। ਹਰ ਅਧਿਆਪਕ ਕੋਲ ਲੈਪਟਾਪ ਜਾਂ ਕੰਪਿਊਟਰ ਨਾ ਹੋਣ ਕਾਰਨ, ਉਹਨਾਂ ਨੂੰ ਸਮਾਰਟ ਫੋਨ 'ਤੇ ਹੀ ਟਾਈਪਿੰਗ ਵਗੈਰਾ ਦਾ ਕੰਮ ਕਰਨਾ ਪੈਂਦਾ ਜਿਸ ਕਾਰਨ ਉਹਨਾਂ ਦਾ ਲਗਾਤਾਰ ਸਿਰ ਦੁਖਣ ਦੇ ਨਾਲ-ਨਾਲ ਅੱਖਾਂ 'ਤੇ ਵੀ ਬੁਰਾ ਅਸਰ ਹੋ ਰਿਹਾ। ਇੰਨੇ ਵੱਡੇ ਪੱਧਰ 'ਤੇ ਸਿਲੇਬਸ ਦੀ ਆਨਲਾਈਨ ਪੜ੍ਹਾਈ ਕਰਵਾਉਣ ਬਾਰੇ ਨਾ ਤਾਂ ਅਧਿਆਪਕਾਂ ਨੇ ਕਦੇ ਸੋਚਿਆ ਸੀ, ਨਾ ਹੀ ਵਿਦਿਆਰਥੀਆਂ ਨੇ।

ਇਸੇ ਦੌਰਾਨ ਇੱਕ ਹੋਰ ਗੱਲ ਵੀ ਸਾਹਮਣੇ ਆਈ ਕਿ ਵਟਸਐਪ ਗਰੁੱਪ ਬਣਾਉਣ ਸਮੇਂ ਕਈ ਸਕੂਲਾਂ ਨੇ ਅਧਿਆਪਕਾਂ ਦਾ ਤਾਂ ਸਾਂਝਾ ਵਟਸਐਪ ਗਰੁੱਪ ਬਣਾਇਆ ਪਰ ਮਾਪਿਆਂ (ਬੱਚਿਆਂ) ਲਈ ਬਰੌਡਕਾਸਟ ਲਿਸਟਾਂ ਬਣਾਉਣ ਨੂੰ ਪਹਿਲ ਦਿੱਤੀ। ਇਸ ਪਿਛਲਾ ਕਾਰਨ ਇਹ ਕਿ ਸਕੂਲ ਪ੍ਰਬੰਧਕਾਂ ਨੂੰ ਡਰ ਸਤਾਉਣ ਲੱਗਾ ਕਿਤੇ ਮਾਂਪੇ ਆਪਣਾ ਵੱਖਰਾ ਗਰੁੱਪ ਬਣਾ ਕੇ ਸਕੂਲ ਦੇ ਫੈਸਲੇ ਵਿਰੁੱਧ ਨਾ ਹੋ ਜਾਣ। ਮਤਲਬ ਉਹਨਾਂ ਦਾ ਆਪਸੀ ਤਾਲਮੇਲ ਨਾ ਬਣ ਸਕੇ ਕਿਉਂਕਿ ਫੀਸਾਂ ਨੂੰ ਲੈ ਕੇ ਮਾਮਲਾ ਬਹੁਤ ਗਰਮਾਇਆ ਹੋਇਆ ਹੈ। ਇੱਕ ਹੋਰ ਸਕੂਲ ਅਧਿਆਪਕ ਦੇ ਦੱਸਣ ਅਨੁਸਾਰ ਉਹਨਾਂ ਵਟਸਐਪ ਗਰੁੱਪ ਵਿੱਚ ਮਾਪਿਆਂ ਨੂੰ ਵੀ ਸ਼ਾਮਲ ਕੀਤਾ ਸੀ, ਜਦੋਂ ਗਰੁੱਪ ਵਿੱਚ ਫੀਸ ਜਮ੍ਹਾਂ ਕਰਵਾਉਣ ਦੀ ਮੰਗ ਕੀਤੀ ਗਈ ਤਾਂ ਉਨ੍ਹਾਂ ਮਾਪਿਆਂ ਨੇ ਆਪਣਾ ਵੱਖਰਾ ਗਰੁੱਪ ਬਣਾ ਕੇ ਸਕੂਲ ਦੇ ਫੈਸਲੇ ਖਿਲਾਫ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਇਹ ਸਾਰਾ ਵਰਤਾਰਾ ਇਹ ਹੀ ਸਿੱਧ ਕਰਦਾ ਕਿ ਦੋਵੇਂ ਪਾਸੇ ਅਧਿਆਪਕ ਤੇ ਮਾਪੇ ਹੀ ਪਿਸ ਰਹੇ ਹਨ। ਦੋਵੇਂ ਧਿਰਾਂ ਪ੍ਰੇਸ਼ਾਨੀ ਵਿੱਚੋਂ ਗੁਜ਼ਰ ਰਹੀਆਂ ਹਨ। ਆਨਲਾਈਨ ਪੜ੍ਹਾਈ ਨੇ ਗੰਭੀਰ ਹਾਲਾਤ ਸਿਰਜ ਦਿੱਤੇ ਹਨ। ਵਧੇਰੇ ਬੱਚਿਆਂ ਨੂੰ ਪੜ੍ਹਾਈ ਦਾ ਹੁੰਦਾ ਨੁਕਸਾਨ ਚਿੰਤਾਗ੍ਰਸਤ ਕਰ ਰਿਹਾ ਹੈ। ਮਾਨਸੇ ਜ਼ਿਲ੍ਹੇ ਵਿੱਚ ਇੱਕ ਬੱਚੀ ਨੇ ਇਸ ਕਰਕੇ ਖੁਦਕੁਸ਼ੀ ਕਰ ਲਈ ਕਿ ਉਸਦੇ ਪਰਿਵਾਰ ਕੋਲ ਸਮਾਰਟ ਫ਼ੋਨ ਨਹੀਂ ਸੀ ਤੇ ਨਾ ਹੀ ਖ਼ਰੀਦਣ ਲਈ ਪੈਸੇ ਸਨ। ਪੜ੍ਹਾਈ ਦੇ ਨੁਕਸਾਨ ਹੋਣ ਦਾ ਅਹਿਸਾਸ ਉਸ ਨੂੰ ਮੌਤ ਵੱਲ ਖਿੱਚ ਕੇ ਲੈ ਗਿਆ। ਅੱਗੇ ਚੱਲ ਕੇ ਪਤਾ ਨਹੀਂ, ਇਹ ਹਾਲਾਤ ਕਿਸ ਪਾਸੇ ਲੈ ਜਾਣ ਕਿਉਂਕਿ ਫਿਲਹਾਲ ਸਕੂਲ ਅਗਸਤ/ਸਤੰਬਰ ਤਕ ਨਾ ਖੁੱਲ੍ਹਣ ਬਾਰੇ ਕਿਹਾ ਜਾ ਰਿਹਾ ਹੈ।

ਇੱਕ ਖਬਰ ਅਨੁਸਾਰ ਨਿਊਯਾਰਕ ਦੀ ਸਰਕਾਰ ਨੇ ਕੋਰੋਨਾ ਮਹਾਂਮਾਰੀ ਦੌਰਾਨ ਇਹ ਫ਼ੈਸਲਾ ਕੀਤਾ ਸੀ ਕਿ ਜਿੰਨੇ ਬੱਚਿਆਂ ਕੋਲ ਆਨਲਾਈਨ ਪੜ੍ਹਾਈ ਲਈ ਡਿਵਾਈਸ ਨਹੀਂ ਹਨ ਜਾਂ ਜਿਨ੍ਹਾਂ ਲੋਕਾਂ ਨੇ ਮੰਗੇ ਹਨ, ਸਰਕਾਰ ਨੇ ਆਪ ਦੇਣੇ ਸੀ। ਡਿਵਾਈਸ ਕੋਈ ਵੀ ਹੋ ਸਕਦਾ ਸੀ, ਫੋਨ, ਆਈਪੈਡ ਵਗੈਰਾ। ਗਰੀਬ ਜਾਂ ਜਿਨ੍ਹਾਂ ਨੂੰ ਜ਼ਿਆਦਾ ਜ਼ਰੂਰਤ ਸੀ, ਉਹਨਾਂ ਨੂੰ ਪਹਿਲਾਂ ਦਿੱਤੇ ਜਾਣੇ ਸੀ ਅਤੇ ਦੂਜਿਆਂ ਨੂੰ ਬਾਅਦ ਵਿੱਚ। ਪੂਰਾ ਮੋਬਾਇਲ ਡਾਟਾ ਵੀ ਨਾਲ ਦੇਣ ਦੀ ਗੱਲ ਕੀਤੀ ਗਈ ਸੀ। ਬੱਚਿਆਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਫੈਸਲਾ ਵੀ ਕੀਤਾ ਕਿ ਡਿਵਾਈਸ ਵਿੱਚ ਜਿਸ ਐਪਲੀਕੇਸ਼ਨ ਦੀ ਜ਼ਰੂਰਤ ਹੈ, ਸਿਰਫ ਉਹੀ ਹੋਣਗੀਆਂ, ਹੋਰ ਕੁਝ ਨਹੀਂ ਹੋਵੇਗਾ। ਜੇ ਕਿਸੇ ਪਰਿਵਾਰ ਵਿੱਚ ਇੱਕ ਤੋਂ ਜ਼ਿਆਦਾ ਬੱਚੇ ਸਨ ਤਾਂ ਬੱਚਿਆਂ ਦੀ ਗਿਣਤੀ ਮੁਤਾਬਕ ਡਿਵਾਈਸ ਮਿਲਣੇ ਸੀ। ਪਰ ਇਹ ਸਿਰਫ ਅਸਥਾਈ ਸਨ, ਜਦੋਂ ਹੀ ਕੋਰੋਨਾ ਖਤਮ ਹੋਵੇਗਾ ਤਾਂ ਬੱਚਿਆਂ ਵੱਲੋਂ ਸਰਕਾਰ ਨੂੰ ਇਹ ਵਾਪਸ ਕੀਤੇ ਜਾਣੇ ਸਨ। ਪਰ ਇੱਧਰ ਸਾਡੀਆਂ ਸਰਕਾਰਾਂ ਤਾਂ ਵੋਟਾਂ ਲੈਣ ਲਈ 'ਫੋਨ' ਦੇਣ ਦਾ ਲਾਲਚ ਜ਼ਰੂਰ ਦਿੰਦੀਆਂ ਪਰ ਹਕੀਕਤ ਵਿੱਚ ਕੁਝ ਨਹੀਂ ਹੁੰਦਾ। ਜੇ ਸਰਕਾਰ ਗੰਭੀਰ ਸਥਿਤੀ ਨੂੰ ਸਮਝ ਕੇ ਠੀਕ ਫੈਸਲਾ ਲਵੇ ਤਾਂ ਇਹ ਹਾਲਾਤ ਨਾ ਬਣਨ। ਸਰਕਾਰ ਦੇ ਹੱਥਾਂ ਵਿੱਚ ਸਭ ਕੁਝ ਹੁੰਦਾ ਹੈ। ਹੁਣ ਜਦੋਂ ਨਿੱਜੀ ਅਦਾਰੇ ਗੰਭੀਰ ਸਥਿਤੀ ਵਿੱਚ ਵੀ ਬਾਹਾਂ ਖੜ੍ਹੀਆਂ ਕਰ ਰਹੇ ਹਨ ਤਾਂ ਸਰਕਾਰ ਨੂੰ ਚਾਹੀਦਾ ਕਿ ਉਹ ਇਹਨਾਂ ਅਦਾਰਿਆਂ ਨੂੰ ਆਪਣੇ ਅਧੀਨ ਲਵੇ। ਸਰਕਾਰ ਵੱਲੋਂ ਹੀ ਫੀਸਾਂ ਅਤੇ ਸਟਾਫ ਦੀਆਂ ਤਨਖਾਹਾਂ ਤੈਅ ਕੀਤੀਆਂ ਜਾਣ, ਜਿਸ ਨਾਲ ਦੋਵਾਂ ਧਿਰਾਂ ਦੀ ਹੁੰਦੀ ਲੁੱਟ ਨੂੰ ਰੋਕਿਆ ਜਾ ਸਕਦਾ ਕਿਉਂਕਿ ਨਿੱਜੀ ਅਦਾਰੇ ਕਦੇ ਵੀ ਲੋਕਾਂ ਦੀਆਂ ਆਸਾ ਉਮੀਦਾਂ 'ਤੇ ਖਰੇ ਨਹੀਂ ਉੱਤਰ ਸਕਦੇ। ਇਨ੍ਹਾਂ ਦਾ ਮਕਸਦ ਸਿਰਫ ਮੁਨਾਫ਼ਾ ਕਮਾਉਣਾ ਹੀ ਹੁੰਦਾ ਅਤੇ ਮੁਨਾਫ਼ਾ ਕਿਰਤ ਦੀ ਲੁੱਟ ਬਿਨਾਂ ਕਮਾਇਆ ਨਹੀਂ ਜਾ ਸਕਦਾ। ਮੌਜੂਦਾ ਹਾਲਤਾਂ ਲਈ ਵੀ ਸਰਕਾਰਾਂ ਦੀ ਨਿੱਜੀਕਰਨ ਦੀ ਨੀਤੀ ਹੀ ਜ਼ਿੰਮੇਵਾਰ ਹੈ। ਪਰ 'ਕੋਰੋਨਾ ਮਹਾਂਮਾਰੀ' ਨੇ ਸਰਕਾਰੀ ਅਦਾਰਿਆਂ ਦੀ ਅਹਿਮੀਅਤ ਦਾ ਗਹਿਰਾ ਅਹਿਸਾਸ ਕਰਵਾਇਆ ਹੈ, ਉਹ ਚਾਹੇ ਹਸਪਤਾਲ ਹੋਣ ਜਾਂ ਸਕੂਲ। ਪਬਲਿਕ ਅਦਾਰਿਆਂ ਨੂੰ ਬਚਾਉਣਾ ਹੀ ਅੱਜ ਪ੍ਰਮੁੱਖ ਲੋੜ ਹੈ। ਬੇਰੁਜ਼ਗਾਰੀ ਨੂੰ ਠੱਲ੍ਹ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਯੋਗਤਾ ਮੁਤਾਬਿਕ ਕੰਮ ਤਾਂ ਹੀ ਮਿਲੇਗਾ ਜੇ ਇਹ ਅਦਾਰੇ ਸਲਾਮਤ ਰਹਿਣਗੇ।

**- ਨਰਿੰਦਰ ਕੌਰ ਸੋਹਲ**

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੇਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**
**(A Division of Media Partners Capital , Inc.)**

**Address :**
**P.O Box 7005 Hicksville New York 11801**

**Phone: 917 612 3158 TelFax : 516 342 1076**
**punjabiduniya@gmail.com, thesouthasianinsider@gmail.com**
**www.punjabiduniya.com**

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# ਸ਼ਬਦਾਂ ਦੇ ਪਰਦੇ 'ਚ ਬੇਈਮਾਨਾਂ ਦਾ ਦਾਅਵਾ ਅਤੇ ਇਮਾਨਦਾਰਾਂ ਦੀ ਮੰਗ

- ਮਲਕੀਤ ਸਿੰਘ ਭਵਾਨੀਗੜ੍ਹ



ਮਨੁੱਖ ਆਪਣੀ ਗੱਲ ਨੂੰ ਦੂਜੇ ਤੱਕ ਅੱਪੜਦੀ ਕਰਨ ਲਈ ਵੱਖ ਵੱਖ ਤਰੀਕੇ ਅਪਣਾਉਂਦਾ ਹੈ, ਜਿਸ ਵਿੱਚੋਂ ਸਭ ਤੋ ਵੱਧ ਬੋਲ ਕੇ ਹੀ ਉਹ ਆਪਣੀ ਗੱਲ ਦੂਜੇ ਕੋਲ ਕਰਦਾ ਹੈ। ਇਸ ਨੂੰ ਮੋਟੇ ਰੂਪ ਵਿੱਚ ਸਮਝਣ ਲਈ ਦੋ ਕਿਸਮ ਦੇ ਬੰਦੇ ਮੁੱਖ ਤੌਰ ਤੇ ਆਪਣੇ ਆਲੇ ਦੁਆਲੇ ਵੱਖ ਵੱਖ ਖੇਤਰਾਂ ਵਿੱਚ ਵਿਚਰਦੇ ਹਨ।ਪਹਿਲੇ ਜੋ ਰੂਹ ਤੋਂ ਅਤੇ ਇਮਾਨਦਾਰੀ ਤੋਂ ਢਿੱਡੋਂ ਆਪਣੀ ਗੱਲ ਕਹਿ ਦਿੰਦੇ ਹਨ ਅਤੇ ਦੂਜੇ ਦਿਮਾਗ ਦੇ ਜੋਰ ਨਾਲ ਸ਼ਬਦਾਂ ਦੇ ਪਰਦੇ ਚ ਆਪਣੀ ਗੱਲ ਰੱਖਦੇ ਹਨ।ਇਮਾਨਦਾਰੀ ਅਤੇ ਰੂਹ ਤੋਂ ਬੋਲੀ ਗਈ ਗੱਲ ਆਪ ਮੁਹਾਰੇ ਆਪਣਾ ਅਸਰ ਛੱਡਦੀ ਹੈ ਅਤੇ ਸ਼ਬਦਾਂ ਦੇ ਪਰਦੇ ਕਰਕੇ ਦੱਸੀ ਜਾ ਰਹੀ ਗੱਲ ਨੂੰ ਕਿਸੇ ਖਾਸ ਮਕਸਦ ਅਤੇ ਅਸਰ ਲਈ ਤਿਆਰ ਕੀਤਾ ਜਾਂਦਾ ਹੈ ਜਿਸ ਵਿੱਚ ਸ਼ਬਦਾਂ ਦੀ ਮੁੱਖ ਭੂਮਿਕਾ ਰਹਿੰਦੀ ਹੈ।ਖਾਸ ਮਕਸਦ ਅਕਸਰ ਹੀ ਧੋਖੇ ਦੀ ਬਿਰਤੀ ਅਤੇ ਨਿੱਜੀ ਸੁਆਰਥਾਂ ਦਾ ਗੱਠਜੋੜ ਹੁੰਦਾ ਹੈ। ਇਹਦੇ ਨਿਸ਼ਾਨੇ ਨਾ ਤਾਂ ਸੌਖਿਆਂ ਸਮਝ ਪੈਂਦੇ ਹਨ ਤੇ ਨਾ ਹੀ ਛੇਤੀ ਕਿਤੇ ਸ਼ੱਕ ਦੇ ਘੇਰੇ ਚ ਆਉਂਦੇ ਹਨ ਅਤੇ ਦਿਨ ਪਰ ਦਿਨ ਡੂੰਘੇ ਅਤੇ ਘਾਤਕ ਬਣਦੇ ਜਾਂਦੇ ਹਨ।

ਪਿਛਲੇ ਕੁਝ ਵਰ੍ਹਿਆਂ ਚ ਮਾਧਿਅਮਾਂ ਦੀ ਗਿਣਤੀ ਅਤੇ ਗੱਲ ਕਰਨ ਦੀ ਸੌਖ ਵਧਣ ਕਰਕੇ ਮਨੁੱਖ ਆਪਣੀ ਗੱਲ ਨੂੰ ਕਾਹਲ ਅਤੇ ਬਿਨਾ ਸੋਚੇ ਵਿਚਾਰੇ ਕਹਿਣ ਚ ਲੱਗਾ ਹੋਇਆ ਹੈ, ਨਾਲ ਹੀ ਫਰੇਬੀ ਵਿਰਤੀ ਦੇ ਬੰਦੇ ਲਾਹਾ ਲੈ ਰਹੇ ਹਨ ਜਿਸ ਕਰਕੇ ਗੱਲਾਂ ਆਵਾਜਾਈ ਬਹੁਤ ਜ਼ਿਆਦਾ ਹੈ ਤੇ ਪਰਖ ਦੇ ਗੇੜ ਚੋਂ ਲੰਘਾਉਣ ਲਈ ਸਰੋਤੇ ਥੋੜੇ ਹਨ। ਕੌਣ ਕੀ ਕਹਿ ਰਿਹਾ ਹੈ, ਕਿਉਂ ਕਹਿ ਰਿਹਾ ਹੈ ਅਤੇ ਕਿਵੇਂ ਕਹਿ ਰਿਹਾ ਹੈ ਇਹਦੇ ਚ ਉਤਰਣ ਲਈ ਵਕਤ, ਨਿਸ਼ਚਾ, ਵਿਸ਼ਵਾਸ਼, ਤਜ਼ਰਬਾ, ਆਤਮਿਕ ਅਵਸਥਾ ਅਤੇ ਜੋ ਬੁਨਿਆਦੀ ਨਾਪ ਤੋਲ ਸਾਡੇ ਸਨ, ਉਹ ਕਿਤੇ ਨਾ ਕਿਤੇ ਸਾਡੇ ਤੋਂ ਖੁੱਸੇ ਜ਼ਰੂਰ ਹਨ ਤਾਂਹੀ ਇਹ ਵਰਤਾਰੇ ਦੀ ਤਸਵੀਰ ਸਾਨੂੰ ਸਾਫ ਨਹੀਂ ਦਿਖ ਰਹੀ ਧੁੰਦਲੀ ਦਿਖ ਰਹੀ ਹੈ। ਇਸ ਧੁੰਦ ਵਿੱਚ ਕੌਣ ਨਜ਼ਦੀਕ ਹੈ ਅਤੇ ਕੌਣ ਨਜ਼ਦੀਕ ਹੋ ਕੇ ਵੀ ਦੂਰ ਹੈ ਇਹ ਉਲਝਣਤਾਣੀ 'ਚ ਬੰਦੇ ਦਿਨ ਪਰ ਦਿਨ ਫਸਦੇ ਜਾ ਰਹੇ ਹਨ।

ਇਹਦਾ ਅਸਰ ਬੁਨਿਆਦ ਤੋਂ ਭਟਕੇ ਬੰਦਿਆਂ ਤੇ ਬਹੁਤ ਛੇਤੀ ਅਤੇ ਸੌਖਿਆਂ ਹੋ ਜਾਂਦਾ ਹੈ, ਇਸ ਤਰ੍ਹਾਂ ਦੇ ਰੁਝਾਨ ਜਦੋਂ ਭਾਰੂ ਪੈਣ ਲੱਗ ਜਾਣ ਤਾਂ ਅਕਸਰ ਢਿੱਡੋਂ ਆਈਆਂ ਗੱਲਾਂ ਤੋਂ ਵੱਧ ਹੁੰਗਾਰਾ ਘੜ ਕੇ ਭੇਜੇ ਬੋਲਾਂ ਨੂੰ ਮਿਲਣ ਲੱਗ ਜਾਂਦਾ ਹੈ। ਕਿਉਂ ਜੋ ਬੰਦਾ ਆਪਣੇ ਆਪ ਦੀ ਸਹੀ ਪਹਿਚਾਣ ਤੋਂ ਦੂਰ ਹੁੰਦਾ ਹੈ ਤੇ ਰੂਹ ਤੋਂ ਆ ਰਹੇ ਬੋਲ ਬੰਦੇ ਦੀ ਬੁਨਿਆਦ ਹੁੰਦੇ ਹਨ ਇਸ ਕਰਕੇ ਉਹਦੀ ਕਸਵੱਟੀ ਸਹੀ ਨਿਤਾਰਾ ਨਹੀਂ ਕਰ ਪਾਉਂਦੀ।

ਦੂਜਾ ਇਹ ਕਿ ਬੰਦਾ ਕਾਹਲ ਦਾ ਸ਼ਿਕਾਰ ਹੋ ਗਿਆ ਹੈ, ਉਹ ਭਾਵੇਂ ਆਮ ਲੋਕਾਂ ਦੇ ਰੁਝਾਨ ਤੋਂ ਵੇਖ ਲਈਏ ਜਾਂ ਧਾਰਮਿਕ ਜਾਂ ਸਿਆਸੀ ਤੌਰ ਤੇ ਵਿਚਰਣ ਵਾਲਿਆਂ ਦੀ ਗਿਣਤੀ ਚੋਂ ਵੇਖ ਲਈਏ। ਜੇਕਰ ਬੁਨਿਆਦ ਤੇ ਝਾਤ ਪਾਈ ਜਾਵੇ ਤਾਂ ਇਕੱਲੀ ਕਾਹਲ ਸਾਡੇ ਕਿਸੇ ਵੀ ਅਮਲ ਦਾ ਹਿੱਸਾ ਨਹੀਂ ਰਹੀ ਤੇ ਸਾਡੀ ਕਾਹਲ ਦਾ ਵੱਡਾ ਲਾਭ ਸ਼ਬਦਾਂ ਦੇ ਪਰਦੇ ਕਰਨ ਵਾਲੇ ਬੰਦੇ ਲੈ ਰਹੇ ਹਨ। ਅਸੀਂ ਆਪਣੇ ਆਪ ਨੂੰ ਹਰ ਪੱਖ ਤੋਂ ਘਿਰਿਆ ਮਹਿਸੂਸ ਕਰਨ ਲੱਗ ਪਏ, ਜਿਸ ਕਰਕੇ ਸਾਡੇ ਬੰਦੇ ਹੱਲ ਲੱਭਣ ਨੂੰ ਭੱਜਣ ਲੱਗ ਪਏ। ਘਿਰੇ ਹੋਣਾ ਕੋਈ ਹਾਰ ਨੀ ਹੁੰਦੀ, ਘੇਰੇ ਦਾ ਹੱਲ ਲੱਭਣਾ ਵੀ ਕੋਈ ਗੁਨਾਹ ਨਹੀਂ, ਪਰ ਉਹਦੇ ਚ ਕਾਹਲ ਦੀਆਂ ਛੱਲਾਂ ਉੱਠਣੀਆਂ ਨਿਸ਼ਾਨੇ ਤੋਂ ਪਾਸੇ ਕਰਨ ਚ ਸਫਲ ਰਹਿੰਦੀਆਂ ਹਨ। ਅੱਜ ਸਾਨੂੰ ਹਰ ਪਾਸੇ ਤੋਂ ਦਿਸ਼ਾ ਦੇਣ ਦੀਆਂ ਅਵਾਜ਼ਾਂ ਪੈ ਰਹੀਆਂ ਹਨ, ਸਾਡੀ ਕਾਹਲ ਦੀ ਵੀ ਇਹੀ ਮੰਗ ਹੈ। ਤੇ ਜਦੋਂ ਇਮਾਨਦਾਰਾਂ ਦੀ ਮੰਗ ਅਤੇ ਬੇਈਮਾਨਾਂ ਦਾ ਦਾਅਵਾ ਇੱਕ ਹੋ ਜਾਵੇ ਤਾਂ ਸ਼ਬਦਾਂ ਦੀ ਪੁੱਠ ਚਾੜ੍ਹ ਕੇ ਭੇਜੇ ਬੋਲ ਆਮ ਬੰਦਿਆਂ ਦੀ ਤੋਰ ਨੂੰ ਕਿੰਨੀ ਛੇਤੀ ਮੋੜਾ ਦੇ ਦਿੰਦੇ ਹਨ ਇਹ ਅੰਦਾਜ਼ਾ ਲਾਉਣਾ ਕੋਈ ਬਹੁਤਾ ਔਖਾ ਨਹੀਂ। ਇਸ ਤਰ੍ਹਾਂ ਦੇ ਮੋੜ ਦੇਣ ਦੇ ਯਤਨ ਲਗਾਤਾਰ ਜਾਰੀ ਹਨ। ਰਾਹ ਭੁੱਲੇ ਬੰਦੇ ਨੂੰ ਜਿਵੇਂ ਕੋਈ ਕਹਿ ਦਿੰਦਾ ਉਵੇਂ ਤੁਰੀ ਜਾਂਦਾ, ਹੋਰ ਕੋਈ ਚਾਰਾ ਨਹੀਂ ਹੁੰਦਾ। ਦਿੱਕਤ ਭੁੱਲ ਚੁੱਕੇ ਰਾਹ ਦੀ ਹੈ, ਦਿੱਕਤ ਘਿਰੇ ਹੋਣ ਦੀ ਨਹੀਂ।

ਭੁੱਲੇ ਰਾਹ ਨੂੰ ਖੋਜਣਾ ਐਨਾ ਸੌਖਾ ਨਹੀਂ ਹੁੰਦਾ, ਉਹ ਅਜਿਹੀਆਂ ਕੁਰਬਾਨੀਆਂ ਦੀ ਮੰਗ ਕਰਦਾ ਜਿਹਨਾਂ ਦੀ ਕਈ ਵਾਰ ਹੋਰਾਂ ਨੂੰ ਭਿਨਕ ਤੱਕ ਨਹੀਂ ਪੈਂਦੀ ਤੇ ਸ਼ਾਇਦ ਇਸ ਤੋਂ ਵੀ ਕਿਤੇ ਵੱਧ ਔਖਾ ਹੈ ਭੁੱਲ ਚੁੱਕੇ ਰਾਹਾਂ ਨੂੰ ਲੱਭਣਾ ਤੇ ਉਹਨਾਂ ਤੇ ਚੱਲਣਾ। ਮਸ਼ਹੂਰੀ, ਰੌਲਾ, ਨਾਮ ਤੇ ਹੋਰ ਪਤਾ ਨੀ ਕੀ ਕੁਝ ਸ਼ਾਂਤ ਹੋ ਜਾਂਦਾ ਹੈ, ਕਾਹਲ ਤੋਂ ਬਾਅਦ ਇਹਨਾਂ ਦਾ ਤਿਆਗ ਹੋਣਾ ਹੀ ਸ਼ਬਦਾਂ ਦੇ ਪਰਦੇ ਪਿਛਲੀ ਕਹਾਣੀ ਨੂੰ ਸਮਝਣ ਚ ਸਹਾਈ ਹੁੰਦਾ ਹੈ। ਤਿਆਗੀ ਜਿਸ ਨੂੰ ਨਾ ਕੋਈ ਆਹੁਦਾ, ਨਾ ਮਸ਼ਹੂਰੀ , ਨਾ ਉਪਮਾਂ, ਨਾ ਹਾਜਰੀ ਲਵਾਉਂਦੇ ਬਿਆਨ ਤੇ ਨਾ ਹੀ ਕਿਸੇ ਸ਼ੌਹਰਤ ਦੀ ਭੁੱਖ ਹੋਵੇ, ਇਹ ਹੋਣਾ ਅਤੇ ਦਿਖਾਉਣਾ ਇਹਦੇ ਵਿੱਚ ਅੰਤਰ ਹੈ। ਇਹ ਅੰਤਰ ਵਧ ਫੁਲ ਰਿਹਾ ਹੈ, ਇਸ ਪਾੜੇ ਨੂੰ ਸਮਝੇ ਬਿਨਾਂ ਜੋ ਧੁੰਦਲੀ ਤਸਵੀਰ ਹੈ ਉਹ ਸਾਫ ਨਹੀਂ ਹੋਣੀ, ਨਾ ਸਫਰ ਮੁੱਕਣਾ ਤੇ ਨਾ ਮੰਜ਼ਿਲ ਮਿਲਣੀ ਤੇ ਸਭ ਤੋਂ ਵੱਧ ਖਤਰਨਾਕ ਇਹ ਇਸ ਲਈ ਹੁੰਦਾ ਕਿਉਂਕਿ ਇਹਦੇ ਚ ਮੰਜ਼ਿਲ ਦੇ ਨੇੜੇ ਹੋਣ ਦਾ ਬਹੁਤ ਵੱਡਾ ਭੁਲੇਖਾ ਹੁੰਦਾ। ਇਸ ਭੁਲੇਖੇ ਚ ਊਰਜਾ ਅਤੇ ਸਮਾਂ ਜਿੰਨਾ ਲੱਗ ਜਾਂਦਾ ਉਹਦੇ ਨਾਲ ਬੰਦਾ ਹਿੰਡੀ ਇੰਨਾ ਹੋ ਜਾਂਦਾ ਕਿ ਉਹ ਫਿਰ ਭੁੱਲੇ ਰਾਹ ਤੋਂ ਮੁਨਕਰ ਹੀ ਨਹੀਂ ਸਗੋਂ ਉਹਦੇ ਚ ਨੁਕਸ ਕੱਢਣ ਤੱਕ ਵੀ ਚਲਾ ਜਾਂਦਾ।

ਫਿਰ ਉਹ ਸ਼ਬਦਾਂ ਦੇ ਹੇਰ ਫੇਰ ਘੜਦਾ, ਆਪਣੀ ਗੱਲ ਨੂੰ ਅਸਰਦਾਰ ਬਣਾਉਣ ਲਈ ਤੇ ਆਵਾਜਾਈ ਚ ਹੋਰ ਵਾਧਾ ਕਰਦਾ ਹੋਇਆ ਉਸ ਗੱਦੀ ਨੂੰ ਸਾਂਭ ਲੈਂਦਾ ਹੈ ਜਿੱਥੋਂ ਕਦੀ ਇੱਕ ਖਾਸ ਮਕਸਦ ਲਈ ਸ਼ਬਦਾਂ ਦੇ ਪਰਦੇ ਚ ਬਹੁਤ ਉਮੀਦਾਂ ਅਤੇ ਸੁਪਨੇ ਪਰੋਸੇ ਸੀ ਅਸਲ ਬੁਨਿਆਦ ਨੂੰ ਲਾਂਭੇ ਕਰਕੇ। ਇਸ ਤਰ੍ਹਾਂ ਨਾ ਜਾਣਦੇ ਹੋਏ ਵੀ ਬੰਦਾ ਕਿਸੇ ਦਾ ਹੱਥਠੋਕਾ ਕਿਵੇਂ ਬਣ ਗਿਆ, ਅਹਿਸਾਸ ਵੀ ਨੀ ਹੋਇਆ। ਅੱਗੇ ਦੀ ਅੱਗੇ ਇਹ ਸਿਲਸਲਾ ਜਾਰੀ ਹੈ, ਕੌਣ ਬੇਈਮਾਨ ? ਕੌਣ ਇਮਾਨਦਾਰ ? ਕੌਣ ਭੁਲੇਖੇ ਚ ? ਕੌਣ ਸਾਜਿਸ਼ੀ ? ਕੌਣ ਸਾਜਿਸ਼ ਦਾ ਸ਼ਿਕਾਰ ? ਇਹ ਤੰਦਾਂ ਦਿਨ ਪਰ ਦਿਨ ਉਲਝ ਰਹੀਆਂ ਨੇ ਕਿਉਂ ਕਿ ਢਿੱਡੋਂ ਆਈਆਂ ਗੱਲਾਂ ਤੇ ਸ਼ਬਦਾਂ ਦੇ ਪਰਦੇ ਚ ਨਿਕਲਦੇ ਬੋਲ ਭਾਰੂ ਪੈਂਦੇ ਜਾ ਰਹੇ ਹਨ। ਇਹ ਤਾਣੀ ਕਿਸੇ ਕੰਨੀ ਤੋਂ ਫੜੇ ਬਿਨਾਂ ਜੇ ਸੁਲਝਾਉਣੀ ਚਾਹੀ ਤੇ ਹੋਰ ਉਲਝਦੀ ਜਾਣੀ ਹੈ। ਕਿਹੜੀ ਗੱਲ ਢਿੱਡੋਂ ਆ ਰਹੀ ਹੈ ਅਤੇ ਕਿਹੜੀ ਤੇ ਸ਼ਬਦਾਂ ਦੀ ਪਰਤ ਚਾੜ੍ਹੀ ਗਈ ਹੈ ਇਹ ਨਿਤਾਰਾ ਕਰਵਾਉਣ ਲਈ ਸਾਡੀ ਅਰਦਾਸ ਹੀ ਸਹਾਈ ਹੋ ਸਕਦੀ ਹੈ, ਸੱਚੇ ਪਾਤਸ਼ਾਹ ਹੀ ਉਹ ਭੁੱਲਿਆ ਹੋਇਆ ਬੁਨਿਆਦੀ ਰਾਹ ਸਾਨੂੰ ਵਿਖਾਉਣ ਚ ਸਹਾਈ ਹੋਣਗੇ, ਜਿਸ ਤੇ ਚੱਲਕੇ ਫਿਰ ਚਾਹੇ ਸ਼ਬਦਾਂ ਦੇ ਪਰਦੇ ਹੋਣ ਜਾ ਤੋਪਾਂ ਦੀਆਂ ਛਾਵਾਂ , ਨਾ ਇਹ ਪੈਰ ਡਗਮਗਾਉਣਗੇ ਤੇ ਨਾ ਹੀ ਕਾਹਲ ਦੀਆਂ ਛੱਲਾਂ ਸਾਡਾ ਰਾਹ ਬਦਲਣਗੀਆਂ।

# ਤਕਨਾਲੋਜੀ ਟਾਇਮਜ਼

## ਹਾਰਲੇ ਡੇਵਿਡਸਨ ਨੇ ਪੇਸ਼ ਕੀਤਾ ਆਪਣਾ ਪਹਿਲਾ ਇਲੈਕਟ੍ਰੋਨਿਕ ਬਾਈਕ ਦਾ ਪ੍ਰੋਡਕਸ਼ਨ ਮਾਡਲ

ਹਾਰਲੇ ਡੈਵਿਡਸਨ ਨੇ ਆਪਣੀ ਪਹਿਲੀ ਇਲੈਕਟ੍ਰੋਨਿਕ ਕਰੂਜ਼ਰ ਦਾ ਪ੍ਰੋਡਕਸ਼ਨ ਮਾਡਲ ਹਾਰਲੇ ਡੈਵਿਡਸਨ ਲਾਈਵਵਾਇਰ (Harley Davidson Livewire) ਪੇਸ਼ ਕੀਤਾ ਹੈ। ਕੰਪਨੀ ਨੇ ਇਸ ਨੂੰ ਆਪਣੀ 115ਵੀ ਐਨੀਵਰਸਿਰੀ ਦੇ ਮੌਕੇ 'ਤੇ ਪੇਸ਼ ਕੀਤਾ ਹੈ। ਪਿਛਲੇ ਮਹੀਨੇ ਐਲਾਨ ਕੀਤਾ ਗਿਆ ਸੀ ਕਿ ਕੰਪਨੀ ਇਸ ਨੂੰ ਅਗਲੇ ਸਾਲ ਲਾਂਚ ਕਰੇਗੀ ਇਹ ਬਾਈਕ ਹਾਰਲੇ ਡੈਵਿਡਸਨ ਨੂੰ ਪ੍ਰੋਜੈਕਟ ਲਾਈਵਵਾਇਰ ਆਧਾਰਿਤ ਹੈ।

**ਫੀਚਰਸ :**

ਇਸ ਬਾਈਕ 'ਚ ਸਟੀਲ ਟ੍ਰੇਲਿਸ ਫ੍ਰੇਮ, ਕਾਸਟ ਐਲੂਮੀਨੀਅਮ ਸਵਿੰਗਆਰਮ, ਰੀਅਰ ਸੇਟ ਪੇਗਸ, ਬ੍ਰੇਮਬੋ ਕਲੀਪਰਸ ਅਤੇ ਇਨਵਰਟਿਡ ਫੋਕਰਸ ਅਤੇ ਰਿਅਰ ਮੋਨੋਸ਼ਾਕ ਦੇ ਸ਼ੋਵਾ ਸਸਪੇਂਸ਼ਨ ਦਿੱਤਾ ਗਿਆ ਹੈ। ਇਸ 'ਚ ਸਮਾਰਟਫੋਨ ਕੁਨੈਕਟੀਵਿਟੀ ਵਾਲਾ ਫੁੱਲ ਕਲਰ ਟੀ. ਐੱਫ. ਟੀ. ਇੰਸਟਰੂਮੈਂਟਸ ਪੈਨਲ ਲੱਗਾ ਹੈ ਪਰ ਇਸ ਦੀ ਪਾਵਰ ਅਤੇ ਕੀਮਤ ਨੂੰ ਲੈ ਕੇ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਕੰਪਨੀ ਮੁਤਾਬਕ ਲਾਈਵਵਾਇਰ ਲੇਟੈਸਟ ਰਾਈਡਰ ਫੀਚਰਸ ਮੌਜੂਦ ਹੋਣਗੇ। ਇਸ 'ਚ ਕਾਫੀ ਪਾਵਰਫੁੱਲ ਇੰਜਣ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਲਾਈਵਵਾਇਰ ਨੂੰ ਹਾਰਲੇ ਡੈਵਿਡਸਨ ਦੇ ਵਿਸਕੋਨਸਿਨ (Wisconsin) ਸਥਿਤ ਪ੍ਰੋਡਕਟ ਡਿਵੈਲਪਮੈਂਟ ਸੈਂਟਰ 'ਚ ਡਿਜ਼ਾਈਨ ਕੀਤਾ ਗਿਆ ਹੈ। ਹਾਰਲੇ ਡੈਵਿਡਸਨ ਅਗਲੇ ਕੁਝ ਸਾਲਾਂ 'ਚ ਕਈ ਇਲੈਕਟ੍ਰੋਨਿਕ ਮੋਟਰਸਾਈਕਲ ਲਿਆਉਣ ਦੀ ਤਿਆਰੀ ਕਰ ਰਹੀ ਹੈ। ਲਾਈਵਵਾਇਰ ਇਸ ਰੇਂਜ 'ਚ ਪਹਿਲਾਂ ਮਾਡਲ ਹੋਵੇਗਾ।



## ਟੈਸਲਾ ਨੇ ਸ਼ਾਨਦਾਰ ਪਾਵਰਫੁੱਲ ਇਲੈਕਟ੍ਰਿਕ ਗੱਡੀ ਪਰਮੋਸ਼ਨ ਕੀਤੀ ਸ਼ੁਰੂ




ਭਲੇ ਹੀ ਨੈਕਸਟ ਜਨਰੇਸ਼ਨ ਟੈਸਲਾ ਰੋਡਸਟਰ ਦੇ ਬਾਜ਼ਾਰ 'ਚ ਉਤਰਨ 'ਚ ਕਾਫੀ ਸਮਾਂ ਬਾਕੀ ਹੋਵੇ ਪਰ ਕੰਪਨੀ ਇਸ ਦੀ ਪਰਮੋਸ਼ਨ ਹੁਣ ਤੋਂ ਹੀ ਰਹੀ ਹੈ। ਹੁਣ ਕੰਪਨੀ ਨੇ ਰੋਡਸਟਰ ਦੀਆਂ ਕੁਝ ਤਸਵੀਰਾਂ ਜਾਰੀ ਕੀਤੀਆਂ ਹਨ। ਗ੍ਰੈਂਡ ਬੇਸਲ ਕਾਰ ਸ਼ੋਅ 'ਚ ਟੈਸਲਾ ਨੂੰ ਵੀ ਸ਼ਾਮਲ ਕੀਤਾ ਗਿਆ। ਪਹਿਲੀ ਵਾਰ ਟੈਸਲਾ ਨੇ ਇਸ ਕਾਰ ਨੂੰ ਕਿਸੇ ਕਾਰ ਸ਼ੋਅ 'ਚ ਦਿਖਾਇਆ। ਇਸੇ ਤਰ੍ਹਾਂ ਪਹਿਲੀ ਵਾਰ ਇਹ ਗੱਡੀ ਯੂਰਪ 'ਚ ਦੇਖੀ ਗਈ।

ਟੈਸਲਾ ਨੇ ਇਸ ਗੱਡੀ ਦੀ ਵਾਈਟ ਅਤੇ ਰੈੱਡ ਬਾਡੀ ਵਾਲੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਇਸ ਗੱਡੀ ਦੀ ਲੁੱਕ ਕਾਫਈ ਸਟਨਿੰਗ ਹੈ ਅਤੇ ਹਰ ਕੋਈ ਇਸ ਦੇ ਡਿਜ਼ਾਈਨ ਲਈ ਇਸ਼ ਦੀ ਤਰੀਫ ਕਰ ਰਹੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਕੰਪਨੀ ਦਾ ਦਾਅਵਾ ਹੈ ਕਿ ਇਸ ਗੱਡੀ ਦੀ ਸਪੀਡ 0.60 mph ਹੋਵੇਗੀ ਅਤੇ ਇਸ ਸਪੀਡ ਨੂੰ ਫੜ੍ਹਨ 'ਚ ਇਸ ਨੂੰ ਸਿਰਫ 1.9 ਸੈਕੰਡ ਦਾ ਸਮਾਂ ਲੱਗੇਗਾ। ਮਾਹਰਾਂ ਦਾ ਮੰਨਣਾ ਹੈ ਕਿ ਗੱਡੀ 'ਚ ਮੌਜੂਦ 200 ਕਿਲੋਵਾਟ ਦੇ ਬੈਟਰੀ ਪੈਕ ਅਤੇ ਦੋ ਇਲੈਕਟ੍ਰਿਕ ਮੋਟਰ ਦੀ ਬਦੌਲਤ ਇਹ ਸੰਭਵ ਹੈ।

ਟੈਸਲਾ 2 ਲੱਖ ਡਾਲਰ ਦੀ ਕੀਮਤ 'ਤੇ ਬੇਸ ਵਰਜ ਦੀ ਬੁਕਿੰਗ ਕਰ ਰਹੀ ਹੈ ਪਰ ਇਸ ਲਈ 50 ਹਜ਼ਾਰ ਡਾਲਰ ਡਿਪਾਜਿਟ ਵੀ ਕਰਨਾ ਹੋਵੇਗਾ। ਕੰਪਨੀ ਇਸ ਗੱਡੀ ਨੂੰ 2020 ਤਕ ਬਾਜ਼ਾਰ 'ਚ ਲਿਆਉਣ ਦੀ ਤਿਆਰੀ ਕਰ ਰਹੀ ਹੈ।



## ਗੂਗਲ ਹਰ ਸੈਕੰਡ 'ਚ ਹਟਾ ਰਹੀ ਹੈ 100 ਤੋਂ ਵੱਧ ਸਕੈਮ ਐਡਜ਼

ਗੂਗਲ ਵਲੋਂ ਨਿਰਧਾਰਤ ਕੀਤੀਆਂ ਗਈਆਂ ਪਾਲਿਸੀਜ਼ ਦੀ ਉਲੰਘਣਾ ਹੋਣ 'ਤੇ ਗੂਗਲ ਨੇ ਐਕਸ਼ਨ ਲੈਂਦਿਆਂ ਹਰ ਸੈਕੰਡ 'ਚ 100 ਸਕੈਮ ਐਡਜ਼ ਹਟਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਤੋਂ ਇਲਾਵਾ ਗੂਗਲ ਦਾ ਕਹਿਣਾ ਹੈ ਕਿ ਉਹ ਜਲਦ ਹੀ ਇਕ ਵੈਰੀਫਿਕੇਸ਼ਨ ਪ੍ਰੋਗਰਾਮ ਸ਼ੁਰੂ ਕਰੇਗੀ ਤਾਂ ਜੋ ਜਿਹੜੇ ਲੋਕ ਕੰਪਨੀ ਦੀਆਂ ਨੀਤੀਆਂ ਤੇ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ, ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਿਆ ਜਾ ਸਕੇ। 'ਦਿ ਵਾਲ ਸਟ੍ਰੀਟ ਜਰਨਲ' ਨੇ ਰਿਪੋਰਟ ਵਿਚ ਦੱਸਿਆ ਹੈ ਕਿ ਸਕੈਮਰਜ਼ ਸਰਚ ਐਡ ਦੀ ਖਰੀਦਦਾਰੀ ਕਰ ਰਹੇ ਹਨ ਅਤੇ ਐਪਲ ਵਰਗੀਆਂ ਵੱਡੀਆਂ ਕੰਪਨੀਆਂ ਲਈ ਅਧਿਕਾਰਤ ਸਰਵਿਸ ਏਜੰਟ ਹੋਣ ਦੀ ਨਕਲ ਕਰ ਰਹੇ ਹਨ। ਇਸ ਰਿਪੋਰਟ ਦੇ ਛਪਣ ਪਿੱਛੋਂ ਗੂਗਲ ਨੇ ਤੁਰੰਤ ਸਕੈਮ ਆਰਟਿਸਟਸ ਖਿਲਾਫ ਕਾਰਵਾਈ ਕੀਤੀ ਹੈ।

### ਪਿਛਲੇ ਸਾਲ ਹਟਾਈਆਂ ਗਈਆਂ 3.2 ਮਿਲੀਅਨ ਐਡਜ਼

ਗੂਗਲ ਦੇ ਗਲੋਬਲ ਪ੍ਰੋਡਕਟ ਪਾਲਿਸੀ ਡਾਇਰੈਕਟਰ ਡੇਵਿਡ ਗ੍ਰਾਫ ਨੇ ਕਿਹਾ ਕਿ ਪਿਛਲੇ ਸਾਲ ਅਸੀਂ 3.2 ਮਿਲੀਅਨ ਐਡਜ਼ ਆਪਣੀਆਂ ਪ੍ਰਾਈਵੇਸੀ ਪਾਲਿਸੀਜ਼ ਦੀ ਉਲੰਘਣਾ ਹੋਣ 'ਤੇ ਹਟਾਈਆਂ ਹਨ।

### ਨੁਕਸਾਨਦੇਹ ਇਸ਼ਤਿਹਾਰਾਂ ਤੋਂ ਯੂਜ਼ਰਸ ਨੂੰ ਬਚਾਉਣਾ ਚਾਹੁੰਦੀ ਹੈ ਗੂਗਲ

ਡੇਵਿਡ ਗ੍ਰਾਫ ਦਾ ਕਹਿਣਾ ਹੈ ਕਿ ਗੂਗਲ ਆਉਣ ਵਾਲੇ ਦਿਨਾਂ ਵਿਚ ਵੈਰੀਫਿਕੇਸ਼ਨ ਪ੍ਰੋਗਰਾਮ ਸ਼ੁਰੂ ਕਰੇਗੀ, ਜਿਸ ਤਹਿਤ ਲਿਮਟਿਡ ਥਰਡ ਪਾਰਟੀ ਪ੍ਰੋਵਾਈਡਰਸ ਹੀ ਗਾਹਕਾਂ ਤਕ ਪਹੁੰਚ ਬਣਾਉਣ ਲਈ ਗੂਗਲ ਦੇ ਪਲੇਟਫਾਰਮ ਦੀ ਵਰਤੋਂ ਕਰ ਸਕਣਗੇ। ਗੂਗਲ ਚਾਹੁੰਦੀ ਹੈ ਕਿ ਹੈਲਦੀ ਐਡਵਰਟਾਈਜ਼ਿੰਗ ਈਕੋ ਸਿਸਟਮ ਬਣਾ ਕੇ ਰੱਖਿਆ ਜਾਵੇ ਤਾਂ ਜੋ ਲੋਕਾਂ ਨੂੰ ਭੁਲੇਖਾ-ਪਾਊ, ਗਲਤ ਤੇ ਨੁਕਸਾਨਦੇਹ ਇਸ਼ਤਿਹਾਰਾਂ ਤੋਂ ਬਚਾਇਆ ਜਾ ਸਕੇ।

# ਕਾਵਿ ਕਿਆਰੀ

## ਗ਼ੁਰਬਤ ਦਾ ਨਖਰਾ

ਨਾ ਕੋਲ ਹੈ ਮੇਰੇ ਦੌਲਤ
ਨਾ ਹੁਸਨ, ਇਲਮ, ਨਾ ਹਿਕਮਤ

ਨਾ ਰੁਤਬਾ ਤੇ ਨਾ ਸ਼ੌਕਤ
ਨਾ ਕਿਸੇ ਕਿਸਮ ਦੀ ਅਜ਼ਮਤ ।

ਨਾ ਹੌਸਲਾ ਮੇਰਾ ਆਲੀ
ਨਾ ਚਿਹਰਾ ਮੇਰਾ ਜਲਾਲੀ

ਹੈ ਵਰਦੀ ਮੇਰੀ ਕਾਲੀ
ਅੰਦਰ ਹੈ ਮੇਰਾ ਖ਼ਾਲੀ ।

ਨਾ ਅਕਲ ਹੈ ਨਾ ਸ਼ਕਲ
ਤੇ ਜੀਅੜਾ ਭੀ ਹੈ ਬੇਕਲ

ਨਾ ਕਿਸੇ ਕਿਸਮ ਦੀ ਅਟਕਲ
ਨਾ ਕਿਸੇ ਕਿਸਮ ਦਾ ਵੱਲ ।

ਨਾ ਖ਼ੁਸ਼ੀ, ਨਾ ਬਦਨੀ ਸੇਹਤ
ਨਾ ਵਡਿਆਂ ਵਾਲੀ ਬਰਕਤ

ਨਾ ਮੇਰੇ ਸਦਕਾ ਵਸਦੀ
ਕਦੇ ਅੱਲਾ ਵਾਲੀ ਰਹਿਮਤ ।

ਨਾ ਦੀਨ ਨਾ ਕੋਈ ਧਰਮ
ਨਾ ਆਪਣਾ ਉਸ ਦਾ ਕਰਮ

ਦਿਲ ਅੰਦਰ ਛਾਲੇ ਬਹੁਤ
ਜਿਗਰੇ ਦੇ ਅੰਦਰ ਵਰਮ ।

ਨਾ ਕੋਈ ਹੈ ਮੇਰਾ ਆਪਣਾ
ਮੈਂ ਸਭ ਤੋਂ ਹਾਂ ਬੇਗਾਨਾ

ਹਾਂ ਐਸਾ ਬੇ-ਸਰੋ ਸਾਮਾਂ
ਮੰਜ਼ਲ ਨਾ ਕੋਈ ਠਿਕਾਣਾ ।

ਸਿਰ ਦੇ ਅੰਦਰ ਵਹਿਸ਼ਤ
ਤੇ ਦਿਲ ਦੇ ਅੰਦਰ ਦਹਿਸ਼ਤ

ਨਾ ਕੋਈ ਉਠਾਂਦਾ ਮੈਨੂੰ
ਨਾ ਉਠਣ ਦੀ ਹੈ ਤਾਕਤ ।

ਗ਼ੁਰਬਤ ਦਾ ਮੈਨੂੰ ਗ਼ਮ ਹੈ
ਸਿਰ ਨਾਲ ਸ਼ਰਮ ਦੇ ਖ਼ਮ ਹੈ

ਪਰ ਪੇਸ਼ ਨਾ ਕੋਈ ਜਾਂਦੀ
ਇਹ ਹੈ ਕਹਿਰ, ਸਿਤਮ ਹੈ ।

ਹਾਂ ਫਿਰ ਭੀ ਉਤਾਂਹ ਨੂੰ ਤੱਕਦਾ
ਨਾ ਅਰਸ਼ ਨੂੰ ਤੱਕਣੋਂ ਝਕਦਾ

ਖ਼ਾਹ ਪਹੁੰਚ ਕਿਤੇ ਨਹੀਂ ਸਕਦਾ
ਨਹੀਂ ਤਾਂਘ ਤਾਂਘਣੋਂ ਥਕਦਾ ।

## ਰੁਬਾਈਆਂ

ਮੰਦਰ ਤਾਂ ਹੈ, ਕੋਈ ਪੁਜਾਰੀ ਨਹੀਂ ਹੈ
ਬਖ਼ਸ਼ਿਸ਼ ਤਾਂ ਹੈ, ਪਰ ਭਿਖਾਰੀ ਨਹੀਂ ਹੈ
ਮੁਹੱਬਤ ਦਾ ਰੌਲਾ ਬਹੁਤ ਹੈ ਅਜੇ ਵੀ
ਪਰ ਅੰਦਰ ਦਿਲਾਂ ਦੇ ਖ਼ੁਮਾਰੀ ਨਹੀਂ ਹੈ ।

---

ਸੁਖ ਦੇ ਕੇ ਬਣਾ ਲਿਆ ਈ ਆਪਣਾ
ਭੁੱਖ ਦੇ ਕੇ ਬਣਾ ਲਿਆ ਈ ਆਪਣਾ
ਵਾਹ ! ਓ ਦਗ਼ੇਬਾਜ਼ਾ, ਫ਼ਰੇਬ ਤੇਰੇ
ਦੁੱਖ ਦੇ ਕੇ ਬਣਾ ਲਿਆ ਈ ਆਪਣਾ ।

---

ਨਾ ਉਹ ਸਮੇਂ ਰਹਿ ਗਏ, ਨਾ ਉਹ ਯਾਰ ਰਹਿ ਗਏ
ਨਾ ਮੁਹੱਬਤਾਂ ਤੇ ਨਾ ਉਹ ਪਿਆਰ ਰਹਿ ਗਏ
ਸੁਹਣੀ ਬਾਸ ਵਫ਼ਾ ਸੰਦੀ ਦੇਣ ਵਾਲੜੇ
ਫੁੱਲ ਚਲੇ ਗਏ ਬਾਕੀ ਸਭ ਖ਼ਾਰ ਰਹਿ ਗਏ ।

## ਰੰਗ ਮਾਣ ਲੈ

ਸੰਸੇ ਜੀਓ ਮਲੀਨ ਹੈ, ਦਿਸਦਾ ਆਰ ਨਾ ਪਾਰ ।
ਰਹਿੰਦਾ ਖੁੰਹਦਾ ਡੋਬਿਆ, ਮੁੱਲਾਂ ਦੀ ਸਰਕਾਰ ।

ਗਯਾਨ-ਗੜਾ ਕੁਝ ਪੈ ਗਿਆ, ਹੋਈ ਕਰਮਾਂ ਦੀ ਮਾਰ ।
ਅਗਨ ਅਕਲ ਦੀ ਭੁੰਨਿਆਂ, ਸੋਚਾਂ ਕੀਤਾ ਖਵਾਰ ।

ਨਾ ਕੁਝ ਰਸ ਹਰਿਆਵਲੀ ਖੁਸ਼ਕੀ ਦੀ ਭਰਮਾਰ ।
ਹੱਸਣ ਖੇਲਣ ਨੱਸਿਆ, ਹੋ ਗਈ ਖੁਸ਼ੀ ਉਡਾਰ ।

ਦੁਨੀਆਂ ਸੜੀਅਲ ਹੋ ਗਈ, ਮੂਧਾ ਬੱਠਲ ਮਾਰ ।
ਦਵੈਖ ਈਰਖਾ ਕਰ ਦਈ, ਚਿੰਤਾ ਚਿਖਾ ਤਿਆਰ ।

ਛਡਕੇ ਸਹਸ ਸਿਆਣਪਾਂ, ਭੈ ਭਰਮੋਂ ਹੋ ਪਾਰ ।
ਫਿੱਕਾ ਬੋਲਣ ਦੂਰ ਕਰ, ਭੁੱਲਾਂ ਮਨੋਂ ਵਿਸਾਰ ।

ਪੈਰੀਂ ਪੈ ਮਨਾ ਲਏ, ਵਿਛੜਿਆ ਜੇ ਯਾਰ ।
ਪਯਾਰ ਨਪੀੜਨੇ ਪੀੜ ਲੈ, ਘੁਟ ਗਲਵਕੜੀ ਮਾਰ ।

ਥੋੜੀ ਛੁਟੀ ਮਿਲੀ ਆ, ਕਰ ਲੈ ਰੱਜ ਪਿਆਰ ।
ਦੇਖੀ ਜਾਊ ਜਦ ਆਵਸੀ, ਹਾਲਾਂ ਮੌਤ ਵਿਸਾਰ ।

ਪ੍ਰੇਮ ਨਾਲ ਮਨ ਮਾਂਜਕੇ, ਹੋ ਜਾ ਸਹਜ ਸਵਾਰ ।
ਰਸ ਮੰਡਲ ਵਿਚ ਉਠ ਜਾ, ਸੰਸੇ ਸੋਚ ਵਿਚਾਰ ।

ਰੰਗ ਮਾਣ ਲੈ ਪਿਆਰਿਆ, ਕਰ ਲੈ ਮੌਜ ਬਹਾਰ ।
ਬਾਰ ਬਾਰ ਮਿਲਣਾ ਨਹੀਂ, ਇਹ ਮਨੁੱਖ ਤਨ ਯਾਰ ।

## ਗਰੀਬੀ ਦਾਵ੍ਹਾ

ਤੈਨੂੰ ਨਾਜ਼ ਹੈ ਆਪਣੀ ਜਫ਼ਾ ਉੱਤੇ,
ਸਾਨੂੰ ਮਾਣ ਹੈ ਆਪਣੀ ਵਫ਼ਾ ਉੱਤੇ ।
ਤੈਨੂੰ ਫ਼ਖ਼ਰ ਹੈ ਆਪਣੇ ਜ਼ੁਲਮ ਉੱਤੇ,
ਸਾਨੂੰ ਫ਼ਖ਼ਰ ਹੈ ਸੇਵਾ ਦੇ ਚਾਅ ਉੱਤੇ ।
ਤੈਨੂੰ ਮਾਣ ਹੈ ਜਬਰ ਤੇ ਜ਼ੋਰ ਉੱਤੇ,
ਸਾਨੂੰ ਤਕਵਾ ਹੈ ਆਪਣੀ ਆਹ ਉੱਤੇ ।
ਤੈਨੂੰ ਸ਼ੌਕ ਹੈ ਸਿਤਮ ਅਜ਼ਮਾਵਣੇ ਦਾ
ਅਸੀਂ ਮਸਤ ਹਾਂ ਤੇਰੀ ਅਦਾ ਉੱਤੇ ।

## ਹਿੰਮਤ ਬਿਨਾਂ

ਦਿਲ ਅੰਦਰ ਜੋਸ਼ ਬਥੇਰਾ ਹੈ,
ਪਰ ਹਿੰਮਤ ਹੈ ਨਹੀਂ ਕੱਢਣ ਦੀ ।

ਪਿਆਰ ਦਾ ਭੀਖਕ ਧੁਰ ਤੋਂ ਹਾਂ,
ਹਿੰਮਤ ਨਹੀਂ ਝੋਲੀ ਟੱਡਣ ਦੀ ।

ਰਸਮਾਂ ਰਹਿਤਾਂ ਤੋਂ ਸੜਿਆ ਹਾਂ,
ਪਰ ਹਿੰਮਤ ਹੈ ਨਹੀਂ ਛੱਡਣ ਦੀ ।

ਸਾਧਾਂ ਸੰਤਾਂ ਦੇ ਪੋਲਾਂ ਦੀ,
ਭੇਖਾਂ ਦੀ ਭੰਡੀ ਭੰਡਣ ਦੀ ।

ਵਾਕਿਫ਼ ਹਾਂ ਪ੍ਰੀਤਾਂ ਰੀਤਾਂ ਤੋਂ,
ਹਿੰਮਤ ਨਹੀਂ ਹਿੱਕਾਂ ਕੱਢਣ ਦੀ ।

ਹਾਂ ਵਾਕਿਫ਼ ਜੀਵਨ ਰਾਜ਼ਾਂ ਥੀਂ,
ਹਿੰਮਤ ਨਹੀਂ ਹਸ ਹਸ ਹੰਢਣ ਦੀ ।

ਭਰਦਾ ਹਾਂ ਕਲਾਵੇ ਪਿਆਰਾਂ ਦੇ,
ਹਿੰਮਤ ਨਹੀਂ ਤਾਣੇ ਅੱਡਣ ਦੀ ।

ਹਾਂ ਜਾਣੂ ਹਾਲ ਹਕੀਕਤ ਦਾ,
ਹਿੰਮਤ ਨਹੀਂ ਫਸਤੇ ਵੱਢਣ ਦੀ ।

ਅੰਦਰ ਤਾਂ ਮੇਰੇ ਸਭ ਕੁਝ ਹੈ,
ਪਰ ਹੋਇਆ ਨਿਜੜੇ ਹੋਇਆ ਹਾਂ ।

ਦਿਲ ਅੰਦਰ ਸਾਰੇ ਵਲਵਲੇ ਨੇ,
ਹਿੰਮਤ ਬਿਨ ਜੀਊਂਦਾ ਮੋਇਆ ਹਾਂ ।

ਡਾ. ਦੀਵਾਨ ਸਿੰਘ ਕਾਲੇਪਾਣੀ

## ਮੈਂ ਸੁੰਵੀ

ਮੈਂ ਸੁੰਵੀ, ਮੈਂ ਸੁੰਵੀ ਵੇ ਲੋਕਾ, ਖੱਲੜ ਮੇਰਾ ਖਾਲੀ,
ਸੱਖਣਾ ਇਹ ਕਲਬੂਤ ਮਿਰਾ, ਪਿਆ ਉਡਦਾ ਆਲ ਦੁਆਲੀ ।
ਛੁੱਟ ਗਏ ਸਭ ਸਾਕ ਤੇ ਨਾਤੇ, ਟੁੱਟ ਗਈ ਭਾਈ-ਵਾਲੀ,
ਸ਼ੀਰੀਂ ਦੁਨੀਆਂ ਨਾਲ ਨਾ ਕੋਈ, ਟੁੱਟੀ ਪੇੜ ਤੋਂ ਡਾਲੀ ।
ਟੁੱਟ ਪਈ ਕਿਸੇ ਉੱਚੇ ਦੇ ਸੰਗੋਂ ? ਹੋ ਗਈ ਭੈੜੀ ਹਾਲੀ,
ਰੋਲ ਲੰਘਾਊਆਂ ਫੀਤੀ ਫੀਤੀ, ਕੀਤੀ ਵਾਂਗ ਪਰਾਲੀ ।
ਦਰਦਾਂ ਵਾਲਿਓ ਦਰਦ 'ਚ ਆਓ, ਆਖੋ ਜਾ ਮੇਰੇ ਮਾਲੀ,
ਹੌਲੀ ਕੱਖਾਂ ਤੋਂ ਅੱਜ ਹੋ ਰਹੀ, ਨਾਲ ਪ੍ਰੇਮ ਜੋ ਪਾਲੀ ।
ਡਗ ਮਗ ਡੋਲੇ, ਥਰ ਥਰ ਕੰਬੇ, ਹਿਲਦੀ ਵਾਂਗਰ ਡਾਲੀ,
ਠੇਡਾ ਲੱਗਾ, ਰਾਹ ਵਿਚ ਢੱਠੀ, ਕਿਸੇ ਨਾ ਆਣ ਉਠਾਲੀ ।
ਉਖੜੀ ਲੱਗਾਂ, ਟੁਟੜੀ ਜੁੜ ਜਾਂ, ਦਸੋ ਚਾਲ ਸੁਚਾਲੀ,
ਹੇ ਭਰਪੂਰੋ ਝੋਲੀ ਭਰ ਦਿਓ, ਆਈ ਦਰ ਤੇ ਸਵਾਲੀ ।
ਰਸ ਰਸ ਭਰ ਜਾਂ, ਭਰ ਭਰ ਡੁਲ੍ਹਾਂ, ਵੱਗਾਂ ਹਾੜ ਸਿਆਲੀ,
ਵਗਦੀ ਜਾਵਾਂ, ਵੰਡਦੀ ਜਾਵਾਂ, ਮੂਲ ਨਾ ਹੋਵਾਂ ਖਾਲੀ ।
ਨਾ ਹੱਸਾਂ, ਨਾ ਹੁੱਸਾਂ, ਹੁੱਟਾਂ, (ਮੇਰਾ) ਵਾਲੀ ਮੇਰੇ ਨਾਲੀ,
ਰੋਵਾਂ, ਹੱਸਾਂ, ਪਹਿਰਾਂ, ਫਾੜਾਂ, ਸਾਈਂ ਰਖੇ ਸੰਭਾਲੀ ।

## ਵਪਾਰੀ ਮਸੰਦ

ਪੜ੍ਹ ਪੋਥੀਆਂ ਵੇਚ ਮਾਫ਼ੀਨਾਮੇਂ,
ਫਿਰੇ ਵਧਾਈ ਕਾਰੋਬਾਰ ਬਾਬਾ।
ਸਿੱਖੀ ਭੇਸ ਦੇ ਵਿੱਚ ਤਖ਼ਤ ਬੈਠਾ,
ਕਰੇ ਬੁੱਚੜਾਂ ਵਾਲੇ ਵਪਾਰ ਬਾਬਾ।

ਫੰਡਰ ਮੱਝਾਂ, ਕੱਟੇ ਵੱਛੀਆਂ ਦਾ,
ਫਿਰੇ ਬਣਿਆਂ ਖਰੀਦਦਾਰ ਬਾਬਾ।
ਆਪਣੇ ਆਪ ਨੂੰ ਦੱਸੇ ਦੁੱਧ ਧੋਤਾ,
ਛੁਰੀ ਬੁੱਕਲ਼ 'ਚ ਰੱਖੇ ਤਿਆਰ ਬਾਬਾ।

ਜਿੱਥੇ ਲੱਗੇ ਮਾਰ ਦਾਅ ਜਾਂਦਾ,
ਜਾਨੀ ਚੋਰ ਤੋਂ ਵੱਧ ਸ਼ੈਤਾਨ ਬਾਬਾ।
ਚਿਟਾਂ ਕਲੀਨ ਤੇ ਮਾਫ਼ੀਨਾਮਿਆਂ ਦੀ,
ਬੈਠਾ ਕੂੜ ਦੀ ਖੋਲ੍ਹੀ ਦੁਕਾਨ ਬਾਬਾ।

ਬਿੱਲੀ ਹੱਜ ਨੂੰ ਚੱਲੀ ਖਾ ਚੂਹੇ,
ਲਾਹੁੰਦਾ ਵਾਲ਼ ਤੋਂ ਫਿਰੇ ਖੱਲ ਬਾਬਾ।
ਫੋੜੇ ਫਿੰਨਸੀਆਂ ਦੇਣਗੇ ਫੇਹ 'ਭਗਤਾ',
ਜੇ ਅੱਜ ਨ੍ਹੀ ਤਾਂ ਸਹੀ ਕੱਲ੍ਹ ਬਾਬਾ।

-ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ'
604-751-1113

## ਅਜੇ ਦਿਨ ਬਾਕੀ ਹੈ

ਸੂਰਜ ਚੜਿਆ 'ਤੇ ਦਿੰਨ ਖਿੜਿਆ ,
ਧੁੱਪ ਦੀ ਆਸ ਮੈਂ ਲਾਈ ।
ਕਰ ਸ਼ਿੰਗਾਰ ਮੈਂ ਵਿਹੜੇ ਬੈਠੀ ,
ਰਹਿਮ ਕਰੇ ਖੁਦਾਈ ।
ਅੰਦਰ ਬਾਹਰ ਮੈਂ ਭੱਜੀ ਫਿਰਦੀ ,
ਕੰਨ ਬਾਹਰ ਦੇ ਬੂਹੇ ,
ਗਲੀ 'ਚ ਖੜਕਾ ਦਿਲ ਧੜਕਾਵੇ,
ਲੱਗੇ ਕੁੰਡੀ ਖੜਕਾਈ ।
ਕੀ ਸਮੇਂ ਨੂੰ ਭੈੜਾ ਆਖਾਂ ,
ਦੋਸ਼ ਦੇਵਾਂ ਨਾਂ ਲੋਕੀਂ ,
ਚੰਦਰੀ ਬਿਰਹਨ ਸੁਪਝਨੇ ਦੇਖੇ ,
ਹੱਸੇ ਦੇਖ ਜੁਦਾਈ ।

ਜਿੰਨ ਰਾਹਾਂ 'ਤੇ ਫੁੱਲ ਉੱਗਾਏ,
ਕਿਸ ਪੈਰਾਂ ਨੇ ਮਿੱਧੇ ,
ਭਰ ਭਰ ਬੁੱਕਾਂ ਖੇਹ 'ਤੇ ਮਿੱਟੀ ,
ਫੁੱਲਾਂ ਉੱਤੇ ਪਾਈ ।
ਛੱਡ ਨਾ ਹੋਵੇ ਯਾਰ ਦਾ ਖਹਿੜਾ,
ਚਾਹੇ ਲਖ ਅੱਗਾਂ 'ਤੇ ਲੇਟਾਂ ,
ਸਾਹਾਂ ਵਿੱਚ ਉਡੀਕ ਪਰੋ ਕੇ ,
ਮੈਂ ਵੀ ਖੇਡ ਰਚਾਈ ।
ਘਰਾਂ ਨੂੰ ਉੱਡੇ ਪੰਖ -ਪੰਖੇਰੂ ,
ਤੰਨ ਮੰਨ ਨੂੰ ਸਮਝਾਵਾਂ ,
ਖੜ ਦਹਿਲੀਜ਼ੇ ,ਮੈਂ ਉਡੀਕਾਂ ,
ਰਾਤ ਅਜੇ ਨਹੀਂ ਆਈ ।

ਦਿਲਜੋਧ ਸਿੰਘ

## ਸਿਲਤ

ਸਿਲਤ ਚੁਭੀ ਪੈਰ ਵਿੱਚ
ਬੜੀ ਦੁਖਦਾਈ ਸੀ
ਤੁਰਨਾ ਔਖਾ ਹੋ ਗਿਆ।
ਸੂਈ ਨਾਲ ਕੱਢੀ
ਵਿੱਚੇ ਹੀ ਟੁੱਟ ਗਈ।
ਗੁੜ ਤੇ ਪਿਆਜ ਬੰਨ੍ਹਿਆ
ਮਾਸ ਗਲ ਕੇ ਨਿਕਲ ਗਈ
ਸ਼ੁਕਰ ਕੀਤਾ।
ਸਿਲਤ ਹੱਥ ਵਿੱਚ ਚੁਭੀ
ਕੰਮ-ਕਾਰ ਤੋਂ ਔਖ ਹੋ ਗਈ
ਚਲੋ ਪੱਟੀ ਬੰਨ੍ਹੀ,ਸਿਲਤ ਕੱਢੀ
ਆਰਾਮ ਆਇਆ।
ਸਿਲਤ ਨਹੁੰ ਵਿੱਚ ਚੁਭੀ
ਹੋਰ ਵੀ ਦੁਖਦਾਈ ਸੀ
ਜਾਪਿਆ, ਬਹੁਤ ਦੁਖਦਾਈ ਹੈ।
ਮੋਚਨੇ ਨਾਲ ਕੱਢ ਦਿੱਤੀ
ਸੁਖ ਦਾ ਸਾਹ ਆਇਆ।
ਸਿਲਤ ਦਿਲ ਵਿਚ ਚੁਭੀ
ਡੂੰਘੀ ਹੋਰ ਡੂੰਘੀ ਚੁਭਦੀ ਗਈ
ਕਿਸੇ ਨੂੰ ਨਜਰ ਨਾ ਆਈ।
ਅਲਟਰਾਸਾਊਂਡ ਨਾ ਐਕਸਰੇ 'ਚ
ਕਿਤੇ ਨਾ ਦਿੱਤੀ ਦਿਖਾਈ
ਪਰ ਸਿਲਤ ਦੀ ਪੀੜ ਨੇ ਪੂਰੀ ਦੇਹ ਕੰਬਾਈ।
'ਅਮਰ' ਦੀ ਨੀਂਦ ਉਡਾਈ।
ਗੁੜ, ਗੰਢਾ ਨਾ ਮੋਚਨਾ
ਨਾ ਸੂਈ ਹੀ ਕੰਮ ਆਈ।
ਇਹ ਸਿਲਤ ਕਿੰਨੀ ਦੁਖਦਾਈ।
ਇਹ ਸਿਲਤ ਸਭ ਤੋਂ ਦੁਖਦਾਈ।

- ਅਮਰਜੀਤ ਮੋਰਿੰਡਾ

## ਪੀੜਾਂ ਦੀ ਪੰਡ



ਢੋਅ ਢੋਅ ਕੇ ਪੀੜਾਂ ਦੀਆਂ ਪੰਡਾਂ,
ਮੈਂ ਥੱਕੀ ਮੈਂ ਹਾਰੀ।
ਵੇ ਰਾਹੀਆ, ਮੈਨੂੰ ਪੰਡ ਚੁਕਾ ਜਾ,
ਮੇਰੀ ਪੰਡ ਪੀੜਾਂ ਦੀ ਭਾਰੀ।

ਮੇਰੀ ਪੰਡ ਵਿਚ ਘੁਟ ਕੇ ਬੰਨੀਆਂ,
ਘੂਰਾਂ ਝਿੜਕਾਂ ਮਾਰਾਂ।
ਬੋਲ ਜਲੀਲੀ ਧੱਕੇ-ਧੌਲ਼ੇ ,
ਮੂੰਹ ਆਈਆਂ ਗੰਦੀਆਂ ਗਾਲਾਂ।
ਹੋ ਜਲੀਲ ਹੰਢਾਈ ਜਾਵਾਂ,
ਸਭ ਕੁਝ ਬਾਰੋ ਬਾਰੀ।

ਮੇਰੀ ਪੰਢ ਬਚੀਆਂ ਦੀਆਂ ਲਾਸ਼ਾਂ,
ਨਾਲ ਖ਼ੂਨ ਦੇ ਰੰਗੀਆਂ।

ਧੌਣ ਮਰੋੜੀ ਤੋੜੇ ਮਣਕੇ,
ਨਾਲੇ ਤੋੜੀਆਂ ਸੰਘੀਆਂ।
ਨੰਨ੍ਹੇ ਕਰੰਗ ਧੀਆਂ ਦੇ ਬੰਨੇ,
ਕਈ ਸੈ ਲੱਖ ਹਜਾਰੀ।

ਮੇਰੀ ਪੰਡ ਵਿਚ ਬਨੀਆਂ ਕੁੜੀਆਂ,
ਨਵੀਆਂ ਸੱਜ ਵਿਆਹੀਆਂ।
ਦਾਜ ਦੈਂਤ ਦੇ ਧੱਕੇ ਚੜੀਆਂ,
ਮੁੜ ਨਾ ਪੇਕੇ ਆਈਆਂ।
ਜੁੜ ਗਏ ਕਾਨ੍ਹੀ ਸਿੜੀ ਚੁਕ ਲਈ,
ਰਾਹ ਮੜੀਆਂ ਦੇ ਤਿਆਰੀ।

ਜੋਬਨ ਰੱਤ ਵਿਧਵਾ ਦੀਆਂ ਪੀੜਾਂ,
ਜਿਊਂਦੀ ਚਿਖਾਂ ਹੰਢਾਵੈ।

ਦੈਂਤ-ਸਮਾਜ ਸੰਗਲਾਂ ਨਾਲ ਬੰਨੀ,
ਦਸ ਕਿਧਰ ਨੂੰ ਜਾਵੇ।
ਇਸ ਸਮਾਜ ਕਲਿਹਣੇ ਅੱਗੇ,
ਨਹੀ ਚਲਦੀ ਹੁਸ਼ਿਆਰੀ।

ਪੀੜਾਂ ਦੀਆਂ ਪੰਡਾਂ ਜੁਗਾਂ ਜੁਗਾਂ ਤੋਂ,
ਸਿਰ ਮੇਰੇ ਤੇ ਧਰੀਆਂ।
ਰੋ ਧੋ ਤੜਪ ਕੇ ਜੂੰਨ ਹੰਢਾਅ,
ਪੰਡ ਪੀੜਾਂ ਹੇਠ ਹੀ ਮਰੀਆਂ।

"ਸਰਾਂ' ਮੈਂ ਤਾਂ ਖੁਦ ਪੰਡ ਪੀੜਾਂ ਦੀ,
ਅਦਿ ਕਾਲ ਤੋਂ ਨਾਰੀ।
ਵੇ ਰਾਹੀਆ ਮੈਂਨੂੰ ਪੰਡ ਚੁਕਾ ਜਾਹ,
ਮੇਰੀ ਪੰਡ ਪੀੜਾਂ ਦੀ ਭਾਰੀ

ਬਲਵੰਤ ਸਰਾਂ ਮੱਦੋਕੇ
604-217-0177



## ਸਿੱਖ ਰਹੇ ਚਾਹੇ ਨਾ ਰਹੇ ਪ੍ਰੰਤੂ ਸਿੱਖੀ ਨੂੰ ਆਂਚ ਨਾ ਆਵੇ

# ਖਾਲਸਾ ਏਡ ਮਿਸ਼ਨ ਸੰਸਥਾ

- ਉਜਾਗਰ ਸਿੰਘ

ਸਿੱਖ ਰਹੇ ਚਾਹੇ ਨਾ ਰਹੇ ਪ੍ਰੰਤੂ ਸਿੱਖੀ ਨੂੰ ਆਂਚ ਨਹੀਂ ਆਉਣੀ ਚਾਹੀਦੀ। ਸਿੱਖੀ ਅਤੇ ਸਿੱਖ ਵਿਚਾਰਧਾਰਾ ਦਾ ਸੰਸਾਰ ਵਿਚ ਬੋਲਬਾਲਾ ਹੋਣਾ ਚਾਹੀਦਾ ਹੈ। ਇਹੋ ਮੰਤਵ ਹੈ ਖਾਲਸਾ ਏਡ ਮਿਸ਼ਨ ਸੰਸਥਾ ਦੇ ਕਾਰਕੁਨਾ ਦਾ। ਇਸ ਸੰਸਥਾ ਦੇ ਕਰਤਾਧਰਤਾ ਅਤੇ ਰੂਹੇ ਰਵਾਂ ਰਵੀ ਸਿੰਘ ਸਿੱਖ ਸੇਵਾ ਦਾ ਸੰਸਾਰ ਵਿਚ ਪ੍ਰਤੀਕ ਬਣ ਚੁੱਕਾ ਹੈ। ਨਾਮ ਜਪੋ, ਕਿਰਤ ਕਰੋ ਅਤੇ ਵੰਡਕੇ ਛੱਕੋ ਦੀ ਵਿਚਾਰਧਾਰਾ ਸਿੱਖ ਜਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤੀ ਸੀ। ਸਿੱਖੀ ਸਰੂਪ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ 13 ਅਪ੍ਰੈਲ 1666 ਨੂੰ ਦਿੱਤਾ। ਉਸ ਦਿਨ ਤੋਂ ਅੱਜ ਤੱਕ ਸਿੱਖ ਜਗਤ ਗੁਰੂਆਂ ਦੇ ਪਾਏ ਪੂਰਨਿਆਂ ਤੇ ਚਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਗੁਰੂ ਨਾਨਕ ਦੇ ਕੁਝ ਅਨੁਆਈ ਗੁਰਮੁੱਖ ਸੰਸਾਰ ਵਿਚ ਉਨ੍ਹਾਂ ਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ। ਇਨ੍ਹਾਂ ਗੁਰਮੁੱਖਾਂ ਵਿਚੋਂ ਰਵੀ ਸਿੰਘ ਇੱਕ ਅਜਿਹਾ ਸਿੱਖ ਹੈ ਜਿਹੜਾ ਗੁਰੂ ਦੇ ਦੱਸੇ ਮਾਰਗ ਤੇ ਚਲਕੇ ਦੀਨ ਦੁਖੀਆਂ ਦੀ ਸੇਵਾ ਕਰ ਰਿਹਾ ਹੈ। ਸਿੱਖ ਸੇਵਾ ਦੀ ਵਿਰਾਸਤ ਤੇ ਪਹਿਰਾ ਦੇ ਕੇ ਰਵੀ ਸਿੰਘ ਨੇ ਦੁਨੀਆਂ ਵਿਚ ਸਿੱਖਾਂ ਦੇ ਅਕਸ ਨੂੰ ਉਭਾਰਿਆ ਹੈ। ਸਿੱਖ ਆਪਣੀ ਫਰਾਕਦਿਲੀ, ਮਿਹਨਤੀ ਪ੍ਰਵਿਰਤੀ ਅਤੇ ਉਸਾਰੂ ਸੋਚ ਕਰਕੇ ਦੁਨੀਆਂ ਵਿਚ ਨਾਮਣਾ ਖੱਟ ਚੁੱਕੇ ਹਨ ਕਿਉਂਕਿ ਸਿੱਖ ਆਪਣੇ ਧਰਮ ਪ੍ਰਤੀ ਬਚਨਵੱਧ ਹਨ। ਧਰਮ ਇੱਕ ਸਿੱਖ ਲਈ ਜ਼ਿੰਦਗੀ ਹੈ। ਉਹ ਆਪਣੇ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਤੋਂ ਵੀ ਨਹੀਂ ਝਿਜਕਦਾ। ਸਿੱਖ ਧਰਮ ਸੰਸਾਰ ਵਿਚ ਸਾਰੇ ਧਰਮਾਂ ਵਿਚੋਂ ਆਧੁਨਿਕ ਸਮਾਜਿਕ ਬਰਾਬਰੀ, ਸਰਬੱਤ ਦਾ ਭਲਾ ਕਰਨ ਵਾਲਾ, ਮਨੁੱਖੀ ਹੱਕਾਂ ਦਾ ਰਖਵਾਲਾ ਅਤੇ ਜਾਤ ਪਾਤ ਦੇ ਬੰਧਨਾ ਤੋਂ ਮੁਕਤ ਗਿਣਿਆਂ ਜਾਂਦਾ ਹੈ। ਹਰ ਇਨਸਾਨ ਦੇ ਦੁੱਖ ਸੁੱਖ ਦਾ ਪਹਿਰੇਦਾਰ ਹੈ। ਗ਼ਰੀਬ ਤੇ ਗਊ ਦੀ ਰੱਖਿਆ ਕਰਨ ਵਿਚ ਵੀ ਮੋਹਰੀ ਦੀ ਭੂਮਿਕਾ ਨਿਭਾਉਂਦਾ ਹੈ। ਜਦੋਂ ਵੀ ਕਿਸੇ ਇਨਸਾਨ ਤੇ ਕੋਈ ਭੀੜ ਪੈਂਦੀ ਹੈ ਤਾਂ ਸਿੱਖ ਧਰਮ ਦੇ ਅਨੁਆਈ ਉਸਦੀ ਮਦਦ ਕਰਨ ਲਈ ਹਮੇਸ਼ਾ ਬਿਨਾ ਕਿਸੇ ਭੇਦ ਭਾਵ ਦੇ ਤੱਤਪਰ ਰਹਿੰਦੇ ਹਨ। ਸਿੱਖ ਧਰਮ ਵਿਚ ਸੇਵਾ ਦੀ ਭਾਵਨਾ ਦਾ ਪ੍ਰੇਰਨਾ ਸਰੋਤ ਭਾਈ ਘਨ੍ਹਈਆ ਹੈ, ਜਿਹੜਾ ਮੁਗ਼ਲਾਂ ਨਾਲ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਦੀ ਲੜਾਈ ਵਿਚ ਬਿਨਾ ਭੇਦ ਭਾਵ ਦੋਹਾਂ ਧਿਰਾਂ ਦੇ ਜ਼ਖ਼ਮੀਆਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰਦਾ ਰਿਹਾ ਹੈ। ਇਸੇ ਪਰੰਪਰਾ ਤੇ ਪਹਿਰਾ ਦਿੰਦਿਆਂ ਗੁਰਦੁਆਰਾ ਸਾਹਿਬਾਨ ਵਿਚ ਲੰਗਰ ਪ੍ਰਥਾ ਸੰਗਤ ਤੇ ਪੰਗਤ ਦੇ ਰੂਪ ਵਿਚ ਚਾਲੂ ਹੈ। ਪੰਗਤ ਵਿਚ ਬੈਠਣ ਦਾ ਭਾਵ ਹੈ ਕਿ ਸਾਰੇ ਅਮੀਰ ਗ਼ਰੀਬ ਅਤੇ ਹਰ ਇਨਸਾਨ ਬਰਾਬਰ ਦਾ ਹੱਕ ਰੱਖਦਾ ਹੈ। ਕਿਸੇ ਨਾਲ ਕੋਈ ਭੇਦ ਭਾਵ ਨਹੀਂ। ਇਸੇ ਵਿਚਾਰਧਾਰਾ ਤੇ ਗੁਰੂ ਦੇ ਸੇਵਕ ਉਦੋਂ ਤੋਂ ਹੀ ਪਹਿਰਾ ਦਿੰਦੇ ਆ ਰਹੇ ਹਨ। ਸਿੱਖ ਧਰਮ ਦੀ ਵਿਚਾਰਧਾਰਾ ਨਾ ਕੋਈ ਵੈਰੀ ਨਾ ਬਿਗਾਨਾ ਦੀ ਪਰੰਪਰਾ ਤੇ ਚਲਦੀ ਹੋਈ ਮਨੁਖਤਾ ਦੇ ਜਮਹੂਰੀ ਹੱਕਾਂ ਉਪਰ ਪਹਿਰਾ ਦੇ ਕੇ ਸਰਬੱਤ ਦੇ ਭਲੇ ਨੂੰ ਮੁੱਖ ਰੱਖਕੇ ਗੁਰੂ ਦੇ ਅਨੁਆਈ ਸੰਸਾਰ ਵਿਚ ਇਨਸਾਨੀਅਤ ਦੀ ਸੇਵਾ ਵਿਚ ਜੁੱਟੇ ਹੋਏ ਹਨ। ਸਿੱਖ ਵਿਚਾਰਧਾਰਾ ਦਾ ਸੰਕਲਪ ਕਲਿਆਣਕਾਰੀ ਰਾਜ ਦਾ ਹੈ। ਕਲਿਆਣਕਾਰੀ ਪ੍ਰਵਿਰਤੀ ਹੋਣ ਕਰਕੇ ਹੀ ਸਿੱਖ ਸੰਗਤ ਇਹ ਸੇਵਾ, ਉਹ ਆਪਣੀ ਦਸਾਂ ਨਹੁੰਆਂ ਦੀ ਕ੍ਰਿਤ ਕਮਾਈ ਵਿਚੋਂ ਦਸੌਂਧ ਕੱਢਕੇ ਕਰਦੀ ਹੈ। ਗੁਰੂ ਘਰ ਵਿਚ ਕੋਈ ਵੀ ਵਿਅਕਤੀ ਭਾਵੇਂ ਉਹ ਕਿਸੇ ਵੀ ਜ਼ਾਤ, ਧਰਮ ਜਾਂ ਨਸਲ ਦਾ ਹੋਵੇ ਤਾਂ ਉਸਨੂੰ ਲੰਗਰ ਛਕਾਇਆ ਜਾਂਦਾ ਹੈ। ਜਦੋਂ ਵੀ ਸਮਾਜ ਵਿਚ ਕੋਈ ਕੁਦਰਤੀ ਆਫ਼ਤ ਆਉਂਦੀ ਹੈ, ਜਿਸ ਨਾਲ ਇਨਸਾਨੀਅਤ ਨੂੰ ਕੋਈ ਨੁਕਸਾਨ ਪਹੁੰਚਦਾ ਹੈ, ਉਸ ਸਮੇਂ ਸਿੱਖ ਧਰਮ ਦੇ ਵਾਰਸ ਸਹਾਇਤਾ ਲਈ ਸਭ ਤੋਂ ਪਹਿਲਾਂ ਪਹੁੰਚਦੇ ਹਨ। ਭਾਵੇਂ ਕਿਤਨੇ ਹੀ ਮੁਸ਼ਕਲ ਹਾਲਾਤ ਹੋਣ ਪ੍ਰੰਤੂ ਗੁਰੂ ਦਾ ਸਿੱਖ ਹਰ ਹਾਲਤ ਵਿਚ ਉਥੇ ਪਹੁੰਚਕੇ ਮਦਦ ਕਰਦਾ ਹੈ। ਬਹੁਤ ਸਾਰੀਆਂ ਸਿੱਖ ਸੰਸਥਾਵਾਂ ਅਜਿਹੇ ਭਲਾਈ ਦੇ ਕਾਰਜਾਂ ਵਿਚ ਸੰਸਾਰ ਦੇ ਵੱਖ-ਵੱਖ ਦੇਸਾਂ ਵਿਚ ਲੱਗੀਆਂ ਹੋਈਆਂ ਹਨ। ਜਿਸ ਕਰਕੇ ਸਿੱਖ ਧਰਮ ਦੀ ਮਾਨਤਾ, ਪਛਾਣ ਅਤੇ ਵਕਾਰ ਵਿਚ ਵਾਧਾ ਹੋ ਰਿਹਾ ਹੈ। ਸਿੱਖਾਂ ਦੀ ਜਿਹੜੀ ਪਛਾਣ ਦੀ ਸਮੱਸਿਆ ਵਿਦੇਸ਼ਾਂ ਵਿਚ ਪੈਦਾ ਹੋਈ ਹੈ, ਉਸਨੂੰ ਦੂਰ ਕਰਨ ਵਿਚ ਅਜਿਹੀ ਇੱਕ ਸਵੈ ਸੇਵੀ ਨਿਰਸਵਾਰਥ ਸੰਸਥਾ ਨਾਨਕ ਨਾਮ ਲੇਵਾ ਭਾਈ ਰਾਵਿੰਦਰ ਸਿੰਘ, ਜਿਸਨੂੰ ਰਵੀ ਸਿੰਘ ਦੇ ਨਾਮ ਨਾਲ ਦੁਨੀਆਂ ਵਿਚ ਜਾਣਿਆਂ ਜਾਂਦਾ ਹੈ, ਨੇ ਇੰਗਲੈਂਡ ਦੇ ਸਲੋਹ ਸ਼ਹਿਰ ਵਿਚ ਖਾਲਸਾ ਦੀ ਸਾਜਨਾ ਦੇ 300ਵੇਂ ਵਰ੍ਹੇ 1999 ਵਿਚ ਖਾਲਸਾ ਏਡ ਮਿਸ਼ਨ ਸਥਾਪਤ ਕੀਤੀ ਸੀ। ਇਸ ਖਾਲਸਾ ਏਡ ਮਿਸ਼ਨ ਟਰੱਸਟ ਦੇ 6 ਟਰੱਸਟੀ ਹਨ। ਰਾਵਿੰਦਰ ਸਿੰਘ ਇਸਦੇ ਮੁੱਖੀ ਹਨ। ਇਹ ਸੰਸਥਾ ਇੰਗਲੈਂਡ ਦੇ ਚੈਰਿਟੀ ਕਮਿਸ਼ਨ ਅਧੀਨ ਰਜਿਸਟਰਡ ਕੀਤੀ ਗਈ ਹੈ। ਭਾਰਤ ਵਿਚ ਇਹ ਗੈਰਸਰਕਾਰੀ ਸੰਸਥਾ 2012 ਵਿਚ ਰਜਿਸਟਰ ਹੋਈ ਹੈ। ਭਾਰਤ ਵਿਚ ਇਸਦੇ 9 ਟਰੱਸਟੀ ਹਨ। ਇਸਦੇ ਭਾਰਤ ਦੇ ਡਾਇਰੈਕਟਰ ਅਮਰਜੀਤ ਸਿੰਘ ਹਨ। ਸੰਸਾਰ ਵਿਚ ਇਸ ਸੰਸਥਾ ਦੇ 18000 ਵਾਲੰਟੀਅਰ ਹਨ। ਇਹ ਸੰਸਥਾ ਸੰਸਾਰ ਵਿਚ ਕਿਸੇ ਵੀ ਥਾਂ ਤੇ ਕੋਈ ਭੀੜ ਪਵੇ, ਜੰਗ, ਤੂਫ਼ਾਨ, ਭੁਚਾਲ, ਸੁਨਾਮੀ, ਹੜ੍ਹ, ਭੁੱਖਮਰੀ ਜਾਂ ਕੋਈ ਵੀ ਹੋਰ ਕੁਦਰਤੀ ਆਫ਼ਤ ਆਈ ਹੋਵੇ, ਉਥੇ ਇਸਦੇ ਵਾਲੰਟੀਅਰ ਰਾਸ਼ਣ ਪਾਣੀ ਲੈ ਕੇ ਪਹੁੰਚ ਜਾਂਦੇ ਹਨ। ਮਾਨਵਤਾ ਦੀ ਸੇਵਾ ਇਸ ਸੰਸਥਾ ਦਾ ਮੁੱਖ ਕੰਮ ਹੈ। ਜਿਥੇ ਸਰਕਾਰਾਂ ਹੱਥ ਖੜ੍ਹੇ ਕਰ ਦਿੰਦੀਆਂ ਹਨ, ਉਥੇ ਇਸ ਸੰਸਥਾ ਦੇ ਵਾਲੰਟੀਅਰ ਸੇਵਾਦਾਰ ਪਹੁੰਚਕੇ ਇਨਸਾਨੀਅਤ ਦੀ ਸੇਵਾ ਕਰਦੇ ਹਨ। ਹੁਣ ਤੱਕ ਸੰਸਾਰ ਦੇ ਪੰਜੀ ਦੇਸਾਂ ਵਿਚ ਇਸਨੇ ਮਾਨਵਤਾ ਦੀ ਸੇਵਾ ਕੀਤੀ ਹੈ। ਇਸ ਸੰਸਥਾ ਨੇ ਆਪਣੇ ਵਾਲੰਟੀਅਰ ਇਨ੍ਹਾਂ ਦੇਸਾਂ ਵਿਚ ਬਣਾ ਲਏ ਹਨ, ਜਿਹੜੇ ਆਪਣੀ ਹੱਕ ਸੱਚ ਦੀ ਕਮਾਈ ਦਾ ਦਸਵਾਂ ਹਿੱਸਾ, ਜਿਸਨੂੰ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਦਸਵੰਦ ਕਿਹਾ ਜਾਂਦਾ ਹੈ, ਇਸ ਮਿਸ਼ਨ ਨੂੰ ਦਾਨ ਦਿੰਦੇ ਹਨ। ਜਿਸਦੇ ਨਾਲ ਇਹ ਸੰਸਥਾ ਮਾਨਵਤਾ ਦੀ ਸੇਵਾ ਕਰਦੀ ਹੈ। ਇਸ ਸੰਸਥਾ ਨੇ ਸੰਸਾਰ ਵਿਚ ਮਨੁੱਖਤਾ ਦੀ ਸੇਵਾ ਵਿਚ ਪਹਿਲ ਕਰਕੇ ਨਾਮਣਾ ਖੱਟਿਆ ਹੈ। ਇਸ ਸੰਸਥਾ ਵੱਲੋਂ ਪਿਛਲੇ 18 ਸਾਲਾਂ ਵਿਚ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਦਾ ਲੇਖਾ ਜੋਖਾ ਦੇਣ ਦੀ ਕੋਸ਼ਿਸ਼ ਕਰਾਂਗਾ ਜੋ ਸੰਖੇਪ ਵਿਚ ਇਸ ਪ੍ਰਕਾਰ ਹਨ-ਸਭ ਤੋਂ ਪਹਿਲਾਂ ਇਸ ਸੰਸਥਾ ਨੇ ਅਪ੍ਰੈਲ 1999 ਵਿਚ ਯੋਗੋਸਲਾਵੀਆ ਵਿਚ ਅਲਵਾਨੀਆਂ ਦੇ ਸਥਾਨ ਤੇ ਕੋਸੋਵ ਮਿਸ਼ਨ ਦੇ ਨਾਂ ਤੇ ਖ਼ੂਨੀ ਲੜਾਈ ਵਿਚ ਬੇਘਰ ਹੋਏ ਸ਼ਰਨਾਰਥੀਆਂ ਨੂੰ ਮੁਫ਼ਤ ਖਾਣਾ, ਜਿਸਨੂੰ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਲੰਗਰ ਕਿਹਾ ਜਾਂਦਾ ਹੈ, ਟਰੱਕਾਂ ਵਿਚ ਲਿਜਾਕੇ ਖਿਲਾਇਆ। ਕਿਸੇ ਵੀ ਵਿਅਕਤੀ ਨੂੰ ਭੁੱਖਾ ਨਹੀਂ ਰਹਿਣ ਦਿੱਤਾ। ਜੰਗ ਦੌਰਾਨ ਭਾਈ ਘਨ੍ਹਈਆ ਦੀ ਤਰ੍ਹਾਂ ਸੇਵਾ ਕੀਤੀ। ਕਪੜਾ ਲੀੜਾ ਤਨ ਢੱਕਣ ਲਈ ਜਿਹੜਾ ਜ਼ਰੂਰੀ ਸੀ ਉਹ ਦਿੱਤਾ ਗਿਆ। ਅਗਸਤ 1999 ਵਿਚ ਤੁਰਕੀ ਵਿਚ ਭੂਚਾਲ ਆ ਗਿਆ ਜਿਸ ਵਿਚ ਅਨੇਕਾਂ ਲੋਕ ਘਰੋਂ ਬੇਘਰ ਹੋ ਗਏ। ਉਥੇ ਵੀ ਖਾਲਸਾ ਏਡ ਦੇ ਵਾਲੰਟੀਅਰ ਰਵੀ ਸਿੰਘ ਦੀ ਅਗਵਾਈ ਵਿਚ ਪਹੁੰਚੇ ਅਤੇ ਲੋੜਮੰਦਾਂ ਨੂੰ ਖਾਣ ਪੀਣ ਤੋਂ ਇਲਾਵਾ ਹਰ ਲੋੜੀਂਦਾ ਕਪੜਾ ਲੀੜਾ ਦਿੱਤਾ। ਦਸੰਬਰ 1999 ਵਿਚ ਭਾਰਤ ਵਿਚ ਉੜੀਸਾ ਵਿਚ ਸੁਨਾਮੀ ਆ ਗਈ ਜਿਸਨੇ ਇਨਸਾਨੀਅਤ ਨੂੰ ਵਖਤ ਪਾ ਦਿੱਤਾ। ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਖਾਲਸਾ ਏਡ ਦੇ ਵਾਲੰਟੀਅਰ ਉਥੇ ਪਹੁੰਚੇ ਅਤੇ ਲੰਗਰ ਲਗਾਕੇ ਲੋਕਾਂ ਨੂੰ ਖਾਣਾ ਲਗਾਤਾਰ ਖਲਾਉਂਦੇ ਰਹੇ। ਇਥੋਂ ਤੱਕ ਕਿ ਘਰ ਵੀ ਬਣਾਕੇ ਦਿੱਤੇ। ਇਸ ਤੋਂ ਬਾਅਦ ਲਗਾਤਾਰ ਸਮੁੱਚੇ ਸੰਸਾਰ ਵਿਚ ਇਹ ਸਿਲਸਿਲਾ ਚਲਦਾ ਆ ਰਿਹਾ ਹੈ। ਜਨਵਰੀ 2002 ਵਿਚ ਕਾਂਗੋ ਤੇ ਰਵਾਂਡਾ ਵਿਚ ਜਵਾਲਾਮੁੱਖੀ ਫੱਟਣ ਨਾਲ ਆਫ਼ਤ ਆ ਗਈ। ਖਾਲਸਾ ਏਡ ਨੇ ਉਥੇ ਪਹੁੰਚਕੇ ਖਾਣਾ ਅਤੇ ਹੋਰ ਸਾਜੋ ਸਾਮਾਨ ਸਪਲਾਈ ਕੀਤਾ। ਜੁਲਾਈ 2003 ਵਿਚ ਕਾਬੁਲ ਦੇ ਸ਼ਰਨਾਰਥੀਆਂ ਦੀ ਮਦਦ ਕੀਤੀ। ਦਸੰਬਰ 2004 ਵਿਚ ਭਾਰਤ ਦੇ ਅੰਡੇਮਾਨ ਟਾਪੂ ਵਿਚ ਸੁਨਾਮੀ ਆ ਗਈ ਇਥੇ ਵੀ ਵਾਲੰਟੀਅਰਾਂ ਨੇ ਜਾ ਕੇ ਲੰਗਰ ਲਾਇਆ ਅਤੇ ਕਪੜੇ ਲੀੜੇ ਦਿੱਤੇ। ਮਾਰਚ 2005 ਵਿਚ ਪਾਕਿਸਤਾਨ ਵਿਚ ਭੁਚਾਲ ਆ ਗਿਆ। ਇਸ ਮੌਕੇ ਵੀ ਖਾਲਸਾ ਏਡ ਨੇ ਖਾਣਾ ਪਹੁੰਚਾਇਆ ਅਤੇ ਲੋਕਾਂ ਦੇ ਮੁੜਵਸੇਬੇ ਵਿਚ ਮਦਦ ਕੀਤੀ। ਇਸੇ ਤਰ੍ਹਾਂ ਅਗਸਤ 2007 ਪੰਜਾਬ ਦੇ ਹੜ੍ਹਾਂ, ਜਨਵਰੀ 2010 ਵਿਚ ਹੈਤੀ ਭੁਚਾਲ, ਮਾਰਚ 2011 ਲਿਬੀਆ ਅਤੇ ਸੀਰੀਆ, 2013 ਵਿਚ ਉਤਰਾਖੰਡ ਹੜ੍ਹਾਂ ਦੌਰਾਨ, ਸਤੰਬਰ 2013 ਵਿਚ ਮੁਜ਼ੱਫਰਪੁਰ ਦੰਗੇ, ਸਤੰਬਰ 2014 ਜੰਮੂੰ ਕਸ਼ਮੀਰ ਹੜ੍ਹਾਂ ਦੌਰਾਨ, ਜੁਲਾਈ 2015 ਯਮਨ ਗ੍ਰਹਿ ਯੁੱਧ, ਮਈ 2016 ਗ੍ਰੀਸ ਸ਼ਰਨਾਰਥੀ ਅਤੇ 2017 ਅਗਸਤ ਰੋਹਿੰਗੀਆ ਮਿਸ਼ਨ ਵਿਚ ਲੰਗਰ ਕਪੜਾ ਲੀੜਾ ਅਤੇ ਹੋਰ ਸਾਮਾਨ ਉਪਲਭਧ ਕਰਵਾਇਆ। ਜਨਵਰੀ 2014 ਵਿਚ ਇੰਗਲੈਂਡ ਦੇ ਸਮਰਸੈਟ ਅਤੇ ਬਰਕਸ਼ਾਇਰ ਇਲਾਕਿਆਂ ਦੇ ਪਿੰਡਾਂ ਵਿਚ ਭਿਆਨਕ ਹੜ੍ਹ ਆ ਗਿਆ। ਹੜ੍ਹ ਇਤਨਾ ਜ਼ਿਆਦਾ ਸੀ ਕਿ ਘਰਾਂ ਦੇ ਘਰ ਰੋੜ੍ਹ ਕੇ ਲੈ ਗਿਆ। ਹਜ਼ਾਰਾਂ ਟਨ ਕੂੜਾ ਘਰਾਂ ਵਿਚ ਇਕੱਠਾ ਹੋ ਗਿਆ। ਉਥੋਂ ਦਾ ਪ੍ਰਬੰਧ ਵੀ ਬੇਬਸ ਹੋ ਗਿਆ। ਖਾਲਸਾ ਏਡ ਦੇ 50 ਵਾਲੰਟੀਅਰ ਉਥੇ ਪਹੁੰਚ ਗਏ, ਜਿਨ੍ਹਾਂ ਉਥੋਂ ਦੇ ਬੇਘਰ ਹੋਏ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਕੈਂਪਿੰਗ ਰਾਹੀਂ ਕੀਤਾ ਅਤੇ ਖਾਣ ਪੀਣ ਲਈ ਲੰਗਰ ਅਤੇ ਪਾਣੀ ਲਗਾਤਾਰ ਦਿੰਦੇ ਰਹੇ, ਜਿਤਨੀ ਦੇਰ ਤੱਕ ਉਨ੍ਹਾਂ ਦਾ ਸਥਾਈ ਪ੍ਰਬੰਧ ਨਹੀਂ ਹੋ ਗਿਆ। ਖਾਲਸਾ ਏਡ ਦੇ ਵਾਲੰਟੀਅਰਾਂ ਨੇ 1500 ਘੰਟੇ ਲਗਾਤਾਰ ਕੰਮ ਕਰਕੇ 1ਲੱਖ 600 ਟਨ ਕੂੜ ਕਬਾੜ ਦੇ ਬੈਗ ਢੋਅ ਕੇ ਘਰਾਂ ਵਿਚੋਂ ਬਾਹਰ ਸੁੱਟੇ। ਜੇਕਰ ਇਹ ਗੰਦ ਮੰਦ ਢੋਅ ਕੇ ਬਾਹਰ ਨਾ ਲਿਜਾਂਦੇ ਤਾਂ ਬਿਮਾਰੀਆਂ ਫੈਲਣ ਦਾ ਡਰ ਸੀ। ਖਾਲਸਾ ਏਡ ਦੀ ਸੇਵਾ ਭਾਵਨਾ ਵੇਖ ਕੇ ਸਥਾਨਕ ਗੋਰੇ ਵੀ ਵਾਲੰਟੀਅਰ ਬਣ ਗਏ। ਰਵੀ ਸਿੰਘ ਦੀ ਸੇਵਾ ਤੋਂ ਗੋਰੇ ਇਤਨੇ ਪ੍ਰਭਾਵਤ ਹੋਏ ਕਿ ਉਨ੍ਹਾਂ ਨੇ ਉਥੋਂ ਦੇ "ਸਰਪ੍ਰਾਈਜ਼ ਸਰਪ੍ਰਾਈਜ਼" ਟੈਲੀਵਿਜ਼ਨ ਸ਼ੋ ਵਿਚ ਰਵੀ ਸਿੰਘ ਨੂੰ ਬੁਲਾਕੇ ਵਿਸ਼ੇਸ ਤੌਰ ਤੇ ਸਨਮਾਨਤ ਕੀਤਾ ਅਤੇ ਉਸਦੀ ਪੁਰਾਣੀ ਕਬਾੜ ਹੋਈ ਕਾਰ ਦੀ ਮੁਰੰਮਤ ਕਰਵਾਕੇ ਦਿੱਤੀ। ਅਪ੍ਰੈਲ 2015 ਵਿਚ ਨੇਪਾਲ ਭੂਚਾਲ ਦੇ ਸਮੇਂ ਹਰ ਰੋਜ਼ 10 000 ਲੋਕਾਂ ਨੂੰ ਦੋ ਮਹੀਨੇ ਲਗਾਤਾਰ ਲੰਗਰ ਛਕਾਉਂਦੇ ਰਹੇ। ਇਸ ਤੋਂ ਇਲਾਵਾ ਕਪੜਾ ਲੀੜਾ ਦਿੱਤਾ ਅਤੇ 1200 ਘਰ ਨਵੇਂ ਉਸਾਰਕੇ ਦਿੱਤੇ। ਸੀਰੀਆ ਵਿਖੇ ਸ਼ਰਨਾਰਥੀਆਂ ਨੂੰ ਪਿਛਲੇ ਚਾਰ ਸਾਲ ਤੋਂ ਖਾਣਾ ਦੇ ਰਹੇ ਹਨ। ਹੁਣੇ ਕੇਰਲਾ ਵਿਚ ਹੜ੍ਹ ਆਏ ਹਨ ਜਿਥੇ ਤੋਂ ਵ੍ਹਪਰ ਜਾਨੀ ਨੁਕਸਾਨ ਹੋਇਆ ਹੈ ਅਤੇ ਹਜ਼ਜ਼ਜਾਂ ਲੋਕ ਘਰੋਂ ਬੇਘਰ ਹੋ ਗਏ। ਇਥੇ ਵੀ ਖਾਲਸਾ ਏਡ ਦੇ ਵਾਲੰਟੀਅਰ ਪਹੁੰਚਕੇ ਲੰਗਰ ਲਗਾ ਰਹੇ ਹਨ। ਰਵੀ ਸਿੰਘ ਮਹਿਸੂਸ ਕਰ ਰਿਹਾ ਹੈ ਕਿ ਲੋਕਾਂ ਵਿਚ ਜਾਗ੍ਰਤੀ ਲਿਆਉਣ ਲਈ ਪੜ੍ਹਾਈ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਉਹ ਸਿਹਤ ਬਾਰੇ ਵੀ ਚਿੰਤਾਤੁਰ ਹੈ। ਇਸ ਲਈ ਉਸਨੇ ਆਪਣੇ ਵਾਲੰਟੀਅਰਜ਼ ਦੀ ਮਦਦ ਨਾਲ ਪੰਜਾਬ ਵਿਚ ਸਿਖਿਆ ਅਤੇ ਸਿਹਤ ਸਹੂਲਤਾਂ ਦੇਣ ਦਾ ਪ੍ਰੋਗਰਾਮ ਬਣਾਇਆ ਹੈ। ਇਸ ਮੰਤਵ ਲਈ ਉਨ੍ਹਾਂ ਪੰਜਾਬ ਵਿਚ ਦੋ ਸਕੂਲ ਇਕ ਪਟਿਆਲਾ ਵਿਖੇ ਭਾਈ ਲਾਲੋ ਮਿਡਲ ਸਕੂਲ ਭਾਈ ਘਨ੍ਹਈਆ ਚੈਰੀਟੇਬਲ ਟਰੱਸਟ ਅਤੇ ਦੂਜਾ ਸੰਗਰੂਰ ਜ਼ਿਲ੍ਹੇ ਵਿਚ ਭਵਾਨੀਗੜ੍ਹ ਵਿਖੇ ਖਾਲਸਾ ਏਡ ਦਸ਼ਮੇਸ਼ ਸਕੂਲ ਜੋ ਕਾਕੜਾ ਪਿੰਡ ਦੇ ਨਜ਼ਦੀਕ ਚੁਣੇ ਹਨ। ਇਨ੍ਹਾਂ ਸਕੂਲਾਂ ਦੇ 1500 ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਖਾਲਸਾ ਏਡ ਮਿਸ਼ਨ ਕਰ ਰਿਹਾ ਹੈ। ਖਾਲਸਾ ਦੀ ਪਛਾਣ ਬਰਕਰਾਰ ਰੱਖਣ ਵਿਚ ਇਸ ਸੰਸਥਾ ਦਾ ਯੋਗਦਾਨ ਵਿਲੱਖਣ ਹੈ।

# ਚੰਗੀ ਸੋਚ ਦਿਖਾਉਂਦੀ ਹੈ ਚੰਗਾ ਰਸਤਾ



-ਡਾ. ਧਰਮਜੀਤ ਸਿੰਘ ਮਾਨ

ਦਿਮਾਗ 'ਚੋਂ ਉਪਜੇ ਵਿਚਾਰ ਇਨਸਾਨ ਨੂੰ ਕੁੱਝ ਨਾ ਕੁੱਝ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਮਨ ਦੇ ਵਿਚਾਰ ਅਕਸਰ ਦਿਮਾਗ ਦੀਆਂ ਤਰਕਭਰਪੂਰ ਗੱਲਾਂ 'ਤੇ ਭਾਰੂ ਪੈ ਜਾਂਦੇ ਹਨ ਅਤੇ ਇਨਸਾਨ ਨੂੰ ਦਿਸ਼ਾਹੀਣ ਕਰ ਦਿੰਦੇ ਹਨ। ਸਿਦਕ ਅਤੇ ਸਿਰੜ ਦਿਮਾਗ ਦੇ ਵਿਚਾਰਾਂ ਨੂੰ ਸਥਾਈ ਰੱਖ ਕੇ, ਇਨਸਾਨ ਨੂੰ ਕੁੱਝ ਚੰਗਾ ਕਰਨ ਲਈ ਪ੍ਰੇਰਿਤ ਕਰਦਾ ਹੈ। ਮਨ 'ਚੋਂ ਉਠੇ ਵਿਚਾਰ ਅਕਸਰ ਨਿਰਾਸ਼ਾ ਦਾ ਕਾਰਨ ਬਣਦੇ ਹਨ। ਮਨੋਰੋਗ ਇਸੇ ਕੜੀ ਦਾ ਹਿੱਸਾ ਹਨ। ਮਨ ਉਤੇ ਮਾੜੇ ਵਿਚਾਰਾਂ ਦਾ ਹਾਵੀ ਹੋ ਜਾਣਾ ਮਨ ਨੂੰ ਬੇਕਾਬੂ ਕਰ ਦਿੰਦਾ ਹੈ, ਜਿਸਦਾ ਸਾਡੀ ਸੋਚ ਅਤੇ ਵਿਵਹਾਰ ਉਤੇ ਬਹੁਤ ਨਕਰਾਤਮਕ ਅਸਰ ਪੈਂਦਾ ਹੈ।

ਚੰਗੀ ਸੋਚ ਇੱਕ ਚੰਗੇ ਸ਼ਰੀਰ ਦਾ ਨਿਰਮਾਣ ਕਰਦੀ ਹੈ। ਸੋਚ ਦੇ ਬਦਲਣ ਨਾਲ ਇਨਸਾਨ ਦੇ ਕੰਮ ਕਰਨ ਦੇ ਢੰਗ ਤਰੀਕੇ ਵਿੱਚ ਵੀ ਇਕਦਮ ਪਰਿਵਰਤਣ ਆ ਜਾਂਦਾ ਹੈ। ਕਿਸੇ ਦੀ ਸਹਾਇਤਾ ਕਰਕੇ ਕੇ ਮਨ ਨੂੰ ਮਿਲਿਆ ਸਕੂਨ ਇੱਕ ਚੰਗੀ ਅਤੇ ਨਿੱਗਰ ਸੋਚ ਦੀ ਤਰਜਮਾਨੀ ਕਰਦਾ ਹੈ। ਇਹ ਸੋਚਣਾ ਕਿ ਕਿਸੇ ਜ਼ਰੂਰਤਮੰਦ ਦੀ ਸਹਾਇਤਾ ਕਰਕੇ ਕਿਹੜਾ ਇਨਾਮ ਮਿਲ ਜਾਣੈ, ਇੱਕ ਪਿਛਾਂਹ ਖਿਚੂ ਸੋਚ ਦੀ ਉਦਾਹਰਣ ਹੈ। ਖੁਦਕਸ਼ੀ ਕਰਦੇ ਸਮੇਂ ਇਨਸਾਨ ਦੇ ਮਨ ਦੇ ਵਿਚਾਰ ਬੜੀ ਤੇਜੀ ਨਾਲ ਜੋੜ ਘਟਾਓ ਕਰਦੇ ਹਨ, ਜਿਸ ਵਿੱਚ ਨਕਰਾਤਮਕ ਵਿਚਾਰ ਮਨ 'ਤੇ ਹਾਵੀ ਹੋ ਕੇ ਇਨਸਾਨ ਦੀ ਮੌਤ ਦਾ ਕਾਰਨ ਬਣ ਜਾਂਦੇ ਹਨ। ਦੂਜੇ ਪਾਸੇ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਗਲ਼ ਵਿੱਚ ਪਾਉਣ ਵਾਲੇ ਸੂਰਮਿਆਂ ਦੀ ਸੋਚ ਇਸ ਤੋਂ ਬਿਲਕੁੱਲ ਉਲਟ ਹੁੰਦੀ ਹੈ। ਉਹ ਬੇਬਸ ਜਾਂ ਬੇਜਾਨ ਨਹੀਂ ਹੁੰਦੇ, ਉਹਨਾ ਦੇ ਵਿਚਾਰ ਉਹਨਾਂ ਦੇ ਸ਼ਰੀਰ ਵਿੱਚ ਇੱਕ ਅਜਿਹੀ ਊਰਜਾ ਦਾ ਪ੍ਰਵਾਹ ਕਰਦੇ ਹਨ ਜੋ ਉਹਨਾਂ ਨੂੰ ਕਿਸੇ ਜ਼ੁਲਮ ਜਾਂ ਧੱਕੇ ਅੱਗੇ ਝੁਕਣ ਨਹੀਂ ਦਿੰਦੀ ਅਤੇ ਹੱਸ ਕੇ ਮੌਤ ਨੂੰ ਸਵੀਕਾਰ ਕਰਨ ਦੀ ਤਾਕਤ ਦਿੰਦੀ ਹੈ। ਇਹ ਸਭ ਨਿੱਗਰ ਅਤੇ ਅੜਿੱਗ ਵਿਚਾਰਾਂ ਦੇ ਕਾਰਨ ਹੈ। ਚੰਗੀ ਸੋਚ ਚੰਗੇ ਇਨਸਾਨ ਅਤੇ ਚੰਗੇ ਸਮਾਜ ਦਾ ਨਿਰਮਾਣ ਕਰਦੀ ਹੈ। ਉਹ ਗਾਇਕ ਜਾਂ ਗੀਤਕਾਰ ਕਦੇ ਵੀ ਮਾੜਾ ਨਹੀਂ ਗਾਏਗਾ ਜਾਂ ਲਿਖੇਗਾ, ਜਿਸ ਨੂੰ ਇਸ ਗੱਲ ਦਾ ਅਹਿਸਾਸ ਹੋਵੇਗਾ ਕਿ ਉਸਦੇ ਪਰਿਵਾਰ ਵਾਂਗ ਇਸ ਸਮਾਜ ਵਿੱਚ ਹੋਰ ਵੀ ਪਰਿਵਾਰ ਹਨ, ਜੋ ਉਸਦੀ ਲੱਚਰ ਗਾਇਕੀ ਨੂੰ ਆਪਣੀਆਂ ਧੀਆਂ ਭੈਣਾਂ ਵਿੱਚ ਬੈਠ ਕੇ ਸੁੱਣ ਨਹੀਂ ਸਕਣਗੇ। ਘਰ ਵਿੱਚ ਜਵਾਨ ਧੀ, ਪਿਉ ਨੂੰ ਸਮਾਜ ਅਤੇ ਜਿੰਮੇਵਾਰੀ ਪ੍ਰਤੀ ਸਤਰਕ ਕਰਦੀ ਹੈ। ਲੜਕੀਆਂ ਨਾਲ ਹੁੰਦੇ ਜਬਰਜਨਾਹ ਦੀਆਂ ਖਬਰਾਂ ਦੱਸਦੀਆਂ ਹਨ ਕਿ ਅੱਜ ਲੜਕੀਆਂ ਘਰਾਂ ਵਿੱਚ ਵੀ ਸੁਰੱਖਿਅਤ ਨਹੀਂ ਹਨ। ਇਹ ਸਭ ਸੋਚ ਵਿੱਚ ਆਈ ਤਬਦੀਲੀ ਕਾਰਨ ਹੋ ਰਿਹਾ ਹੈ। ਚੰਗੀ ਸੋਚ ਰਾਹ ਦਸੇਰਾ ਬਣਦੀ ਹੈ। ਨਰੋਏ ਸਮਾਜ ਅਤੇ ਪਰਿਵਾਰ ਨੂੰ ਵਿਕਸਤ ਕਰਨ ਲਈ ਚੰਗੀ ਸੋਚ ਦਾ ਹੋਣਾ ਲਾਜ਼ਮੀ ਹੈ। ਚੰਗੀ ਸੋਚ ਦਾ ਧਾਰਨੀ ਇਨਸਾਨ ਕਦੇ ਵੀ ਗਲਤ ਵਿਚਾਰਾਂ ਨੂੰ ਆਪਣੇ 'ਤੇ ਭਾਰੂ ਨਹੀਂ ਹੋਣ ਦਿੰਦਾ। ਦਿਨੋ ਦਿਨ ਨਿੱਘਰਦੇ ਸਮਾਜਿਕ ਮੁੱਲਾਂ ਨੂੰ ਚੰਗੀ ਸੋਚ ਹੀ ਢਾਰਸ ਦੇ ਸਕਦੀ ਹੈ। ਚੰਗੀ ਸੋਚ ਵਾਲੇ ਨਾਗਰਿਕ ਇੱਕ ਚੰਗੇ ਪਿੰਡ, ਸ਼ਹਿਰ, ਕਸਬੇ, ਜਿਲੇ, ਸੂੱਬੇ ਅਤੇ ਦੇਸ਼ ਦਾ ਨਿਰਮਾਣ ਕਰ ਸਕਦੇ ਹਨ। ਛੋਟੜ ਅਤੇ ਕੁਮਲਾਈ ਸੋਚ ਕੋਈ ਬਹੁਤੇ ਵਧੀਆ ਨਤੀਜੇ ਨਹੀਂ ਦੇ ਸਕਦੀ। ਮਾਨਸ ਜਨਮ ਨੂੰ ਸਫਲਾ ਕਰਨ ਲਈ ਚੰਗੇ ਵਿਚਾਰਾਂ ਦਾ ਪ੍ਰਵਾਹ ਕਰਨਾ ਹੋਵੇਗਾ। ਦਿਮਾਗ ਦੇ ਫੈਸਲਾਕੁੰਨ ਵਿਚਾਰਾਂ ਦਾ ਮਨ ਵਿੱਚ ਠਹਿਰਾਅ ਜ਼ਰੂਰੀ ਹੈ। ਪਲ ਪਲ ਬਦਲਦੇ ਮਨ ਦੇ ਵਿਚਾਰਾਂ 'ਤੇ ਜੇਕਰ ਕਾਬੂ ਪਾ ਲਿਆ ਜਾਵੇ ਤਾਂ ਫਿਰ ਉਹ ਦਿਨ ਦੂਰ ਨਹੀਂ ਜਦੋਂ ਨੈਤਿਕ ਕਦਰਾਂ ਕੀਮਤਾਂ ਵਾਲਾ ਸਮਾਜ ਮੁੜ ਸੁਰਜੀਤ ਹੋ ਜਾਵੇਗਾ।



# ਪੰਜਾਬੀ ਸਾਹਿਤ ਅਤੇ ਸਭਿਆਚਾਰ

## ਹੀਰਾ ਸਿੰਘ ਦਰਦ



| | | |
|---|---|---|
| ਜਨਮ | : | 30 ਸਤੰਬਰ 1890 |
| ਸਥਾਨ | : | ਪਿੰਡ ਘਘਰੋਟ, ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ) |
| ਅਕਾਲ ਚਲਾਣਾ | : | 22 ਜੂਨ 1964 |
| ਕਾਰਜ-ਖੇਤਰ | : | ਪੱਤਰਕਾਰ ਤੇ ਲੇਖਕ |
| ਭਾਸ਼ਾ | : | ਪੰਜਾਬੀ |

ਹੀਰਾ ਸਿੰਘ ਦਰਦ (30 ਸਤੰਬਰ 1890 – 22 ਜੂਨ 1964) ਇੱਕ ਪੰਜਾਬੀ ਪੱਤਰਕਾਰ ਤੇ ਲੇਖਕ ਸਨ। ਉਨ੍ਹਾਂ ਨੇ ਛੋਟੀ ਉਮਰ ਵਿੱਚ ਹੀ 'ਦਰਦ' ਤਖੱਲਸ ਹੇਠ ਦੇਸ਼ਭਗਤੀ ਅਤੇ ਧਾਰਮਿਕ ਰੰਗਤ ਦੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਕੇਂਦਰੀ ਪੰਜਾਬੀ ਲਿਖਾਰੀ ਸਭਾ ਦੇ ਉਸਰਈਏ ਵਜੋਂ ਵੀ ਉਨ੍ਹਾਂ ਦਾ ਨਾਮ ਪੰਜਾਬੀ ਸਾਹਿਤ ਦੇ ਜੋਸ਼ੀਲੇ ਉਦਮੀਆਂ ਵਿੱਚ ਸ਼ਾਮਲ ਹੈ

ਹੀਰਾ ਸਿੰਘ ਦਰਦ ਦਾ ਜਨਮ ਭਾਈ ਹਰੀ ਸਿੰਘ ਨਿਰੰਕਾਰੀ ਦੇ ਘਰ 30 ਸਤੰਬਰ 1890 ਨੂੰ ਪਿੰਡ ਘਘਰੋਟ ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਪੁੰਛ ਦੇ ਇੱਕ ਬ੍ਰਾਹਮਣ ਪਰਵਾਰ ਦੇ ਸਨ, ਰਾਵਲਪਿੰਡੀ ਵਿੱਚ ਆਕੇ ਵੱਸ ਗਾਏ ਸਨ ਅਤੇ ਉਨ੍ਹਾਂ ਨੇ ਸਿੱਖ ਧਰਮ ਨੂੰ ਆਪਣਾ ਲਿਆ ਸੀ। ਹੀਰਾ ਸਿੰਘ ਰਾਵਲਪਿੰਡੀ ਵਿੱਚ ਈਸਾਈ ਮਿਸ਼ਨ ਸਕੂਲ ਵਿੱਚ ਪੜ੍ਹਨ ਲੱਗੇ ਅਤੇ 1907 ਵਿੱਚ ਉਹ ਮਕਾਮੀ ਨਗਰ ਕਮੇਟੀ ਵਿੱਚ ਇੱਕ ਚੁੰਗੀ ਕਲਰਕ ਨਿਯੁਕਤ ਹੋ ਗਏ ਪਰ ਇਹ ਨੌਕਰੀ ਜਲਦੀ ਛੱਡ ਦਿੱਤੀ ਅਤੇ ਲਾਇਲਪੁਰ ਜਿਲ੍ਹੇ ਵਿੱਚ, ਚੱਕ ਨੰ. 73.2. ਵਿਖੇ ਸਿੰਘ ਸਭਾ ਸਕੂਲ ਵਿੱਚ ਅਧਿਆਪਕ ਲੱਗ ਗਏ।

ਸਕੂਲ ਵਿੱਚ ਕੰਮ ਕਰਦੇ ਹੋਏ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਵਲੋਂ ਪੰਜਾਬੀ ਵਿੱਚ ਗਿਆਨੀ ਦੀ ਪ੍ਰੀਖਿਆ ਪਾਸ ਕਰ ਲਈ ਅਤੇ ਸਵੈ ਅਧਿਐਨ ਦੇ ਬਿਖੜੇ ਮਾਰਗ ਦੇ ਰਾਹੀ ਬਣ ਗਏ। ਉਨ੍ਹਾਂ ਨੇ ਚੜ੍ਹਦੀ ਜਵਾਨੀ ਵਿੱਚ ਹੀ ਦਰਦ ਕਲਮੀ ਨਾਮ ਦੇ ਤਹਿਤ ਪੰਜਾਬੀ ਵਿੱਚ ਧਾਰਮਿਕ ਅਤੇ ਦੇਸਭਗਤੀ ਦੀਆਂ ਕਵਿਤਾਵਾਂ ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਸ ਅਰਸੇ ਦੇ ਦੌਰਾਨ ਉਨ੍ਹਾਂ ਨੇ ਦੋ ਸੰਗ੍ਰਿਹ ਉਪਕਾਰਾਂ ਦੀ ਵੰਨਗੀ ਅਤੇ ਸਿੱਖ ਬੱਚਿਓ ਜਾਗੋ, ਕਾਵਿ ਸੰਗ੍ਰਹਿ 1912 ਅਤੇ 1913 ਵਿੱਚ ਪ੍ਰਕਾਸ਼ਿਤ ਕੀਤੇ ਸਨ ਜਿਨ੍ਹਾਂ ਵਿਚੋਂ ਸਿੱਖ ਇਤਿਹਾਸਿਕ ਹਸਤੀਆਂ ਅਤੇ ਘਟਨਾਵਾਂ ਬਾਰੇ ਕਵਿਤਾਵਾਂ ਲਿਖੀਆਂ ਸਨ। ਹੀਰਾ ਸਿੰਘ ਨੇ ਅੰਗਰੇਜਾਂ ਦੁਆਰਾ ਢਾਹ ਦਿੱਤੀ ਗਈ ਗੁਰਦੁਆਰਾ ਰਕਾਬਗੰਜ਼ ਦੀ ਦੀਵਾਰ ਦੀ ਬਹਾਲੀ ਲਈ ਅੰਦੋਲਨ ਵਿੱਚ ਭਾਗ ਲਿਆ।

ਕੋਲਕਾਤਾ ਵਿੱਚ ਹੁਗਲੀ ਦੇ ਬਜਬਜ ਘਾਟ ਤੇ ਬਰਤਾਨਵੀ ਗੋਲੀਆਂ ਨਾਲ ਸ਼ਹੀਦ ਕਰ ਦਿੱਤੇ ਗਏ ਕਾਮਾਗਾਟਾਮਾਰੂ ਦੇ ਮੁਸਾਫਰਾਂ ਲਈ 1915 ਵਿੱਚ ਉਨ੍ਹਾਂ ਦੇ ਸਕੂਲ ਵਿੱਚ ਗੁਰੂ ਗਰੰਥ ਸਾਹਿਬ ਦੇ ਪਾਠ ਦਾ ਪ੍ਰਬੰਧ ਕਰਨ ਅਤੇ ਅਰਦਾਸ ਕਰਵਾਉਣ ਵਾਲਿਆਂ ਵਿੱਚੋਂ ਉਹ ਇੱਕ ਸਨ। ਇਸਦੇ ਲਈ ਉਨ੍ਹਾਂ ਨੂੰ ਗਿਰਫਤਾਰ ਵੀ ਹੋਣਾ ਪਿਆ। 1920 ਵਿੱਚ , ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਮੰਗਲ ਸਿੰਘ ਅਤੇ ਹੋਰਨਾਂ ਨੇ ਮਿਲ ਕੇ ਲਾਹੌਰ ਤੋਂ ਪੰਜਾਬੀ ਦੈਨਿਕ ਅਖਬਾਰ, ਅਕਾਲੀ, ਸ਼ੁਰੂ ਕਰ ਦਿੱਤਾ। ਹੀਰਾ ਸਿੰਘ ਨੂੰ ਇਸਦਾ ਸਹਾਇਕ ਸੰਪਾਦਕ ਨਿਯੁਕਤ ਕੀਤਾ ਗਿਆ।

ਇਹ ਸਮਾਚਾਰ ਪੱਤਰ ਕੱਟੜ ਸਰਕਾਰ ਵਿਰੋਧੀ ਸੀ ਅਤੇ ਹੀਰਾ ਸਿੰਘ ਨੂੰ ਇਸਦਾ ਸੰਪਾਦਕ ਹੋਣ ਨਾਤੇ ਕਈ ਵਾਰ ਜੇਲ ਯਾਤਰਾ ਕਰਨੀ ਪਈ। 1924 ਵਿੱਚ ਜੇਲ੍ਹ ਤੋਂ ਬਾਹਰ ਆ ਉਨ੍ਹਾਂ ਨੇ ਇੱਕ ਸਾਹਿਤਕ ਮਾਸਿਕ ਪੰਜਾਬੀ ਪੱਤਰ ਫੁਲਵਾੜੀ ਦਾ ਆਰੰਭ ਕੀਤਾ ਜੋ ਪੰਜਾਬੀ ਸਾਹਿਤ ਦੀ ਪ੍ਰਗਤੀਸ਼ੀਲ ਲਹਿਰ ਨੂੰ ਵਿਕਸਿਤ ਕਰਨ ਵਿੱਚ ਇੱਕ ਮੀਲ-ਪੱਥਰ ਬਣ ਨਿਬੜਿਆ ਸੀ। 1942 ਈ: ਤੋਂ 1945 ਈ: ਤੱਕ ਸੁਤੰਤਰਤਾ ਸੰਗਰਾਮ ਕਾਰਨ ਤਿੰਨ ਸਾਲ ਕੈਦ ਰਹੇ। ਦਰਦ ਸੁਨੇਹੇ (ਤਿੰਨ ਭਾਗ) ਹੋਰ ਅਗੇਰੇ, ਚੋਣਵੇਂ ਦਰਦ ਸੁਨੇਹੇ (ਕਾਵਿ-ਸੰਗ੍ਰਹਿ), ਪੰਜਾਬੀ ਸੱਧਰਾਂ, ਕਿਸਾਨ ਦੀਆਂ ਆਹੀਂ, ਆਸ ਦੀ ਤੰਦ (ਕਹਾਣੀ ਸੰਗ੍ਰਹਿ) ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ (ਸਫ਼ਰਨਾਮਾ), ਭਾਰਤ ਦੇ ਬੰਦੀ-ਛੋੜ, ਨਵੀਨ ਭਾਰਤ ਦੇ ਰਾਜਸੀ ਆਗੂ (ਜੀਵਨੀਆਂ) ਗਾਂਧੀ ਜੀ ਦੀਆਂ ਸਿਮਰਤੀਆਂ, ਮੇਰੀਆਂ ਕੁਝ ਇਤਿਹਾਸਕ ਯਾਦਾਂ (ਸੰਸਮਰਣ), ਸੋਸ਼ਲਿਜ਼ਮ ਕੀ ਹੈ ?, ਫਾਸ਼ਿਜ਼ਮ ਕੀ ਹੈ ?,

ਪੰਜਾਬੀ ਸੂਬੇ ਦੀ ਸਮੱਸਿਆ, ਪੰਥ, ਧਰਮ ਤੇ ਰਾਜਨੀਤੀ (ਸਿਧਾਂਤਕ), ਗ਼ਦਰ ਪਾਰਟੀ ਦੀ ਸੰਖੇਪ ਕਹਾਣੀ, (ਇਤਿਹਾਸ) ਆਦਿ ਉਨ੍ਹਾਂ ਦੇ ਵਿਸ਼ਾਲ ਸਾਹਿਤਕ ਜ਼ਖੀਰੇ ਵਿਚੋਂ ਕੁਝ ਕੁ ਪੁਸਤਕਾਂ ਹਨ।

ਪਹਿਲਾਂ "ਦੁਖੀਆ" ਉਪਨਾਮ ਹੇਠ ਕਵਿਤਾ ਲਿਖਦੇ ਸਨ। 1918 ਈ. ਤੋਂ "ਦਰਦ" ਉਪਨਾਮ ਵਰਤਣ ਲੱਗ ਪਏ। 1907 ਵਿਚ ਆਪ ਚੁੰਗੀ ਕਲਰਕ ਲੱਗ ਗਏ ਪਰ ਇਹ ਨੌਕਰੀ ਛੱਡ ਕੇ 1910 ਵਿਚ ਇਕ ਪ੍ਰਾਇਮਰੀ ਸਕੂਲ ਜਾਰੀ ਕੀਤਾ 1917 ਈ. ਤੋਂ ਰਾਵਲਪਿੰਡੀ ਵਿਚ ਗਿਆਨੀ ਦੀਆਂ ਜਮਾਤਾਂ ਪੜ੍ਹਾਉਣੀਆਂ ਸ਼ੁਰੂ ਕੀਤੀਆਂ। 1920 ਈ. ਨੂੰ ਲਾਹੌਰ ਤੋਂ "ਅਕਾਲੀ" ਅਖ਼ਬਾਰ ਚਾਲੂ ਕੀਤਾ ਤੇ ਜੇਲ੍ਹ ਜਾਣਾ ਪਿਆ। ਕੈਦ ਤੋਂ ਬਰੀ ਹੋ ਕੇ ਪੰਜਾਬੀ ਵਿਚ "ਅਕਾਲੀ" ਅਖ਼ਬਾਰ ਜਾਰੀ ਕੀਤਾ ਪਰ ਫੇਰ ਇਸ ਤੋਂ ਵੱਖ ਹੋ ਗਏ।

ਇਨ੍ਹਾਂ ਨੇ ਅਕਾਲੀ ਲਹਿਰ, ਕਾਂਗਰਸ ਲਹਿਕ ਤੇ ਕਮਿਊਨਿਸਟ ਪਾਰਟੀ ਦੇ ਅੰਦੋਲਨਾਂ ਵਿਚ ਭਾਗ ਲਿਆ ਤੇ ਆਪਣੀ ਕਵਿਤਾ ਰਾਹੀਂ ਇਨ੍ਹਾਂ ਲਹਿਰਾਂ ਨੂੰ ਯੋਗਦਾਨ ਦਿੱਤਾ। 1919 ਈ. ਵਿਚ ਜਦੋਂ ਅਕਾਲੀ ਲਹਿਰ ਵੇਲੇ ਸਰਕਾਰ ਵਲੋਂ ਸਖਤੀ ਕੀਤੀ ਗਈ ਤਾਂ ਕਵੀ ਦਾ ਕੋਮਲ ਹਿਰਦਾ ਵਿਲਕ ਉਠਿਆ ਤੇ ਇਨ੍ਹਾਂ ਨੇ "ਦਰਦ ਸੁਨੇਹੇ" (ਤਿੰਨ ਭਾਗ) ਰਚੇ। 1926 ਵਿਚ ਪੰਜਾਬੀ ਵਿਚ "ਫੁਲਵਾੜੀ" ਮਾਸਕ ਪੱਤਰ ਜਾਰੀ ਕੀਤਾ। ਇਸ ਪੱਤਰ ਰਾਹੀਂ ਆਪ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਖ਼ੂਬ ਸੇਵਾ ਕੀਤੀ।

ਫੁਲਵਾੜੀ 1930 ਤਕ ਅਮ੍ਰਿਤਸਰ ਤੋਂ ਪ੍ਰਕਾਸ਼ਿਤ ਹੁੰਦਾ ਰਿਹਾ ਸੀ ਅਤੇ ਉਸਦੇ ਬਾਅਦ, ਹੀਰਾ ਸਿੰਘ ਨੂੰ 1942 ਵਿੱਚ ਭਾਰਤ ਛੱਡੋ ਅੰਦੋਲਨ ਵਿੱਚ ਗਿਰਫਤਾਰ ਕਰਨ ਸਮੇਂ ਬੰਦ ਹੋਣ ਤੱਕ ਇਹ ਲਾਹੌਰ ਤੋਂ ਪ੍ਰਕਾਸ਼ਿਤ ਹੁੰਦਾ ਸੀ। ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਦੇ ਉਨ੍ਹਾਂ ਸ਼ੁਰੁਆਤੀ ਸਾਲਾਂ ਦੇ ਦੌਰਾਨ, ਹੀਰਾ ਸਿੰਘ ਨੇ ਸਿੱਖ ਲੀਗ ਦੇ ਸਕੱਤਰ ਵਜੋਂ ਅਤੇ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਇੱਕ ਮੈਂਬਰ ਵਜੋਂ ਸੇਵਾ ਕੀਤੀ। ਉਨ੍ਹਾਂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਤੇ ਸਰਬ ਹਿੰਦ ਕਾਂਗਰਸ ਕਮੇਟੀ ਦੇ ਮੈਂਬਰ ਵੀ ਸਨ। ਉਹ ਸਰ ਸ਼ਹਾਬੁਦੀਨ ਅਤੇ ਸ਼੍ਰੀ ਐੱਸ ਪੀ ਸਿੰਘ ਦੇ ਨਾਲ ਪੰਜਾਬੀ ਸਭਾ ਦੇ ਸੰਸਥਾਪਕਾਂ ਵਿੱਚੋਂ ਇੱਕ ਸਨ। 1947 ਵਿੱਚ ਪੰਜਾਬ ਦੀ ਵੰਡ ਦੇ ਬਾਅਦ ਉਹ ਜਲੰਧਰ ਵਿੱਚ ਵੱਸ ਗਏ ਅਤੇ ਫੁਲਵਾੜੀ ਨੂੰ ਫਿਰ ਤੋਂ ਸ਼ੁਰੂ ਕਰ ਲਿਆ। 1925 ਈ. ਵਿਚ ਦਰਦ ਜੀ ਨੇ ਮੁਸ਼ਤਾਕ, ਮੌਲਾ ਬਖ਼ਸ਼ ਕੁਸ਼ਤਾ ਅਤੇ ਧਨੀ ਰਾਮ ਚਾਤ੍ਰਿਕ ਨਾਲ ਮਿਲ ਕੇ ਪੰਜਾਬੀ ਸਭਾ ਦੀ ਨੀਂਹ ਰੱਖੀ। 1960 ਵਿਚ ਆਪ ਨੂੰ ਪੰਜਾਬੀ ਸਰਕਾਰ ਨੇ ਸਨਮਾਨਿਆ। ਆਪ ਦਾ ਦੇਹਾਂਤ 1964 ਵਿਚ ਹੋਇਆ।

ਪੜ੍ਹੋ 'ਹੀਰਾ ਸਿੰਘ ਦਰਦ' ਦੀਆਂ ਕੁਝ ਪ੍ਰਸਿੱਧ ਰਚਨਾਵਾਂ ਸਫ਼ਾ 25 'ਤੇ

---

# ਮੇਰਾ ਪਿੰਡ

- ਗਿਆਨੀ ਗੁਰਦਿੱਤ ਸਿੰਘ

## ਮੇਰੇ ਪਿੰਡ ਦਾ ਮੂੰਹ ਮੱਥਾ

ਲੜੀਵਾਰ ਕਿਸ਼ਤ - 3

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਭੀੜੀ ਬੀਹੀ ਦਾ ਨਾਂ ਯਾਦ ਆਉਂਦਿਆਂ ਹੀ ਸੰਤ ਮਸਤੂਆਣੇ ਵਾਲਿਆਂ ਦੀ ਇੱਕ ਧਾਰਨਾ ਆਪ ਮੁਹਾਰੇ ਹੀ ਬੁੱਲ੍ਹਾਂ ਤੇ ਆ ਜਾਂਦੀ ਹੈ-

'ਅੱਗੇ ਭੀੜੀਆਂ ਸੁਣੀ ਦੀਆਂ ਗਲੀਆਂ

ਜਿੱਥੋਂ ਦੀ ਜਮ ਲੈ ਕੇ ਜਾਣਗੇ।'

ਸੰਤਾਂ ਨੂੰ ਕੌਣ ਦੱਸਦਾ ਕਿ, ਉਨ੍ਹਾਂ ਗਲੀਆਂ ਵਿਚੋਂ ਇੱਕ ਸਾਡੇ ਪਿੰਡ ਵੀ ਹੈ, ਜਿੱਥੇ ਆਦਮੀ ਦੋਹਾਂ ਪਾਸਿਆਂ ਦੀਆਂ ਕੰਧਾਂ ਨੂੰ ਘਿਸਰੇ ਬਿਨ੍ਹਾਂ ਪਾਰ ਨਹੀਂ ਲੰਘ ਸਕਦਾ। ਨੀਵੀਂ ਗਲੀ ਤਾਂ ਜੇ ਕਿਸੇ ਬੂਹੇ ਅੱਗੇ ਡੋਹਲੇ ਹੋਏ ਪਾਣੀ ਤੋਂ ਪੈਰ ਤਿਲ੍ਹਕੇ ਤੇ ਬੰਦਾ ਘਿਸਰੇ ਤਾਂ ਅਗਲੇ ਸਿਰੇ ਜਾ ਕੇ ਭਾਵੇਂ ਲੱਭੇ। ਉੱਚੀ ਬੀਹੀ ਕੀ ਹੋਈ! ਬਿਲਕੁਲ ਊਠ ਦੀ ਕੁਹਾਣ।

ਮੇਰੇ ਪਿੰਡ ਦੀ 'ਅਪਾਰ ਖ਼ੁਸ਼ਹਾਲੀ' ਦਾ ਅੰਦਾਜ਼ਾ ਤੁਸੀਂ ਇਸੇ ਗੱਲ ਤੋਂ ਲਗਾ ਸਕਦੇ ਹੋ ਕਿ ਉੱਥੇ ਦੀ ਹਰ ਸਾਂਝੀ ਚੀਜ਼, ਦਰਵਾਜ਼ਾ ਤੇ ਧਰਮਸਾਲ਼ਾ ਸਰਹਿੰਦ ਦੇ ਖੰਡਰਾਂ ਨੂੰ ਸ਼ਰਮਾ ਰਹੇ ਹਨ। ਮੇਰੇ ਪਿੰਡ ਦਾ ਪਟਵਾਰੀ ਜੋ ਇੱਕ ਤਰ੍ਹਾਂ ਪਿੰਡ ਦੀ 'ਰਾਜਧਾਨੀ' (ਪਟਵਾਰਖ਼ਾਨੇ) ਦਾ ਰਾਜਾ ਸੀ, ਪਟਵਾਰਖ਼ਾਨੇ ਅਰਥਾਤ ਸ਼ਾਹੀ ਮਹੱਲ ਦੀ ਇਮਾਰਤ ਢਹਿ ਜਾਣ ਕਰਕੇ ਪਿੰਡ ਛੱਡ ਕੇ ਲਾਗਲੇ ਪਿੰਡ ਚਲਿਆ ਗਿਆ ਹੈ।

ਇਹ ਸ਼ੁਕਰ ਦੀ ਗੱਲ ਹੈ ਕਿ ਗੁਰਦਵਾਰੇ ਦੀ ਇਮਾਰਤ ਕਾਇਮ ਰਹੀ ਹੈ। ਭਾਵੇਂ ਇੱਕ ਗ੍ਰੰਥੀ ਨੇ ਅੱਧੀਆਂ ਕੋਠੜੀਆਂ ਢਾਹ ਕੇ ਉਨ੍ਹਾਂ ਦੇ ਕਾਠ ਵਿੱਚ ਜੀਉਂਦਿਆਂ ਵੀ ਅਗਨ-ਸਮਾਧੀ ਲੈ ਲਈ ਸੀ। ਇੱਕ ਪ੍ਰਾਇਮਰੀ ਸਕੂਲ ਜੋ ਪਿੱਛੇ ਜਿਹੇ ਧੱਕੇ ਨਾਲ ਹੀ ਜਾਰੀ ਹੋ ਗਿਆ ਹੈ ਉਸ ਲਈ ਕੋਈ ਥਾਂ ਨਹੀਂ ਸੀ ਲੱਭਦੀ। ਕਦੇ ਗੁਰਦਵਾਰੇ ਦੀਆਂ ਕੋਠੜੀਆਂ ਵਿੱਚ ਤੇ ਕਦੇ ਵਾਹਣਾਂ ਦੇ ਖੁੱਲ੍ਹੇ ਮੈਦਾਨਾਂ ਵਿੱਚ ਟੈਗੋਰ ਦੇ ਸ਼ਾਂਤੀ ਨਿਕੇਤਨ ਵਾਂਗ ਜਮਾਤਾਂ ਲਗਦੀਆਂ ਸਨ।

ਲੋਕਾਂ ਤੇ ਟੀਚਰਾਂ ਨੇ ਪਿੰਡੋਂ ਦੂਰ ਇੱਕ ਟਿੱਬੀ ਉੱਤੇ ਭੋਰੇ ਵਾਲੀ ਸਾਧ ਦੀ ਕੁਟੀਆ ਨੂੰ ਸਕੂਲ ਲਈ ਚੁਣ ਲਿਆ ਸੀ। ਬਿਨਾਂ ਹਿੰਗ ਫਟਕੜੀ ਲੱਗੇ ਇਉਂ ਸਕੂਲ ਦੀ ਇਮਾਰਤ ਲੱਭ ਲੈਣੀ ਕੀ ਛੋਟੀ ਜਿਹੀ ਸਿਆਣਪ ਹੈ ? ਮੇਰੇ ਪਿੰਡ ਦੇ ਲੋਕ ਬੜੇ ਕਮਾਊ, ਦਿਨ ਰਾਤ ਇੱਕ ਕਰਕੇ ਜਾਨ ਮਾਰ ਕੇ ਫ਼ਸਲਾਂ ਪੈਦਾ ਕਰਨ ਵਾਲੇ ਕਾਮੇ ਕਿਸਾਨ ਹਨ।

ਉਂਝ ਥਕੇਵਾਂ ਲਾਹੁਣ ਲਈ ਪਿੰਡ ਵਿੱਚ ਦੇਸੀ ਸ਼ਰਾਬ ਦਾ ਠੇਕਾ ਵੀ ਹੈ, ਪਰ ਮਲਵਈ ਚਾਹ ਦਾ ਗੁੜਾਣਾਂ ਉਨ੍ਹਾਂ ਦਾ ਆਮ ਸ਼ੁਗਲ ਹੈ। ਮੇਰੇ ਪਿੰਡ ਦੇ ਲੋਕ ਚੰਗੇ ਖੁੱਲ੍ਹ-ਦਿਲੇ ਲੰਘਦੇ ਰਾਂਹੀ ਪਾਂਧੀ ਨਾਲ ਫੜ੍ਹੇ-ਫਤੂਹੀ ਦੀ ਸਾਂਝ ਪਾਉਣ ਵਾਲੇ, ਚਾਹ ਪਾਣੀ ਪੀਣ ਪਿਆਉਣ ਤੇ ਖੜਕੇ ਦੜਕੇ ਵਾਲੇ ਬੰਦੇ ਹਨ। ਨਹਿਰਾਂ ਤੇ ਬੰਬਿਆਂ ਦਾ ਪਾਣੀ ਮੇਰੇ ਪਿੰਡ ਦੀ ਧਰਤੀ ਦੇ ਮੱਥੇ ਦੀ ਰੇਖਾਂ ਵਿੱਚ ਹੈ ਨਹੀਂ ਇਸ ਲਈ ਦਿਨ ਰਾਤ ਵਾਰੋ-ਵਾਰੀ ਖੂਹਾਂ ਦੇ ਥੱਲੇ ਕੁੰਲਜਣ ਕੇ ਖਾਲੀ ਕਰਨ ਵਿੱਚ ਮੇਰੇ ਪਿੰਡ ਦੇ ਕਿਰਸਾਨਾਂ ਦੇ ਟਾਕਰੇ ਦੇ ਹੋਰ ਕਿਧਰੇ ਉੱਦਮੀ ਕਿਰਸਾਨ ਸ਼ਾਇਦ ਹੀ ਹੋਣ।

ਸੋਹਣੀਆਂ ਲਹਿ-ਲਹਾਉਂਦੀਆਂ ਪੈਲੀਆਂ ਮੇਰੇ ਪਿੰਡ ਦਾ ਭਾਗ ਹਨ ਜਿਨ੍ਹਾਂ ਨੂੰ ਇਹ ਦਿਨ ਰਾਤ ਸਿੰਜਦੇ ਗੋਡਦੇ ਤੇ ਸਵਾਰਦੇ ਰਹਿੰਦੇ ਹਨ। ਇਨ੍ਹਾਂ ਨੂੰ ਬਾਹਰ ਦੀ ਦੁਨੀਆ ਨਾਲ ਕੀ ਇਨ੍ਹਾਂ ਦੇ ਇਹ ਖੇਤ ਹੀ ਹਰੇ ਭਰੇ ਰਹਿਣ।

ਆਜ਼ਾਦੀ ਆਉਣ ਨਾਲ ਜਿੱਥੇ ਭਾਰਤ ਦੀ ਸਰਹੱਦ ਪਸੌਰ ਤੋਂ ਅੰਮ੍ਰਿਤਸਰ ਨੇੜੇ ਵਾਹਗੇ ਆ ਗਈ ਹੈ ਉੱਥੇ ਮੇਰਾ ਪਿੰਡ ਜੇਹੜਾ ਪਹਿਲਾਂ ਮਲੇਰਕੋਟਲੇ ਰਿਆਸਤ ਦਾ ਸਰਹੱਦੀ ਪਿੰਡ ਸੀ ਆਪਣੀ ਖਾਸ ਸਰਹੱਦੀ ਮਹੱਤਤਾ ਇਸ ਕਰਕੇ ਗੁਆ ਬੈਠਾ ਹੈ ਕਿਉਂਕਿ ਇਸ ਦੀ ਉਹ ਅਹਿਮੀਅਤ ਖ਼ਤਮ ਹੋ ਗਈ ਹੈ।

ਜਦੋਂ ਮੇਰਾ ਪਿੰਡ ਇਸ ਰਿਆਸਤ ਦਾ ਸਰਹੱਦੀ ਪਿੰਡ ਹੁੰਦਾ ਸੀ ਮਲੇਰਕੋਟਲੇ ਦੀ ਸਸਤੀ ਦੇਸੀ ਸ਼ਰਾਬ ਏਥੋਂ ਨਾਲ ਲਗਦੀਆਂ ਰਿਆਸਤਾਂ ਦੇ ਪਿੰਡਾਂ ਨੂੰ ਜਿਨ੍ਹਾਂ ਗੁਪਤ ਤਰੀਕਿਆਂ ਨਾਲ ਜਾਂਦੀ ਸੀ, ਉਹ ਨਜ਼ਾਰੇ ਜੀਉਂਦੇ ਜੀ ਨਹੀਂ ਭੁੱਲ ਸਕਦੇ! ਸਾਰਾ ਦਿਨ ਹੀਰੇ ਠੇਕੇਦਾਰ ਦੇ ਘਰੇ ਊਠਾਂ ਤੇ ਗਧਿਆਂ ਦੀਆਂ ਹੇੜ੍ਹਾਂ ਇਕੱਠੀਆਂ ਹੁੰਦੀਆਂ ਰਹਿਣੀਆਂ ਤੇ ਉਸ ਦੇ ਵੇਹੜੇ, ਅਤੇ ਠੀਰੇ ਵਾਲੀ ਕੋਠੜੀ ਤੇ ਸਬਾਤ ਵਿੱਚ ਪਈਆਂ ਬੋਤਲਾਂ ਇੱਕੋ ਰਾਤ ਵਿੱਚ ਸਿਮਟ ਜਾਣੀਆਂ। ਤੇ ਜਦੋਂ ਠੇਕਾ ਟੁੱਟ ਕੇ ਬੋਤਲ ਅੱਠਾਂ ਦੱਸਾਂ ਆਨਿਆਂ ਨੂੰ ਹੋ ਜਾਣੀ, ਉਦੋਂ ਤਾਂ ਲਾਗਲਿਆਂ ਪਿੰਡਾਂ ਦੀ ਰਿਆਸਤਾਂ ਦੀ ਖ਼ਲਕਤ ਟੁੱਟ ਕੇ ਪੈ ਜਾਂਦੀ ਸੀ।

ਮੈਨੂੰ ਯਾਦ ਹੈ ਕਿ ਮੇਰੇ ਪਿੰਡ ਪਹਿਲਾਂ ਪਾਣੀ ਦਾ ਨਲਕਾ ਉਸ ਨੇ ਇਸ ਕਰਕੇ ਲਗਾਇਆ ਸੀ ਕਿ ਬੋਤਲਾਂ ਧੋਣ ਤੇ ਸ਼ਰਾਬ ਵਿੱਚ ਪਾਣੀ ਪਾਉਣ ਦੀ 'ਜਨ-ਸੇਵਾ' ਲਈ ਖਾਰੇ ਖੂਹ ਤੋਂ ਪਾਣੀ ਢੋਣਾ ਨਾ ਪਵੇ, ਜਦੋਂ ਘਰੇ ਨਲਕਾ ਲਾ ਲਿਆ ਫੇਰ ਤਾਂ 'ਰੱਬ ਨੇ ਦਿੱਤੀਆਂ ਗਾਜਰਾਂ ਵਿੱਚੇ ਰੰਬਾ ਰੱਖ' ਵਾਲੀ ਗੱਲ ਬਣ ਗਈ।


ਮੈਨੂੰ ਮੇਰੇ ਪਿੰਡ ਦੇ ਮੂੰਹ ਮੱਥੇ ਨਾਲੋਂ ਵੱਧ ਏਥੋਂ ਦੇ ਬਜ਼ੁਰਗਾਂ ਦੀਆਂ ਅਚੰਭੇ ਭਰੀਆਂ ਗੱਲਾਂ ਤੇ ਆਪਣੀ ਜੀਵਨ-ਯਾਦਾਂ, ਵਧੇਰੇ ਪਿਆਰੀਆਂ ਲਗਦੀਆਂ ਹਨ ਜੇਹੜੀਆਂ ਮੇਰੇ ਪਿੰਡ ਦੀ ਯਾਦ ਆਉਣ ਨਾਲ ਅੱਖਾਂ ਅੱਗੋਂ ਦੀ ਕਤਾਰਾਂ ਬੰਨ੍ਹ ਕੇ ਲੰਘ ਜਾਂਦੀਆਂ ਹਨ।

ਕੁੱਝ ਚਿਰ ਬਾਅਦ ਇਸ ਕਿਤਾਬ ਦੇ ਨਵੇਂ ਰੂਪ ਵਿਚੋਂ ਆਉਂਦਿਆਂ ਆਉਂਦਿਆਂ ਦੋ ਅਹਿਮ ਖ਼ਬਰਾਂ ਮਿਲੀਆਂ ਹਨ ਜੋ ਅੱਗੇ ਦਰਜ ਹਨ :

**ਡਾਕਖ਼ਾਨਾ ਖ਼ਾਸ**

ਸਭਨਾਂ ਨੂੰ ਪਤਾ ਹੈ ਜੇ ਕਿਸੇ ਪਿੰਡ ਨੂੰ ਚਿੱਠੀ ਪਾਈਏ ਤਾਂ ਡਾਕਖ਼ਾਨੇ ਅਥਵਾ ਪੋਸਟ ਆਫ਼ਸ ਦਾ ਪਤਾ ਲਿਖਣਾ ਜ਼ਰੂਰੀ ਹੁੰਦਾ ਹੈ, ਹੁਣ ਮੇਰੇ ਪਿੰਡ ਦਾ ਡਾਕਘਰ 'ਖ਼ਾਸ' ਹੈ, ਪਰ ਨਹੀਂ ਵੀ। ਇਸ ਰਹੱਸਮਈ ਕਥਨ ਪਿੱਛੇ ਇੱਕ ਗੌਰਵ ਮਈ ਗਾਥਾ ਇਸ ਤਰ੍ਹਾਂ ਹੈ:-

-ਚੱਲਦਾ





# ਬਾਲ ਸੰਸਾਰ

## ਬੁੱਝੋ ਤਾਂ ਜਾਣੋ...

1. ਸਈਓ ਨੀ ਇੱਕ ਡਿੱਠੇ ਮੋਤੀ,
ਵਿੰਨ੍ਹਦਿਆਂ ਵਿੰਨ੍ਹਦਿਆਂ ਝੜ ਗਏ,
ਮੈਂ ਰਹੀ ਖਲੋਤੀ।

2. ਇੱਕ ਬਰੂਟੀ ਝੁਰਮਣ ਝੂਟੀ,
ਫ਼ਲ ਵੰਨਾਂ ਵੰਨਾਂ ਦਾ।
ਜਦੋਂ ਬਰੂਟੀ ਪਕੱਣ ਲੱਗੀ,
ਝੁਰਮਟ ਪੈ ਜਾਏ ਰੰਨਾ ਦਾ।

3. ਸਭ ਤੋਂ ਪਹਿਲਾਂ ਮੈਂ ਜਮਿੰਆਂ,
ਫੇਰ ਮੇਰਾ ਭਾਈ।
ਖਿੱਚ ਧੂ ਕੇ ਬਾਪੂ ਜਮਿੰਆਂ,
ਪਿੱਛੋਂ ਸਾਡੀ ਮਾਈ।


ਉੱਤਰ : 26. (ਤਰੇਲ ਦੇ ਤੁਪਕੇ) 27. (ਤੰਦੂਰ) 28. (ਦੁੱਧ, ਦਹੀਂ, ਮੱਖਣ ਤੇ ਲੱਸੀ)

## ਦੋ ਦਿਆਲੂ

ਪਿਆਰੇ ਬੱਚਿਓ! ਬਹੁਤ ਪੁਰਾਣੇ ਜ਼ਮਾਨੇ ਦੀ ਗੱਲ ਹੈ ਕਿ ਮਿਸਰ ਦੇਸ਼ ਵਿਚ ਇਕ ਤਰਸਵਾਨ-ਦਿਆਲੂ ਰਾਜਾ ਰਾਜ ਕਰਿਆ ਕਰਦਾ ਸੀ। ਉਹ ਆਪਣੀ ਪਰਜਾ ਦਾ ਆਪਣੀ ਔਲਾਦ ਵਾਂਗ ਖਿਆਲ ਰੱਖਿਆ ਕਰਦਾ ਸੀ । ਪਰਜਾ ਵੀ ਉਸ ਨੂੰ ਜੀਅ-ਜਾਨ ਨਾਲ ਪਿਆਰ ਕਰਿਆ ਕਰਦੀ ਸੀ । ਉਸ ਦਿਆਲੂ ਰਾਜੇ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜੋ ਕਿ ਆਪਣੇ ਪਿਤਾ ਵਾਂਗ ਹੀ ਦਿਆਲੂ ਅਤੇ ਅਨੇਕਾਂ ਭਲੇ ਗੁਣਾਂ ਦਾ ਮਾਲਕ ਸੀ । ਉਸ ਰਾਜੇ ਦੇ ਰਾਜ ਵਿਚ ਚਾਰੇ ਪਾਸੇ ਖੁਸ਼ਹਾਲੀ ਅਤੇ ਖੁਸ਼ੀਆਂ ਦਾ ਰਾਜ ਸੀ ।

ਇਕ ਦਿਨ ਰੱਬ ਦੀ ਐਸੀ ਮਰਜ਼ੀ ਹੋਈ ਕਿ ਅਚਾਨਕ ਰੰਗ ਵਿਚ ਭੰਗ ਪੈ ਗਿਆ । ਉਹ ਰਾਜਕੁਮਾਰ ਮੌਤ ਨੂੰ ਪਿਆਰਾ ਹੋ ਗਿਆ । ਉਸ ਦੇ ਮਾਤਾ-ਪਿਤਾ ਅਤੇ ਰਾਜ ਦੀ ਪਰਜਾ ਦੁੱਖ ਅਤੇ ਗਹਿਰੇ ਸੋਗ ਵਿਚ ਡੁੱਬ ਗਏ । ਸਮੁੱਚੇ ਰਾਜ ਵਿਚ ਅਜਿਹੀ ਕੋਈ ਅੱਖ ਨਹੀਂ ਸੀ, ਜੋ ਰਾਜਕੁਮਾਰ ਦੀ ਜੁਦਾਈ ਵਿਚ ਨਾ ਰੋਈ ਹੋਵੇ ।

ਕੁਝ ਦਿਨਾਂ ਬਾਅਦ ਉਸ ਦਿਆਲੂ ਰਾਜੇ ਨੇ ਆਪਣੇ ਦਿਆਲੂ ਪੁੱਤਰ ਦੀ ਯਾਦਗਾਰ ਕਾਇਮ ਕਰਨ ਦਾ ਫ਼ੈਸਲਾ ਕੀਤਾ । ਉਸ ਨੇ ਰਾਜਕੁਮਾਰ ਦਾ ਲੋਹੇ ਦਾ ਇਕ ਬੁੱਤ ਤਿਆਰ ਕਰਵਾਇਆ । ਉਸ ਬੁੱਤ ਉੱਤੇ ਸੋਨੇ ਦੇ ਪੱਤਰੇ ਮੜ੍ਹਵਾ ਦਿੱਤੇ ਗਏ । ਉਸ ਦੀਆਂ ਅੱਖਾਂ ਵਿਚ ਦੋ ਕੀਮਤੀ ਹੀਰੇ ਲਗਵਾ ਦਿੱਤੇ ਗਏ । ਉਹ ਬੁੱਤ ਮਿਸਰ ਸ਼ਹਿਰ ਦੇ ਇਕ ਪ੍ਰਸਿੱਧ ਚੌਕ ਵਿਚ ਲਗਵਾ ਦਿੱਤਾ । ਪਰਜਾ ਦਾ ਹਰੇਕ ਬੰਦਾ ਦਿਆਲੂ ਰਾਜਕੁਮਾਰ ਦੇ ਬੁੱਤ ਨੂੰ ਸਿਰ ਨਿਵਾ ਕੇ ਲੰਘਦਾ ।




ਇਕ ਦਿਨ ਦੀ ਗੱਲ ਹੈ ਕਿ ਇਕ ਪੰਛੀ ਬੁਲਬੁਲ ਆਪਣੇ ਬੱਚਿਆਂ ਲਈ ਘਰੋਂ ਚੋਗਾ ਲੈਣ ਲਈ ਨਿਕਲੀ । ਚੋਗਾ ਲੱਭਦਿਆਂ ਉਸ ਨੂੰ ਬਹੁਤ ਦੇਰ ਹੋ ਗਈ । ਚਾਰੇ ਪਾਸੇ ਰਾਤ ਦਾ ਹਨੇਰਾ ਫੈਲ ਗਿਆ । ਸੰਘਣੇ ਹਨੇਰੇ ਵਿਚ ਉਸ ਨੂੰ ਆਪਣੇ ਘਰ ਦਾ ਰਾਹ ਨਾ ਲੱਭਿਆ । ਰਾਤ ਦੇ ਹਨੇਰੇ ਵਿਚ ਭਟਕਦਿਆਂ ਬੁਲਬੁਲ ਅਚਾਨਕ ਚੌਕ 'ਚ ਲੱਗੇ ਦਿਆਲੂ ਰਾਜਕੁਮਾਰ ਦੇ ਬੁੱਤ ਦੇ ਪੈਰਾਂ ਵਿਚ ਆਣ ਬੈਠੀ । ਅੱਧੀ ਰਾਤ ਵੇਲੇ ਬੁਲਬੁਲ ਦੇ ਸਰੀਰ ਉੱਤੇ ਪਾਣੀ ਦੀ ਬੂੰਦ ਪਈ ਤਾਂ ਉਸ ਦੀ ਅੱਖ ਖੁੱਲ੍ਹ ਗਈ । ਉਸ ਨੇ ਹੈਰਾਨ ਹੋ ਕੇ ਆਸਮਾਨ ਵੱਲ ਦੇਖਿਆ । ਉਥੇ ਕੋਈ ਬੱਦਲ ਨਹੀਂ ਸੀ । ਉਹ ਸੋਚਣ ਲੱਗੀ ਇਹ ਪਾਣੀ ਦੀ ਬੂੰਦ ਕਿਧਰੋਂ ਆਈ ਹੋਵੇਗੀ ?

ਉਹ ਅਜੇ ਸੋਚ ਹੀ ਰਹੀ ਸੀ ਕਿ ਅਚਾਨਕ ਇਕ ਹੋਰ ਪਾਣੀ ਦੀ ਬੂੰਦ ਉਸ ਉੱਤੇ ਆਣ ਪਈ । ਉਸ ਦੀ ਹੈਰਾਨੀ ਹੋਰ ਵਧ ਗਈ । ਉਸ ਨੇ ਉਠ ਕੇ ਧਿਆਨ ਨਾਲ ਦੇਖਿਆ ਤਾਂ ਰਾਜਕੁਮਾਰ ਦੇ ਬੁੱਤ ਦੀਆਂ ਅੱਖਾਂ 'ਚੋਂ ਹੰਝੂ ਡਿੱਗ ਰਹੇ ਸਨ । ਉਸ ਨੇ ਰਾਜਕੁਮਾਰ ਦੇ ਬੁੱਤ ਨੂੰ ਰੋਣ ਦਾ ਕਾਰਨ ਪੁੱਛਿਆ । ਬੁੱਤ ਜ਼ਾਰੋ-ਜ਼ਾਰ ਰੋਂਦਿਆਂ ਬੋਲਿਆ, 'ਮੈਂ ਸ਼ਹਿਰ ਵਿਚ ਇਕ ਗਰੀਬ ਔਰਤ ਦੇ ਬੱਚਿਆਂ ਨੂੰ ਭੁੱਖ ਕਰਕੇ ਵਿਲਕਦਿਆਂ ਦੇਖ ਰਿਹਾ ਹਾਂ । ਮੈਂ ਇਹ ਦਿਸ਼ਸ਼ ਨਹੀਂ ਦੇਖ ਸਕਦਾ । ਮੇਰੀਆਂ ਅੱਖਾਂ ਵਿਚ ਨਾ ਚਾਹੁੰਦਿਆਂ ਹੋਇਆਂ ਵੀ ਹੰਝੂ ਆ ਗਏ । ਇਸੇ ਤਰ੍ਹਾਂ ਇਕ ਹੋਰ ਬੱਚੀ ਦੀ ਤਰਸਯੋਗ ਹਾਲਤ ਦੇਖ ਕੇ ਮੈਨੂੰ ਰੋਣਾ ਆ ਰਿਹਾ ਹੈ । ਉਹ ਲੜਕੀ ਆਪਣੇ ਘਰੋਂ ਕੁਝ ਵੇਚਣ ਲਈ ਨਿਕਲੀ ਸੀ ਪਰ ਠੋਕਰ ਲੱਗਣ ਨਾਲ ਉਸ ਦੇ ਸਿਰ 'ਤੇ ਰੱਖਿਆ ਛਾਬਾ ਡਿਗ ਪਿਆ । ਉਹ ਬੱਚੀ ਡਰਦੀ ਮਾਰੀ ਘਰ ਨਹੀਂ ਗਈ । ਬਾਹਰ ਸੜਕਾਂ 'ਤੇ ਘੁੰਮਦੀ ਰੋ-ਰੋ ਕੇ ਆਪਣੀਆਂ ਅੱਖਾਂ ਖਰਾਬ ਕਰ ਰਹੀ ਹੈ । ਪਿਆਰੀ ਬੁਲਬੁਲ! ਤੂੰ ਮੇਰੀਆਂ ਅੱਖਾਂ 'ਚੋਂ ਦੋਵੇਂ ਹੀਰੇ ਕੱਢ ਕੇ ਲੈ ਜਾ ਅਤੇ ਇਨ੍ਹਾਂ ਲੋੜਵੰਦ ਜੀਆਂ ਨੂੰ ਦੇ ਦੇਵੀਂ, ਤਾਂ ਜੋ ਉਨ੍ਹਾਂ ਦੀ ਗਰੀਬੀ ਕੱਟੀ ਜਾ ਸਕੇ ।


ਇਸ ਤੋਂ ਰਾਜਕੁਮਾਰ ਦੇ ਬੁੱਤ ਨੇ ਆਪਣੇ 'ਤੇ ਲੱਗਾ ਸੋਨਾ ਵੀ ਉਸ ਨੇਕ ਬੁਲਬੁਲ ਰਾਹੀਂ ਗਰੀਬਾਂ ਨੂੰ ਦੇ ਦਿੱਤਾ । ਸੋ, ਪਿਆਰੇ ਬੱਚਿਓ! ਇਸ ਤਰ੍ਹਾਂ ਦਿਆਲੂ ਦਿਲ ਰਾਜਕੁਮਾਰ ਨੇ ਆਪਣੀ ਮੌਤ ਤੋਂ ਬਾਅਦ ਵੀ ਨੇਕ ਬੁਲਬੁਲ ਦੀ ਮਦਦ ਨਾਲ ਲੋਕਾਂ ਦਾ ਭਲਾ ਕਰ ਦਿੱਤਾ ।

-ਸੁਰਿੰਦਰ ਸਿੰਘ 'ਕਰਮ' ਲਧਾਣਾ

## ਰਸਤਾ ਲੱਭੋ




## ਰੰਗ ਭਰੋ



## ਬਿੰਦੂ ਮਿਲਾਓ



## ਅੰਤਰ ਲੱਭੋ

ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ । ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?




ਉੱਤਰ : ਸ਼ੀਸ਼ਾ, ਮਕਾਨ ਨੰ., ਬਸਤੇ ਦੀ ਤਣੀ, ਨਿਊਜ਼ਪੇਪਰ, ਫੁੱਲ ਅਤੇ ਮੇਜ਼ ਦੀ ਲੱਤ।



## ਕਦੇ ਲੁਟਿਰਿਆਂ ਦਾ ਅੱਡਾ ਰਿਹਾ ਇਹ ਬੀਚ ਹੁਣ ਹੈ ਦੁਨੀਆ ਦੇ ਖ਼ੂਬਸੂਰਤ ਬੀਚਾਂ 'ਚੋਂ ਇੱਕ

ਇਹ ਫੋਟੋ ਦੁਨੀਆ ਦੇ ਸਭ ਤੋਂ ਖ਼ੂਬਸੂਰਤ ਸਮੁੰਦਰੀ ਬੀਚਾਂ ਵਿਚੋਂ ਇੱਕ ਗ੍ਰੀਕ ਦੇ ਨਾਬਾਜਿਯੋ ਬੀਚ ਦਾ ਹੈ। ਜਿਸ ਦੀ ਪਹਿਚਾਨ 1980 ਤੋਂ ਇਥੇ ਰੱਖੇ ਜ਼ਹਾਜ਼ ਦੇ ਢਾਂਚੇ ਤੋਂ ਹੈ। ਕਈ ਸਾਲਾਂ ਬਾਅਦ ਵੀ ਇਸ ਢਾਂਚੇ ਨੂੰ ਹਟਾਇਆ ਨਹੀਂ ਗਿਆ। ਪਰ ਇਹ ਬੀਚ ਅੰਤਰਰਾਸ਼ਟਰੀ ਸੈਲਾਨੀਆਂ ਦੇ ਲਈ ਆਕਰਸ਼ਣ ਦਾ ਕੇਂਦਰ ਹੈ। ਇਸ ਦਾ ਪਹਿਲਾਂ ਕਾਰਣ ਇਹ ਹੈ ਕਿ ਇਥੋਂ ਦਾ ਪਾਣੀ ਬਹੁਤ ਸਾਫ਼ ਹੈ ਅਤੇ ਬੀਚ ਤੋਂ ਹੀ ਸਮੁੰਦਰੀ ਜੀਵ ਸਾਫ਼ ਦੇਖੇ ਜਾ ਸਕਦੇ ਹਨ। ਦੂਸਰਾ ਕਾਰਣ, ਇਹ ਬੀਚ ਤਿੰਨ ਪਾਸਿਓ ਪਹਾੜੀਆਂ ਨਾਲ ਘਿਰਿਆ ਹੋਇਆ ਹੈ ਅਤੇ ਇੱਕ ਅਲੱਗ ਵਾਤਾਵਰਣ ਬਣਾਉਂਦਾ ਹੈ, ਜੋ ਕਿ ਲੋਕਾਂ ਨੂੰ ਬਹੁਤ ਹੀ ਪਸੰਦ ਆਉਂਦਾ ਹੈ। ਇਥੇ ਸਮੁੰਦਰੀ ਲਹਿਰਾਂ ਵੀ ਤੇਜ਼ ਨਹੀਂ ਹੁੰਦੀਆਂ ਜਿਸ ਕਾਰਣ ਸੈਲਾਨੀ ਤੈਰਾਕੀ ਦਾ ਖ਼ੂਬ ਅਨੰਦ ਮਾਣਦੇ ਹਨ।

- ਨਾਬਾਜਿਯੋ ਬੀਚ ਇੱਕ ਆਈਲੈਂਡ 'ਤੇ ਵਸਿਆ ਹੈ, ਜਿਥੇ ਜ਼ਿਆਦਾਤਰ ਚਟਾਨਾਂ ਲਾਈਮ ਸਟੋਨ ਦੀਆਂ ਹਨ। ਇਥੇ ਸਿਰਫ਼ ਕਿਸ਼ਤੀਆਂ ਜਾਂ ਜਹਾਜ਼ਾਂ ਨਾਲ ਹੀ ਪਹੁੰਚਿਆ ਜਾ ਸਕਦਾ ਹੈ।
- ਮੰਨਿਆ ਜਾਂਦਾ ਹੈ ਕਿ ਕਈ ਦਹਾਕੇ ਪਹਿਲਾਂ ਇਥੇ ਸਮੁੰਦਰੀ ਲੁਟੇਰਿਆਂ ਦਾ ਰਾਜ ਸੀ, ਅਤੇ ਉਨ੍ਹਾਂ ਦਾ ਹੀ ਇੱਕ ਜਹਾਜ਼ ਇਥੇ ਫਸ ਗਿਆ ਸੀ ਅਤੇ ਉਸ ਦਾ ਢਾਂਚਾ ਹਾਲੇ ਵੀ ਇਥੇ ਹੀ ਮੌਜੂਦ ਹੈ।

# Thinking of Buying/Selling ?

WIN ZONE Realty Inc.

WIN ZONE REALTY INC.



# Baldev Singh

Associate Broker/Notary Public

146-20 34 av. Flushing NY 11354

Cell : 917-224-7395

Email : josanbaldev@yahoo.com







## BEWARE OF SCAMS AND FRAUD SCHEMES

The Office of Inspector General recognizes that we are facing unprecedented times and is alerting the public about potential fraud schemes related to economic stimulus programs offered by the U.S. Small Business Administration in response to the Novel Coronavirus Pandemic (COVID-19). The Coronavirus Aid, Relief, and Economic Security Act (CARES Act), the largest financial assistance bill to date, includes provisions to help small businesses. Fraudsters have already begun targeting small business owners during these economically difficult times. Be on the lookout for grant fraud, loan fraud, and phishing.

### Grants

- SBA ***does not*** initiate contact on either 7a or Disaster loans or grants. If you are proactively contacted by someone claiming to be from the SBA, suspect fraud.

### Loans

- If you are contacted by someone promising to get approval of an SBA loan, but requires any payment up front or offers a high interest bridge loan in the interim, suspect fraud.
- SBA limits the fees a broker can charge a borrower to 3% for loans $50,000 or less and 2% for loans $50,000 to $1,000,000 with an additional ¼% on amounts over $1,000,000. Any attempt to charge more than these fees is inappropriate.
- If you have a question about getting a SBA disaster loan, call 800-659-2955 or send an email to disastercustomerservice@sba.gov.
- If you have questions about other SBA lending products, call SBA's Answer Desk at 800-827-5722 or send an email to answerdesk@sba.gov.

### Phishing

- Look out for phishing attacks/scams utilizing the SBA logo. These may be attempts to obtain your personally identifiable information (PII),to obtain personal banking access, or to install ransomware/malware on your computer.
- If you are in the process of applying for an SBA loan and receive email correspondence asking for PII, ensure that the referenced application number is consistent with the actual application number.
- Any email communication from SBA will come from accounts ending with ***sba.gov***.
- The presence of an SBA logo on a webpage ***does not*** guaranty the information is accurate or endorsed by SBA. Please cross-reference any information you receive with information available at www.sba.gov.

Report any suspected fraud to OIG's Hotline at 800-767-0385 or online at, https://www.sba.gov/about-sba/oversight-advocacy/office-inspector-general/office-inspector-general-hotline.

# ਅੱਜ ਹੀ 2020 ਜਨਗਣਨਾ ਨੂੰ ਪੂਰਾ ਕਰੋ।

2020 ਜਨਗਣਨਾ ਵਿੱਚ ਅਮਰੀਕਾ ਵਿੱਚ ਰਹਿ ਰਹੇ ਲੋਕਾਂ ਨੂੰ ਗਿਣਿਆ ਜਾਵੇਗਾ।
ਅਗਲੇ ਦੱਸ ਸਾਲਾਂ ਤੱਕ ਹਰ ਸਾਲ ਸਿਹਤ ਕਲੀਨਿਕ, ਐਮਰਜੈਂਸੀ ਸੇਵਾਵਾਂ,
ਅਤੇ ਸਿਖਿੱਆ ਵਾਸਤੇ ਅਰਬਾਂ ਡਾਲਰ ਦੀ ਫੰਡਿੰਗ ਕਿਸ ਤਰ੍ਹਾਂ ਵੰਡੀ ਜਾਵੇਗੀ,
ਇਹ ਪੱਕਾ ਕਰਨ ਲਈ ਅੱਜ ਹੀ ਜਨਗਣਨਾ ਨੂੰ ਪੂਰਾ ਕਰੋ।
**ਇੰਟਰਨੈਟ ਜਾਂ ਡਾਕ ਰਾਹੀਂ ਜਨਗਣਨਾ ਨੂੰ ਪੂਰਾ ਕਰੋ। ਕਿਵੇਂ ਪੂਰਾ ਕਰਨਾ ਹੈ,**
**ਇਹ ਜਾਨਣ ਲਈ 2020CENSUS.GOV/pa 'ਤੇ ਜਾਓ**

**2020CENSUS.GOV/pa**

ਅਮਰੀਕੀ ਜਨਗਣਨਾ ਬਿਊਰੋ (U.S. Census Bureau) ਦੁਆਰਾ ਭੁਗਤਾਨ ਕੀਤਾ ਗਿਆ।

**Shape your future START HERE >**

United States® Census 2020






# ਬੱਚਿਆਂ ਨੂੰ ਸਿਖਾਓ

## ਖਾਣਾ ਖਾਣ ਦੇ ਸਹੀ ਤੌਰ-ਤਰੀਕੇ

ਮੇਜ਼-ਕੁਰਸੀ 'ਤੇ ਬੈਠ ਕੇ ਜਾਂ ਜ਼ਮੀਨ 'ਤੇ ਬੈਠ ਕੇ ਖਾ ਰਹੇ ਹੋ ਤਾਂ ਸਭ ਤੋਂ ਪਹਿਲਾਂ ਨੈਪਕਿਨ ਨੂੰ ਆਪਣੇ ਗੋਡਿਆਂ 'ਤੇ ਵਿਛਾਓ ਅਤੇ ਗੋਡੇ ਮੇਜ਼ ਦੇ ਅੰਦਰ। ਆਪਣਾ ਖਾਣਾ ਆਰਾਮ ਨਾਲ ਇਕ-ਇਕ ਹੋਰ ਲੈ ਕੇ ਖਾਓ ਅਤੇ ਹੌਲੀ-ਹੌਲੀ ਚਬਾ ਕੇ ਖਾਓ। ਚਾਹੇ ਭੁੱਖ ਜਿੰਨੀ ਮਰਜ਼ੀ ਤੇਜ਼ ਹੋਵੇ, ਖਾਣਾ ਜਿੰਨਾ ਮਰਜ਼ੀ ਸਵਾਦ ਹੋਵੇ, ਖਾਣੇ ਦਾ ਮਜ਼ਾ ਲਓ।

### ਜੂਠ ਨਾ ਛੱਡੋ

ਵੱਡੇ ਹੋਣ ਜਾਂ ਬੱਚੇ, ਪਲੇਟ ਵਿਚ ਓਨਾ ਹੀ ਖਾਣਾ ਲਓ ਜਿੰਨਾ ਤੁਸੀਂ ਖਾਣਾ ਹੈ। ਸਬਜ਼ੀ ਇਕ-ਇਕ ਕਰਕੇ ਦੋ ਤੋਂ ਜ਼ਿਆਦਾ ਪਲੇਟਾਂ ਵਿਚ ਨਾ ਪਾਓ। ਸਬਜ਼ੀ ਦੀ ਮਾਤਰਾ ਘੱਟ ਲਓ। ਖ਼ਤਮ ਹੋਣ 'ਤੇ ਹੀ ਦੁਬਾਰਾ ਲਓ। ਕਈ ਵਾਰ ਬੱਚੇ ਨੇ ਪਲੇਟ ਵਿਚ ਖਾਣਾ ਪਾ ਲਿਆ ਹੈ ਅਤੇ ਉਸ ਨੂੰ ਮਜ਼ਾ ਨਹੀਂ ਆ ਰਿਹਾ ਤਾਂ ਬੱਚੇ ਨੂੰ ਅਜਿਹੀ ਹਾਲਤ ਵਿਚ ਛੋਟ ਦੇ ਦਿਓ ਕਿ ਉਹ ਖਾਣਾ ਛੱਡ ਸਕਦਾ ਹੈ।

### ਸਭ ਦੇ ਨਾਲ ਖਾਣ ਲੱਗੇ

ਵੱਡੇ ਗਰੁੱਪ ਵਿਚ ਜੇ ਤੁਸੀਂ ਖਾਣਾ ਖਾ ਰਹੇ ਹੋ ਤਾਂ ਬੱਚਿਆਂ ਨੂੰ ਦੱਸੋ ਕਿ ਆਪਣਾ ਖਾਣਾ ਖ਼ਤਮ ਹੋਣ 'ਤੇ ਇਕਦਮ ਨਾ ਉੱਠ ਜਾਣ। ਦੂਜਿਆਂ ਦੇ ਖਾਣੇ ਦੇ ਖ਼ਤਮ ਹੋਣ ਦੀ ਉਡੀਕ ਕਰੋ। ਵਿਚੋਂ ਹੀ ਉੱਠ ਜਾਣਾ ਗ਼ਲਤ ਆਦਤ ਹੈ। ਖਾਣੇ ਦੀ ਖਾਲੀ ਪਲੇਟ ਮੇਜ਼ 'ਤੇ ਨਾ ਖਿਸਕਾਓ। ਆਪਣੀ ਗੋਦੀ 'ਤੇ ਹੀ ਰੱਖੋ। ਨੈਪਕਿਨ ਵੀ ਵਿਛਿਆ ਰਹਿਣ ਦਿਓ। ਜੇ ਤੁਸੀਂ ਜ਼ਰੂਰੀ ਉੱਠਣਾ ਹੋਵੇ ਤਾਂ 'ਐਕਸਕਿਊਜ ਮੀ' ਕਹਿ ਕੇ ਉੱਠੋ। ਘਰ ਹੀ ਹੋ ਤਾਂ ਪਲੇਟ ਰਸੋਈ ਵਿਚ ਰੱਖੋ। ਬਾਹਰ ਕਿਸੇ ਦੇ ਘਰ ਖਾਣੇ 'ਤੇ ਗਏ ਹੋ ਤਾਂ ਪਲੇਟ ਰਸੋਈ ਵਿਚ ਜੂਠੇ ਭਾਂਡਿਆਂ ਵਾਲੀ ਜਗ੍ਹਾ 'ਤੇ ਰੱਖੋ।

### ਪੀਣ ਵਾਲੇ ਪਦਾਰਥਾਂ ਦਾ ਕਿਵੇਂ ਕਰੀਏ ਸੇਵਨ

ਖਾਣੇ ਦੇ ਨਾਲ ਬੱਚੇ ਅਕਸਰ ਸਾਫਟ ਡ੍ਰਿੰਕ ਲੈਣਾ ਪਸੰਦ ਕਰਦੇ ਹਨ, ਖਾਸ ਕਰਕੇ ਸਮਾਰੋਹਾਂ 'ਤੇ, ਰੇਸਤਰਾਂ ਵਿਚ ਆਦਿ। ਉਨ੍ਹਾਂ ਨੂੰ ਸਿਖਾਓ ਕਿ ਖਾਣੇ ਦੇ ਨਾਲ-ਨਾਲ ਡ੍ਰਿੰਕਸ ਦਾ ਘੁੱਟ ਵੀ ਭਰਦੇ ਰਹਿਣ। ਸਿਪ ਆਰਾਮ-ਆਰਾਮ ਨਾਲ ਲਓ। ਇਕ ਹੀ ਵਾਰ ਵਿਚ ਬਹੁਤ ਜ਼ਿਆਦਾ ਡ੍ਰਿੰਕ ਨਾ ਪੀਓ। ਜੇ ਖਾਣਾ ਬੁੱਲ੍ਹਾਂ ਦੇ ਆਸ-ਪਾਸ ਜਾਂ ਕੋਨਿਆਂ 'ਤੇ ਲੱਗਾ ਮਹਿਸੂਸ ਹੋਵੇ ਤਾਂ ਉਸ ਨੂੰ ਨੈਪਕਿਨ ਨਾਲ ਸਾਫ਼ ਕਰੋ। ਜੀਭ ਅਤੇ ਹੱਥ ਦੀ ਵਰਤੋਂ ਨਾ ਕਰੋ। ਖਾਣਾ ਜੇ ਮੇਜ਼ 'ਤੇ ਤੁਹਾਡੀ ਪਹੁੰਚ ਤੋਂ ਦੂਰ ਹੈ ਤਾਂ ਖੁਦ ਉਸ ਬਾਊਲ ਨੂੰ ਆਪਣੇ ਵੱਲ ਨਾ ਘੜੀਸੋ। ਕਿਸੇ ਵੱਡੇ ਨੂੰ ਕਹੋ ਕਿ 'ਕਿਰਪਾ ਕਰਕੇ ਉਹ ਖਾਣਾ ਮੇਰੇ ਕੋਲ ਕਰ ਦਿਓ' ਅਤੇ ਬਾਅਦ ਵਿਚ 'ਧੰਨਵਾਦ' ਬੋਲਣਾ ਨਾ ਭੁੱਲੋ।

ਆਪਣੀ ਪਲੇਟ ਵਿਚੋਂ ਉਸ ਦੀ ਪਸੰਦ ਦੀ ਚੀਜ਼ ਦਾ ਸਵਾਦ ਦਿਖਾ ਕੇ ਹੀ ਦੁਬਾਰਾ ਪਲੇਟ ਵਿਚ ਖਾਣਾ ਪਾਉਣ ਨੂੰ ਕਹੋ। ਖਾਣੇ ਦੀ ਪਲੇਟ ਨੂੰ ਵੱਖ-ਵੱਖ ਪਦਾਰਥਾਂ ਨਾਲ ਨਾ ਭਰੋ, ਨਹੀਂ ਤਾਂ ਤੁਸੀਂ ਖਾਣੇ ਦੇ ਸਵਾਦ ਦਾ ਮਜ਼ਾ ਨਹੀਂ ਲੈ ਸਕੋਗੇ। ਖਾਣੇ ਦੀ ਪਲੇਟ ਨੂੰ ਕਦੇ ਨੈਪਕਿਨ ਨਾਲ ਨਾ ਢਕੋ। ਖਾਣਾ ਜੇ ਹੱਥਾਂ ਨਾਲ ਖਾ ਰਹੇ ਹੋ ਤਾਂ ਵਿਚ-ਵਿਚ ਉਂਗਲੀਆਂ ਨੈਪਕਿਨ ਨਾਲ ਸਾਫ਼ ਕਰਦੇ ਰਹੋ। ਇਨ੍ਹਾਂ ਸਭ ਸੱਭਿਅਕ ਆਦਤਾਂ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਧਿਆਨ ਰੱਖਣ ਲਈ ਹੁੰਦਾ ਹੈ, ਜਿਵੇਂ ਤੁਸੀਂ ਰੇਸਤਰਾਂ ਵਿਚ ਖਾਣਾ ਖਾ ਰਹੇ ਹੋ ਅਤੇ ਜੇ ਖਾਣੇ ਵਿਚ ਵਾਲ ਆ ਜਾਵੇ ਤਾਂ ਤੁਰੰਤ ਵੇਟਰ ਨੂੰ ਬੁਲਾ ਕੇ ਦਿਖਾਓ। ਜੇ ਤੁਸੀਂ ਕਿਸੇ ਦੇ ਘਰ ਖਾਣਾ ਖਾਣ ਗਏ ਹੋ ਤਾਂ ਵਾਲ ਨੂੰ ਹੌਲੀ ਜਿਹੇ ਖਾਣੇ ਨਾਲੋਂ ਅਲੱਗ ਕਰ ਦਿਓ। ਸ਼ੋਰ ਨਾ ਮਚਾਓ, ਨਹੀਂ ਤਾਂ ਹੋਸਟ ਮਾੜਾ ਮਹਿਸੂਸ ਕਰੇਗਾ। ਕਿਸੇ ਦੇ ਘਰ ਖਾਣੇ 'ਤੇ ਗਏ ਹੋ ਜਾਂ ਬਾਹਰ, ਗੱਲ ਆਰਾਮ ਨਾਲ ਕਰੋ। ਹੱਸੋ ਵੀ ਸੀਮਤ। ਬਹੁਤ ਸ਼ੋਰ-ਸ਼ਰਾਬਾ ਨਾ ਕਰੋ। ਬੱਚਿਆਂ ਨੂੰ ਕਿਸੇ ਗ਼ਲਤ ਗੱਲ 'ਤੇ ਟੋਕਣਾ ਪਵੇ ਤਾਂ ਪਿਆਰ ਨਾਲ ਟੋਕੋ। ਖਾਣਾ ਆਵਾਜ਼ ਕਰਦੇ ਹੋਏ ਨਾ ਖਾਓ। ਖਾਂਦੇ ਸਮੇਂ ਗੱਲਾਂ ਘੱਟ ਕਰੋ, ਨਹੀਂ ਤਾਂ ਖਾਣੇ ਦੇ ਕਣ ਦੂਜਿਆਂ 'ਤੇ ਡਿੱਗ ਸਕਦੇ ਹਨ। ਬੱਚਿਆਂ ਤੋਂ ਵੀ ਖਾਣੇ ਦੀ ਇੱਛਾ ਪੁੱਛੋ ਅਤੇ ਧਿਆਨ ਦਿਓ ਕਿ ਉਨ੍ਹਾਂ ਦੀ ਪਸੰਦ ਪੂਰੀ ਹੋਵੇ ਪਰ ਬੱਚਿਆਂ ਦੀ ਨਾਜਾਇਜ਼ ਮੰਗ ਪੂਰੀ ਨਾ ਕਰੋ। ਅੰਤ ਵਿਚ ਉਨ੍ਹਾਂ ਨੂੰ ਉਨ੍ਹਾਂ ਦੀ ਪਸੰਦ ਦਾ ਡੇਜ਼ਰਟ ਵੀ ਖਿਲਾਓ।

-ਸੁਨੀਤਾ ਗਾਬਾ

# ਸੋਚ-ਸਮਝ ਕੇ ਕਰੋ ਖਰਚੇ



- ਸਭ ਤੋਂ ਪਹਿਲਾਂ ਆਪਣੀ ਆਮਦਨ ਦੇ ਅਨੁਸਾਰ ਘਰ ਦਾ ਬਜਟ ਬਣਾਓ। ਬਜਟ ਬਣਾਉਂਦੇ ਸਮੇਂ ਸਾਰੇ ਖਰਚੇ ਲਿਖ ਲੈਣ ਦੇ ਬਾਵਜੂਦ ਧਿਆਨ ਰੱਖੋ ਕਿ ਕੁਝ ਖਰਚੇ ਅਚਾਨਕ ਆ ਪੈਂਦੇ ਹਨ, ਜਿਵੇਂ ਪਰਿਵਾਰ ਵਿਚ ਕਿਸੇ ਦਾ ਵਿਆਹ, ਕਿਸੇ ਦਾ ਜਨਮ ਦਿਨ ਆਦਿ। ਇਸ ਲਈ ਬਜਟ ਵਿਚ ਇਨ੍ਹਾਂ ਖਰਚਿਆਂ ਨੂੰ ਮੰਨ ਕੇ ਕੁਝ ਰਕਮ ਅਲੱਗ ਰੱਖੋ। ਬਜਟ ਬਣਾ ਲੈਣਾ ਹੀ ਕਾਫੀ ਨਹੀਂ, ਉਸ ਦਾ ਸਖ਼ਤੀ ਨਾਲ ਪਾਲਣ ਕਰਨਾ ਵੀ ਜ਼ਰੂਰੀ ਹੈ।
- ਜੇ ਤੁਹਾਡਾ ਪਰਿਵਾਰ ਸੰਯੁਕਤ ਪਰਿਵਾਰ ਹੈ ਤਾਂ ਸਬਜ਼ੀਆਂ ਜਿਵੇਂ ਆਲੂ, ਪਿਆਜ਼ ਜ਼ਿਆਦਾ ਮਾਤਰਾ ਵਿਚ ਸਬਜ਼ੀ ਮੰਡੀ ਤੋਂ ਖਰੀਦ ਲਓ, ਕਿਉਂਕਿ ਉਥੋਂ ਇਹ ਸਸਤੀ ਮਿਲਦੀ ਹੈ।
- ਘਰ ਦਾ ਸਾਮਾਨ ਜਿਵੇਂ ਦਾਲਾਂ, ਸਾਬਣ, ਚੀਨੀ ਆਦਿ ਮਹੀਨੇ ਦੇ ਸ਼ੁਰੂ ਵਿਚ ਇਕੱਠੇ ਹੀ ਖਰੀਦ ਲਏ ਜਾਂਦੇ ਹਨ। ਇਨ੍ਹਾਂ ਨੂੰ ਖਰੀਦਦੇ ਸਮੇਂ ਧਿਆਨ ਰੱਖੋ ਕਿ ਜਿੰਨੀ ਜ਼ਰੂਰਤ ਹੈ, ਓਨਾ ਹੀ ਖਰੀਦੋ। ਕਈ ਵਾਰ ਜ਼ਿਆਦਾ ਚੀਜ਼ ਹੋਣ 'ਤੇ ਉਸ ਦੀ ਵਰਤੋਂ ਵੀ ਜ਼ਿਆਦਾ ਕੀਤੀ ਜਾਂਦੀ ਹੈ।
- ਅੱਜਕਲ੍ਹ ਜਿਥੇ ਦੇਖੋ, ਸੇਲ ਲੱਗੀ ਹੋਈ ਮਿਲਦੀ ਹੈ ਅਤੇ ਔਰਤਾਂ ਸਸਤੇ ਹੋਣ ਦੇ ਲਾਲਚ ਵਿਚ ਉਨ੍ਹਾਂ ਚੀਜ਼ਾਂ ਨੂੰ ਵੀ ਖਰੀਦ ਲੈਂਦੀਆਂ ਹਨ, ਜਿਨ੍ਹਾਂ ਦੀ ਉਨ੍ਹਾਂ ਨੂੰ ਜ਼ਰੂਰਤ ਨਹੀਂ ਹੁੰਦੀ। ਬਾਅਦ ਵਿਚ ਘਰ ਦਾ ਬਜਟ ਡਾਵਾਂਡੋਲ ਹੋ ਜਾਂਦਾ ਹੈ।
- ਬਿਜਲੀ ਦੇ ਜ਼ਿਆਦਾ ਬਿੱਲਾਂ ਤੋਂ ਬਚਣ ਲਈ ਬਿਜਲੀ ਦੀ ਵਰਤੋਂ ਧਿਆਨ ਨਾਲ ਕਰੋ। ਬਿਨਾਂ ਵਜ੍ਹਾ ਜਗ ਰਹੀਆਂ ਟਿਊਬ ਲਾਈਟਾਂ, ਬਲਬ, ਪੱਖੇ ਤੁਹਾਡੇ ਬਿੱਲ ਦੀ ਰਕਮ ਨੂੰ ਵਧਾ ਦੇਣਗੇ।
- ਫੋਨ ਦੀ ਵਰਤੋਂ ਕਰਦੇ ਸਮੇਂ ਲੰਬੀਆਂ-ਚੌੜੀਆਂ ਗੱਲਾਂ ਨਾ ਕਰੋ। ਕਈ ਔਰਤਾਂ ਫੋਨ 'ਤੇ ਗੱਪਾਂ ਮਾਰਨੀਆਂ ਸ਼ੁਰੂ ਕਰ ਦਿੰਦੀਆਂ ਹਨ ਤਾਂ ਉਨ੍ਹਾਂ ਨੂੰ ਸਮੇਂ ਦਾ ਖਿਆਲ ਹੀ ਨਹੀਂ ਰਹਿੰਦਾ ਪਰ ਬਾਅਦ ਵਿਚ ਫੋਨ ਦਾ ਬਿੱਲ ਉਨ੍ਹਾਂ ਦੇ ਹੋਸ਼ ਉਡਾ ਦਿੰਦਾ ਹੈ, ਇਸ ਲਈ ਫੋਨ 'ਤੇ ਲੰਬੀਆਂ ਗੱਲਾਂ ਨਾ ਕਰੋ।
- ਸੋਨੇ ਵਿਚ ਨਿਵੇਸ਼ ਕਰਨ ਦੀ ਬਜਾਏ ਪੈਸੇ ਬੈਂਕ ਵਿਚ ਜਾਂ ਪੋਸਟ ਆਫਿਸ ਵਿਚ ਜਮ੍ਹਾਂ ਕਰੋ। ਸਰਕਾਰ ਅਤੇ ਬੈਂਕ ਨਿਵੇਸ਼ਕਾਂ ਲਈ ਕਈ ਆਕਰਸ਼ਕ ਯੋਜਨਾਵਾਂ ਕੱਢਦੇ ਰਹਿੰਦੇ ਹਨ। ਉਨ੍ਹਾਂ ਦੀ ਜਾਣਕਾਰੀ ਰੱਖੋ ਅਤੇ ਉਨ੍ਹਾਂ ਵਿਚ ਸੋਚ-ਸਮਝ ਕੇ ਨਿਵੇਸ਼ ਕਰੋ।
- ਹਰ ਮਹੀਨੇ ਬੱਚਿਆਂ ਦੇ ਖਾਤੇ ਵਿਚ ਕੁਝ ਰੁਪਏ ਜੋੜਨ ਦਾ ਇਰਾਦਾ ਬਣਾ ਲਓ। ਇਸ ਨਾਲ ਥੋੜ੍ਹਾ-ਥੋੜ੍ਹਾ ਕਰਕੇ ਪੈਸਾ ਜੁੜੇਗਾ ਅਤੇ ਬੱਚਿਆਂ ਦੇ ਭਵਿੱਖ ਲਈ ਕੰਮ ਆਵੇਗਾ।

-ਸੋਨੀ ਮਲਹੋਤਰਾ

# ਬਚੋ ਪਰਸ ਵਿਚ ਫਾਲਤੂ ਸਾਮਾਨ ਪਾਉਣ ਤੋਂ

ਅੱਜਕਲ੍ਹ ਪਰਸ ਦੀ ਵਰਤੋਂ ਸਿਰਫ ਰੁਪਏ ਰੱਖਣ ਲਈ ਨਹੀਂ ਹੁੰਦੀ। ਪਰਸ ਦੀ ਵਰਤੋਂ ਜ਼ਰੂਰੀ ਸਾਮਾਨ ਰੱਖਣ ਲਈ ਵੀ ਹੁੰਦੀ ਹੈ। ਕੰਮਕਾਜੀ ਔਰਤ ਲਈ ਤਾਂ ਪਰਸ ਹੀ ਇਕ ਅਜਿਹਾ ਸਾਧਨ ਹੈ, ਜਿਸ ਵਿਚ ਉਹ ਪੂਰੇ ਦਿਨ ਵਿਚ ਵਰਤੋਂ ਵਿਚ ਆਉਣ ਵਾਲੀਆਂ ਸਾਰੀਆਂ ਜ਼ਰੂਰੀ ਚੀਜ਼ਾਂ ਰੱਖ ਸਕਦੀ ਹੈ ਪਰ ਕਈ ਔਰਤਾਂ ਇਸ ਨੂੰ ਸਟੋਰ ਹਾਊਸ ਬਣਾ ਲੈਂਦੀਆਂ ਹਨ, ਜਿਸ ਵਿਚ ਜ਼ਰੂਰੀ ਸਾਮਾਨ ਘੱਟ ਅਤੇ ਫਾਲਤੂ ਦੀਆਂ ਚੀਜ਼ਾਂ ਜ਼ਿਆਦਾ ਭਰੀਆਂ ਹੁੰਦੀਆਂ ਹਨ।

* ਤੁਹਾਡੇ ਪਰਸ ਵਿਚ ਸਭ ਤੋਂ ਜ਼ਰੂਰੀ ਸਾਮਾਨ ਹੋਣਾ ਚਾਹੀਦਾ ਹੈ ਤੁਹਾਡੀ ਪਛਾਣ। ਇਕ ਛੋਟੀ ਜਿਹੀ ਡਾਇਰੀ ਜ਼ਰੂਰ ਨਾਲ ਰੱਖੋ, ਜਿਸ ਵਿਚ ਤੁਹਾਡਾ ਨਾਂਅ, ਪਤਾ, ਫੋਨ ਨੰਬਰ, ਤੁਹਾਡੇ ਡਾਕਟਰ ਦਾ ਫੋਨ ਨੰਬਰ, ਤੁਹਾਡੇ ਰਿਸ਼ਤੇਦਾਰਾਂ ਅਤੇ ਗੁਆਂਢੀਆਂ ਦੇ ਫੋਨ ਨੰਬਰ ਹੋਣ। ਇਹ ਅਜਿਹੀਆਂ ਮਹੱਤਵਪੂਰਨ ਸੂਚਨਾਵਾਂ ਹਨ ਜੋ ਔਖੇ ਸਮੇਂ ਤੁਹਾਡੇ ਲਈ ਮਦਦਗਾਰ ਸਾਬਤ ਹੋਣਗੀਆਂ। ਕਦੇ ਤੁਹਾਡੇ ਨਾਲ ਕੋਈ ਦੁਰਘਟਨਾ ਹੋ ਜਾਣ 'ਤੇ ਤੁਹਾਡੀ ਪਛਾਣ ਤੁਹਾਨੂੰ ਸੁਰੱਖਿਆ ਦੇਵੇਗੀ।
* ਤੁਹਾਡੇ ਪਰਸ ਵਿਚ ਮੇਕਅੱਪ ਕਿੱਟ ਹੋਣੀ ਵੀ ਜ਼ਰੂਰੀ ਹੈ। ਇਸ ਕਿੱਟ ਵਿਚ ਤੁਹਾਡੀ ਲੋੜ ਵਾਲੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ, ਜਿਵੇਂ ਹੇਅਰ ਬਰੱਸ਼ ਜਾਂ ਕੰਘੀ ਆਦਿ। ਸਾਰਾ ਦਿਨ ਦਫ਼ਤਰ ਵਿਚ ਕੰਮ ਕਰਨ ਤੋਂ ਬਾਅਦ ਫਰੈਸ਼ ਹੋਣ ਲਈ ਪੇਪਰ ਸੋਪ, ਲਿਪਸਟਿਕ ਆਦਿ ਪਰਸ ਵਿਚ ਜ਼ਰੂਰ ਹੋਣੀ ਚਾਹੀਦੀ ਹੈ। ਲਿਪਸਟਿਕ ਇਕ ਫਿੱਕੀ ਅਤੇ ਇਕ ਗੂੜ੍ਹੀ ਸ਼ੇਡ ਦੀ ਰੱਖ ਲਓ। ਇਸ ਤੋਂ ਇਲਾਵਾ ਹੇਅਰ ਕਲਿਪ ਜਾਂ ਹੇਅਰ ਬੈਂਡ ਰੱਖ ਲਓ ਤਾਂ ਕਿ ਵਾਲ ਬੰਨ੍ਹਣ ਦੀ ਲੋੜ ਮਹਿਸੂਸ ਹੋਵੇ ਤਾਂ ਤੁਹਾਡੇ ਕੋਲ ਸਾਮਾਨ ਉਪਲਬਧ ਹੋਵੇ। ਇਕ ਛੋਟੀ ਜਿਹੀ ਬੋਤਲ ਮਾਇਸਚਰਾਈਜ਼ਰ ਦੀ ਰੱਖ ਲਓ।



* ਪਰਸ ਵਿਚ ਸੋਨੇ ਦੇ ਗਹਿਣੇ, ਕ੍ਰੀਮ ਕਦੇ ਵੀ ਨਾ ਰੱਖੋ। ਇਹ ਬਹੁਤ ਹੀ ਅਸੁਰੱਖਿਅਤ ਜਗ੍ਹਾ ਹੈ। ਦਫ਼ਤਰ ਵਿਚ ਤੁਹਾਡਾ ਪਰਸ ਜੇ ਪੱਧਰੇ ਹੀ ਪਿਆ ਰਹਿੰਦਾ ਹੈ ਤਾਂ ਕੋਈ ਤੁਹਾਡੇ ਗਹਿਣੇ ਕੱਢ ਸਕਦਾ ਹੈ।

# ਸੁੰਦਰਤਾ ਵਧਾਉਣ ਲਈ ਕੁਝ ਦੇਸੀ ਨੁਸਖ਼ੇ

**ਫਰੂਟ ਮਾਸਕ** : ਕੇਲਾ, ਸੇਬ, ਪਪੀਤਾ ਮਿਲਾ ਕੇ ਇਸ ਮਿਸ਼ਰਣ ਨੂੰ ਅੱਧੇ ਘੰਟੇ ਤੱਕ ਚਿਹਰੇ 'ਤੇ ਲਗਾ ਕੇ ਚਿਹਰੇ ਨੂੰ ਤਾਜ਼ੇ ਠੰਢੇ ਪਾਣੀ ਨਾਲ ਧੋ ਦਿਓ। ਇਹ ਚਮੜੀ ਨੂੰ ਠੰਢਕ ਦਿੰਦਾ ਹੈ, ਮ੍ਰਿਤਕ ਕੋਸ਼ਿਕਾਵਾਂ ਨੂੰ ਸਾਫ਼ ਕਰਦਾ ਹੈ ਅਤੇ ਚਮੜੀ 'ਤੇ ਕਾਲੇ ਧੱਬਿਆਂ ਨੂੰ ਦੂਰ ਕਰਦਾ ਹੈ।



ਕੂਲਿੰਗ ਮਾਸਕ : ਖੀਰੇ ਦੇ ਰਸ ਵਿਚ ਦੋ ਚਮਚ ਪਾਊਡਰ ਦੁੱਧ ਅਤੇ ਆਂਡੇ ਦਾ ਚਿੱਟਾ ਹਿੱਸਾ ਮਿਲਾ ਕੇ ਮਿਸ਼ਰਣ ਬਣਾ ਲਓ। ਇਸ ਪੇਸਟ ਨੂੰ ਚਿਹਰੇ ਅਤੇ ਗਰਦਨ 'ਤੇ ਅੱਧਾ ਘੰਟਾ ਤੱਕ ਲਗਾ ਕੇ ਬਾਅਦ ਵਿਚ ਤਾਜ਼ੇ ਅਤੇ ਸਾਫ਼ ਪਾਣੀ ਨਾਲ ਧੋ ਦਿਓ।

ਤੇਲੀ ਚਮੜੀ ਲਈ ਮਾਸਕ : ਇਕ ਚਮਚ ਮੁਲਤਾਨੀ ਮਿੱਟੀ ਵਿਚ ਗੁਲਾਬ ਜਲ ਮਿਲਾ ਕੇ ਪੇਸਟ ਬਣਾ ਲਓ। ਇਸ ਪੇਸਟ ਨੂੰ ਚਿਹਰੇ 'ਤੇ ਲਗਾ ਕੇ ਅੱਧਾ ਘੰਟਾ ਬਾਅਦ ਚਿਹਰੇ ਨੂੰ ਸਾਫ਼ ਪਾਣੀ ਨਾਲ ਧੋ ਦਿਓ।

ਫੇਸਕ ਮਾਸਕ ਲਗਾਉਣ ਤੋਂ ਬਾਅਦ ਦੋ ਕਾਟਨਵੂਲ ਪੈਡਾਂ ਨੂੰ ਗੁਲਾਬ ਜਲ ਵਿਚ ਭਿਉਂ ਦਿਓ ਅਤੇ ਇਨ੍ਹਾਂ ਨੂੰ ਆਈ ਪੈਡ ਦੀ ਤਰ੍ਹਾਂ ਵਰਤੋ। ਕਾਟਨਵੂਲ ਪੈਡ ਵਿਚੋਂ ਗੁਲਾਬ ਜਲ ਨਿਚੋੜ ਕੇ ਇਸ ਨੂੰ ਬੰਦ ਪਲਕਾਂ 'ਤੇ ਰੱਖ ਕੇ ਲੰਮੇ ਪੈ ਜਾਓ ਅਤੇ ਆਰਾਮ ਕਰੋ। ਵਰਤੋਂ ਵਿਚ ਲਿਆਂਦੇ ਗਏ ਟੀ-ਬੈਗ ਵੀ ਸੁੰਦਰਤਾ ਵਿਚ ਚਾਰ ਚੰਦ ਲਾ ਸਕਦੇ ਹਨ। ਵਰਤੇ ਗਏ ਟੀ-ਬੈਗ ਨੂੰ ਕੋਸੇ ਪਾਣੀ ਵਿਚ ਭਿਉਂ ਕੇ ਪਾਣੀ ਨੂੰ ਨਿਚੋੜ ਲਓ ਅਤੇ ਬਾਅਦ ਵਿਚ ਇਨ੍ਹਾਂ ਨੂੰ ਆਈ-ਪੈਡ ਦੀ ਤਰ੍ਹਾਂ ਵਰਤੋਂ ਵਿਚ ਲਿਆਓ। ਖੁਰਦਰੇ, ਉਲਝੇ ਅਤੇ ਘੁੰਗਰਾਲੇ ਵਾਲਾਂ ਨੂੰ ਮੁਲਾਇਮ ਅਤੇ ਚਮਕਦਾਰ ਕਰਨ ਲਈ ਕ੍ਰੀਮੀ ਹੇਅਰ ਕੰਡੀਸ਼ਨਰ ਵਿਚ ਸਾਫ਼ ਪਾਣੀ ਮਿਲਾ ਕੇ ਇਸ ਨੂੰ ਸਪਰੇਅ ਬੋਤਲ ਵਿਚ ਪਾ ਦਿਓ। ਇਸ ਮਿਸ਼ਰਣ ਨੂੰ ਵਾਲਾਂ 'ਤੇ ਛਿੜਕਾਉਣ ਤੋਂ ਬਾਅਦ ਵਾਲਾਂ ਨੂੰ ਕੰਘੀ ਕਰ ਲਓ ਤਾਂ ਕਿ ਇਹ ਵਾਲਾਂ 'ਤੇ ਪੂਰੀ ਤਰ੍ਹਾਂ ਫੈਲ ਜਾਵੇ। ਬਾਅਦ ਵਿਚ ਇਕ ਘੰਟਾ ਬਾਅਦ ਵਾਲਾਂ ਨੂੰ ਤਾਜ਼ੇ ਅਤੇ ਸਾਫ਼ ਪਾਣੀ ਨਾਲ ਧੋ ਦਿਓ। ਰੱਖੜੀ ਦਾ ਤਿਉਹਾਰ ਦਿਨ ਵਿਚ ਮਨਾਇਆ ਜਾਂਦਾ ਹੈ। ਦਿਨ ਦੇ ਸਮੇਂ ਦਾ ਮੇਕਅੱਪ ਹਲਕਾ ਅਤੇ ਸਾਵਧਾਨੀ ਨਾਲ ਕੀਤਾ ਜਾਣਾ ਚਾਹੀਦਾ ਹੈ। ਜੇ ਤੁਹਾਡੀ ਚਮੜੀ ਸਾਫ਼ ਹੈ ਤਾਂ ਫਾਊਂਡੇਸ਼ਨ ਤੋਂ ਪ੍ਰਹੇਜ਼ ਕਰੋ। ਚਮੜੀ ਨੂੰ ਸਾਫ਼ ਕਰਨ ਤੋਂ ਬਾਅਦ ਚਮੜੀ 'ਤੇ ਮਾਇਸਚਰਾਈਜ਼ਰ ਸਹਿਤ ਸਨਸਕ੍ਰੀਨ ਦੀ ਵਰਤੋਂ ਕਰਨ ਤੋਂ ਬਾਅਦ ਪਾਊਡਰ ਲਗਾਓ।

ਬੇਬੀ ਪਾਊਡਰ ਵਰਗਾ ਸਾਫ਼ ਅਤੇ ਨਿਰਮਲ ਪਾਊਡਰ ਇਸ ਵਿਚ ਜ਼ਿਆਦਾ ਫਾਇਦੇਮੰਦ ਸਾਬਤ ਹੋ ਸਕਦਾ ਹੈ। ਤੇਲੀ ਚਮੜੀ ਲਈ ਮਾਇਸਚਰਾਈਜ਼ਰ ਦੀ ਜਗ੍ਹਾ ਆਸਟ੍ਰੀਜੈਂਟ ਲੋਸ਼ਨ ਦੀ ਵਰਤੋਂ ਕਰੋ ਅਤੇ ਇਸ ਤੋਂ ਬਾਅਦ ਕੰਪੈਕਟ ਪਾਊਡਰ ਦੀ ਵਰਤੋਂ ਕਰੋ। ਚਿਹਰੇ ਦੇ ਨੱਕ, ਮੱਥੇ ਅਤੇ ਠੋਡੀ ਵਰਗੈ ਤੇਲੀ ਭਾਗਾਂ ਵੱਲ ਵਿਸ਼ੇਸ਼ ਧਿਆਨ ਦਿਓ। ਇਸ ਪਾਊਡਰ ਨੂੰ ਹਲਕੀ ਗਿੱਲੀ ਸਪਾਂਜ ਨਾਲ ਚਿਹਰੇ ਅਤੇ ਗਰਦਨ 'ਤੇ ਲਗਾਓ। ਇਸ ਨਾਲ ਪਾਊਡਰ ਲੰਬੇ ਸਮੇਂ ਤੱਕ ਟਿਕਿਆ ਰਹਿੰਦਾ ਹੈ। ਜੇ ਤੁਸੀਂ ਬਲਸ਼ਰ ਦੀ ਵਰਤੋਂ ਕਰਨਾ ਚਾਹੁੰਦੇ ਹੋ ਤਾਂ ਇਸ ਨੂੰ ਚੰਗੀ ਤਰ੍ਹਾਂ ਮਿਲਾ ਲਓ।

ਅੱਖਾਂ ਦੀ ਸੁੰਦਰਤਾ ਲਈ ਦਿਨ ਵਿਚ ਆਈ ਪੈਨਸਿਲ ਦੀ ਵਰਤੋਂ ਕਾਫੀ ਹੋਵੇਗੀ। ਤੁਸੀਂ ਆਪਣੀਆਂ ਅੱਖਾਂ ਦੀਆਂ ਪਲਕਾਂ ਨੂੰ ਭੂਰੇ ਅਤੇ ਸਲੇਟੀ ਆਈ ਸ਼ੈਡੋ ਨਾਲ ਵੀ ਲਾਈਨ ਕਰ ਸਕਦੇ ਹੋ। ਇਸ ਨਾਲ ਕਾਫੀ ਵਧੀਆ ਪ੍ਰਭਾਵ ਦਿਖਣ ਲੱਗੇਗਾ। ਇਸ ਤੋਂ ਬਾਅਦ ਮਸਕਾਰੇ ਦਾ ਇਕ ਕੋਟ ਲਗਾਉਣ ਨਾਲ ਅੱਖਾਂ ਵਿਚ ਚਮਕ ਆ ਜਾਵੇਗੀ। ਲਿਪਸਟਿਕ ਲਈ ਗੂੜ੍ਹੇ ਭੂਰੇ ਰੰਗ ਦੀ ਵਰਤੋਂ ਤੋਂ ਪ੍ਰਹੇਜ਼ ਕਰੋ। ਤੁਸੀਂ ਹਲਕਾ ਗੁਲਾਬੀ, ਹਲਕਾ ਬੈਂਗਣੀ, ਹਲਕੇ ਭੂਰੇ, ਕਾਂਸਯ ਜਾਂ ਤਾਂਬੇ ਦੇ ਰੰਗ ਦੀ ਲਿਪਸਟਿਕ ਦੀ ਵਰਤੋਂ ਕਰ ਸਕਦੇ ਹੋ। ਲਿਪਸਟਿਕ ਦੇ ਰੰਗ ਬਹੁਤ ਤੇਜ਼ ਅਤੇ ਗੂੜ੍ਹੇ ਜਾਂ ਚਮਕੀਲੇ ਨਹੀਂ ਹੋਣੇ ਚਾਹੀਦੇ। ਪਹਿਲਾਂ ਆਪਣੇ ਬੁੱਲ੍ਹਾਂ ਨੂੰ ਲਿਪਸਟਿਕ ਨਾਲ ਸੀਮਾਂਕਿਤ ਕਰੋ ਅਤੇ ਉਸ ਤੋਂ ਬਾਅਦ ਉਸੇ ਰੰਗ ਦੀ ਲਿਪਸਟਿਕ ਬੁੱਲ੍ਹਾਂ 'ਤੇ ਲਗਾਓ। ਬੁੱਲ੍ਹਾਂ 'ਤੇ ਲਿਪਸਟਿਕ ਬੁਰਸ਼ ਦੀ ਮਦਦ ਨਾਲ ਰੰਗਾਂ ਨੂੰ ਭਰੋ ਤੇ ਨਾਲ ਹੀ ਆਕਰਸ਼ਕ ਹੇਅਰ ਸਟਾਈਲ ਅਪਣਾ ਸਕਦੇ ਹੋ। ਤੁਸੀਂ ਆਪਣੇ ਵਾਲਾਂ ਨੂੰ ਫੈਂਸੀ ਹੇਅਰ ਕਲਿਪ ਜਾਂ ਆਕਰਸ਼ਕ ਰਿਬਨ ਨਾਲ ਬੰਨ੍ਹ ਸਕਦੇ ਹੋ। ਵਾਲਾਂ ਵਿਚ ਫੁੱਲ ਜੜਨ ਨਾਲ ਤੁਹਾਡੀ ਸ਼ਖ਼ਸੀਅਤ ਵਿਚ ਆਕਰਸ਼ਣ ਪੈਦਾ ਹੋ ਸਕਦਾ ਹੈ।

ਘੁੰਗਰਾਲੇ, ਲੰਬੇ ਅਤੇ ਉਛਾਲਦਾਰ ਵਾਲਾਂ ਦਾ ਖਾਸ ਮੌਕਿਆਂ 'ਤੇ ਇਕ ਵਿਸ਼ੇਸ਼ ਫੈਸ਼ਨ ਦੇਖਣ ਨੂੰ ਮਿਲਦਾ ਹੈ। ਵਾਲਾਂ ਦੇ ਹੇਠਲੇ ਹਿੱਸੇ ਨੂੰ ਮੁਲਾਇਮ ਬਣਾ ਕੇ ਉਨ੍ਹਾਂ ਨੂੰ ਘੁੰਗਰਾਲੇ ਬਣਾਓ। ਵਾਲਾਂ ਦੀ ਪਰੰਪਰਾਗਤ ਗੁੱਤ ਵੀ ਮੌਕੇ ਅਨੁਸਾਰ ਚਾਰ ਚੰਦ ਲਗਾਉਂਦੀ ਹੈ। ਵਾਲਾਂ ਦੀ ਗੁੱਤ ਲਗਪਗ ਸਾਰੇ ਚਿਹਰਿਆਂ 'ਤੇ ਆਕਰਸ਼ਕ ਲਗਦੀ ਹੈ ਅਤੇ ਕੁਝ ਚਿਹਰਿਆਂ 'ਤੇ ਲੰਬੀ ਅਤੇ ਕੁਝ ਚਿਹਰਿਆਂ 'ਤੇ ਛੋਟੀ ਘੁਮਾਓਦਾਰ ਗੁੱਤ ਖੂਬਸੂਰਤੀ ਨੂੰ ਵਧਾਉਂਦੀ ਹੈ। ਗੁੱਤ ਨੂੰ ਰਿਬਨ ਨਾਲ ਬੰਨ੍ਹਣ ਨਾਲ ਇਸ ਦੀ ਖਿੱਚ ਵਧ ਜਾਂਦੀ ਹੈ। ਲੰਬੇ ਚਿਹਰੇ ਲਈ ਛੋਟੀ ਗੁੱਤ ਰੱਖੋ।



# ਹਰਿਆ ਭਰਿਆ ਸ਼ਹਿਰ ਫਿਲਾਡੇਲਫੀਆ

ਲੌਂਗਵੁੱਡ ਗਾਰਡਨ ਵਿੱਚ ਉਸ ਦਿਨ ਰਾਤ ਅੱਠ ਵਜੇ ਆਤਿਸ਼ਬਾਜ਼ੀ ਦਾ ਪ੍ਰੋਗਰਾਮ ਸੀ। ਉਸ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਆਤਿਸ਼ਬਾਜ਼ੀ ਨੂੰ ਦੇਖਣ ਲਈ ਇਕੱਠੇ ਹੋ ਰਹੇ ਸਨ। ਦੇਖਣ ਵਾਲੀ ਗੱਲ ਸੀ ਕਿ ਸਭ ਨੇ ਆਪਣੇ ਘਰਾਂ ਤੋਂ ਲਿਆਂਦੀਆਂ ਫੋਲਡਿੰਗ ਕੁਰਸੀਆਂ ਲਾਈਨਾਂ ਵਿੱਚ ਲਾਈਆਂ ਸਨ। ਲੋਕਾਂ ਨੂੰ ਗਾਈਡ ਕਰਨ ਲਈ ਪੁਲੀਸ ਦੀ ਥਾਂ ਜਨਤਾ ਵੱਲੋਂ ਹੀ ਵਲੰਟੀਅਰ ਸਨ। ਕੋਈ ਇੱਕ ਘੰਟਾ ਵਧੀਆ ਕਿਸਮ ਦੀ ਆਤਿਸ਼ਬਾਜ਼ੀ ਚੱਲੀ। ਸੰਗੀਤ ਨਾਲ ਰੰਗਦਾਰ ਫ਼ੁਹਾਰੇ ਵੀ ਚੱਲ ਰਹੇ ਸਨ। ਆਤਿਸ਼ਬਾਜ਼ੀ ਖ਼ਤਮ ਹੋਣ ਤੋਂ ਬਾਅਦ ਸਭ ਲੋਕ ਆਪਣੀਆਂ ਕੁਰਸੀਆਂ ਆਰਾਮ ਨਾਲ ਲੈ ਗਏ। ਕੋਈ ਧੱਕਾ-ਮੁੱਕੀ ਜਾਂ ਖਿਲਾਰਾ ਨਹੀਂ ਸੀ।



ਅਮਰੀਕਾ ਬਾਰੇ ਚੰਗੀਆਂ-ਮਾੜੀਆਂ ਗੱਲਾਂ ਹੀ ਸੁਣਦੇ ਸਾਂ। ਚੰਗਾ ਇਸ ਲਈ ਹੈ ਕਿ ਉੱਥੋਂ ਦਾ ਰਾਜ ਪ੍ਰਬੰਧ ਬਹੁਤ ਵਧੀਆ ਹੈ। ਦੂਜੇ ਮੁਲਕਾਂ ਦੇ ਨਾਗਰਿਕ ਅਜਿਹੇ ਰਾਜ ਪ੍ਰਬੰਧ ਤੋਂ ਪ੍ਰਭਾਵਿਤ ਹੁੰਦੇ ਹਨ। ਇਹ ਸਫ਼ਾਈ ਪੱਖੋਂ ਏਸ਼ੀਆ ਦੇ ਭਾਰਤ ਜਿਹੇ ਮੁਲਕਾਂ ਨੂੰ ਬਹੁਤ ਪਿੱਛੇ ਛੱਡ ਗਿਆ ਹੈ। ਸੜਕਾਂ ਇੰਨੀਆਂ ਸਾਫ਼-ਸੁਥਰੀਆਂ ਤੇ ਪੱਧਰੀਆਂ ਹਨ ਕਿ ਮਜ਼ਾਲ ਏ ਲਾਗਿਓਂ ਕੋਈ ਮਿੱਟੀ-ਘੱਟਾ ਉੱਡਦਾ ਜਾਂ ਹੋਰ ਕੂੜਾ-ਕਰਕਟ ਦਿੱਸਦਾ ਹੋਵੇ। ਸੜਕਾਂ ਦੇ ਪਾਸਿਆਂ ਜਾਂ ਹੋਰ ਖੁੱਲ੍ਹੀਆਂ ਕੱਚੀਆਂ ਥਾਵਾਂ 'ਤੇ ਘਾਹ ਫੈਲਾਅ ਦਿੱਤਾ ਜਾਂਦਾ ਹੈ ਜੋ ਸੜਕਾਂ, ਕਸਬਿਆਂ ਅਤੇ ਸ਼ਹਿਰਾਂ ਨੂੰ ਖ਼ੂਬਸੂਰਤ ਬਣਾਉਂਦਾ ਹੈ। ਸੜਕਾਂ ਕਿਨਾਰੇ ਲੱਗੇ ਰੁੱਖਾਂ ਦੇ ਪੱਤੇ ਸਰਦੀ ਵਿੱਚ ਆਪਣਾ ਰੰਗ ਬਦਲਦੇ ਹਨ। ਹਰੇ ਦੀ ਥਾਂ ਪੀਲੇ-ਲਾਲ ਰੰਗ ਦੇ ਪੱਤੇ ਰੁੱਖਾਂ ਨੂੰ ਹੋਰ ਵੀ ਸੁੰਦਰਤਾ ਬਖ਼ਸ਼ਦੇ ਹਨ। ਬਰਫ਼ਬਾਰੀ ਦੀ ਮਾਰ ਤੋਂ ਪਹਿਲਾਂ-ਪਹਿਲਾਂ ਹਰੇ ਪੱਤੇ ਆਪੇ ਹੀ ਝੜ ਜਾਂਦੇ ਹਨ। ਟਰੈਫਿਕ ਕੰਟਰੋਲ ਕਰਨ ਲਈ ਕਿਤੇ ਸਿਪਾਹੀ ਨਜ਼ਰ ਨਹੀਂ ਆਉਂਦਾ। ਲਾਲ ਬੱਤੀ ਹੋਣ 'ਤੇ ਸਭ ਆਪਣੇ ਆਪ ਖਲੋ ਜਾਂਦੇ ਹਨ। ਇਹ ਵੀ ਨਹੀਂ ਕਿ ਕੋਈ ਆਪਣੀ ਕਾਰ ਰਸਤੇ ਵਿੱਚ ਖੜ੍ਹੀ ਕਰ ਕੇ ਇੱਕ-ਦੂਜੇ ਨਾਲ ਗੱਲਾਂ ਕਰੇ ਜਾਂ ਕਿਤੇ ਹੋਰ ਆਪਣੇ ਕਿਸੇ ਕੰਮ ਚਲਾ ਜਾਏ। ਕੋਈ ਇੱਕ-ਦੂਜੇ ਨੂੰ ਪਛਾੜਨ ਦੀ ਕੋਸ਼ਿਸ਼ ਨਹੀਂ ਕਰਦਾ। ਸਾਰੇ ਆਪੋ ਆਪਣੀਆਂ ਕਤਾਰਾਂ ਵਿੱਚ ਚੱਲਦੇ ਹਨ। ਸੜਕ ਤੋਂ ਮੁੜਨ ਲਈ ਐਗਜ਼ਿਟ ਦਾ ਬੋਰਡ ਲੱਗਾ ਹੁੰਦਾ ਹੈ। ਰਸਤਿਆਂ 'ਤੇ ਜਾਣਕਾਰੀ ਬੋਰਡ ਲੱਗੇ ਹੁੰਦੇ ਹਨ। ਉੱਥੋਂ ਦੇ ਲੋਕ ਕਾਨੂੰਨ ਦੀ ਪਾਲਣਾ ਕਰਨੀ ਆਪਣਾ ਧਰਮ ਸਮਝਦੇ ਹਨ। ਸਾਡੇ ਭਣੇਵੇਂ ਨੇ ਅਮਰੀਕਾ ਦੀ ਧਰਤੀ ਦਿਖਾਉਣ ਲਈ ਸਾਨੂੰ ਟਿਕਟਾਂ ਭੇਜ ਕੇ ਉਤਸ਼ਾਹਿਤ ਕੀਤਾ। ਉਹ ਅਮਰੀਕਾ ਦੀ ਸਟੇਟ ਪੈਨਸਿਲਵੇਨੀਆ ਦੇ ਸ਼ਹਿਰ ਫਿਲਾਡੈਲਫੀਆ ਦੇ ਕਸਬੇ ਵੈੱਸਟ ਚੈਸਟਰ ਵਿੱਚ ਰਹਿੰਦਾ ਹੈ। ਅਸੀਂ ਆਪਣੇ ਪਾਸਪੋਰਟ ਬਣਵਾ ਤੇ ਵੀਜ਼ਾ ਲੈ ਕੇ ਅਮਰੀਕਾ ਲਈ ਰਵਾਨਾ ਹੋ ਗਏ। ਅੰਮ੍ਰਿਤਸਰ ਤੋਂ ਦਿੱਲੀ ਪਹੁੰਚੇ। ਫਿਰ ਜਰਮਨੀ ਦੇ ਸ਼ਹਿਰ ਫਰੈਂਕਫਰਟ ਹਵਾਈ ਅੱਡੇ 'ਤੇ ਆ ਉਤਰੇ। ਫਰੈਂਕਫਰਟ ਹਵਾਈ ਅੱਡਾ ਵੀ ਬੜਾ ਵੱਡਾ ਤੇ ਸਾਫ਼-ਸੁਥਰਾ ਸੀ। ਇੱਥੋਂ ਹਵਾਈ ਜਹਾਜ਼ ਰਾਹੀਂ ਪੈਨਸਿਲਵੇਨੀਆ ਦੇ ਸ਼ਹਿਰ ਫਿਲਾਡੈਲਫੀਆ ਦੇ ਹਵਾਈ ਅੱਡੇ ਪਹੁੰਚ ਗਏ। ਅੱਗੋਂ ਸਾਡਾ ਭਣੇਵਾਂ ਸਾਨੂੰ ਆਪਣੇ ਘਰ ਲੈ ਗਿਆ। ਇਹ ਅਤਿ ਖ਼ੂਬਸੂਰਤ ਉੱਚੀਆਂ-ਨੀਵੀਆਂ ਪਰ ਸਾਫ਼-ਪੱਧਰੀਆਂ ਸੜਕਾਂ ਵਾਲਾ ਪਹਾੜੀਨੁਮਾ ਇਲਾਕਾ ਹੈ। ਚੁਫ਼ੇਰੇ ਜੰਗਲਾਂ ਵਿੱਚ ਘਿਰਿਆ, ਹਰੇ ਘਾਹ ਤੇ ਫੁੱਲਾਂ ਬੂਟਿਆਂ ਨਾਲ ਸ਼ਿੰਗਾਰਿਆ ਕਸਬਾ ਸੀ। ਉੱਥੇ ਥੋੜ੍ਹੀ-ਥੋੜ੍ਹੀ ਦੂਰੀ 'ਤੇ ਢਾਲਵੀਆਂ ਛੱਤਾਂ ਵਾਲੇ ਦੋ ਮੰਜ਼ਿਲੇ ਘਰ ਸਨ। ਇਹ ਬਾਹਰੋਂ ਦੇਖਣ ਨੂੰ ਝੌਂਪੜੀਆਂ ਜਾਪਦੇ ਸਨ ਪਰ ਅੰਦਰੋਂ ਬਹੁਤ ਖੁੱਲ੍ਹੇ ਤੇ ਸਜੇ-ਸੰਵਰੇ ਸਨ। ਸਾਰੇ ਘਰ ਲੱਕੜੀ ਦੇ ਬਣੇ ਸਨ। ਹਰੇਕ ਘਰ ਦੇ ਹੇਠਾਂ ਬੇਸਮੈਂਟ ਹੈ। ਪੌੜੀਆਂ ਤੇ ਕਮਰਿਆਂ ਵਿੱਚ ਕੰਧ ਤੋਂ ਕੰਧ ਤੀਕ ਨਰਮ ਗਲੀਚੇ ਵਿਛੇ ਹੁੰਦੇ ਹਨ। ਗਰਮ ਪਾਣੀ ਦੀ ਸਹੂਲਤ ਵੀ ਹਰ ਥਾਂ ਸੀ। ਬਿਜਲੀ ਚੌਵੀ ਘੰਟੇ ਰਹਿੰਦੀ ਹੈ। ਹਰ ਘਰ ਵਿੱਚ ਬਰਤਨ ਧੋਣ ਤੇ ਕੱਪੜੇ ਸੁਕਾਉਣ ਦੀਆਂ ਮਸ਼ੀਨਾਂ ਲੱਗੀਆਂ ਸਨ। ਇੱਥੇ ਜਾਨਵਰਾਂ-ਪੰਛੀਆਂ ਦੀ ਖ਼ਾਸ ਤੌਰ 'ਤੇ ਰੱਖਿਆ ਕੀਤੀ ਜਾਂਦੀ ਹੈ। ਸਾਡੇ ਭਣੇਵੇਂ ਨੇ ਆਪਣੇ ਘਰ ਲਾਗੇ ਇੱਕ ਸਰੀਏ ਦੇ ਢਾਗੇ ਨਾਲ ਦੋ ਸੁਰਾਹੀਆਂ ਲਟਕਾਈਆਂ ਹੋਈਆਂ ਸਨ ਜਿਸ ਵਿੱਚ ਉਹ ਪੰਛੀਆਂ ਲਈ ਦਾਣਾ ਪਾ ਦਿੰਦਾ ਸੀ। ਤਰ੍ਹਾਂ-ਤਰ੍ਹਾਂ ਦੇ ਪੰਛੀ ਉੱਥੋਂ ਦਾਣਾ ਚੁਗਣ ਆਉਂਦੇ ਸਨ। ਅਗਲੇ ਦਿਨ ਅਸੀਂ ਸਾਰੇ ਲੌਂਗਵੁੱਡ ਗਾਰਡਨ ਦੇਖਣ ਗਏ। ਇਸ ਬਾਗ਼ ਵਿੱਚ ਟਿਕਟ ਲੈ ਕੇ ਜਾਣਾ ਪੈਂਦਾ ਹੈ। ਸੰਨ 1919 ਤੋਂ 1921 ਵਿੱਚ ਬਣਿਆ ਇਹ ਬਾਗ਼ ਤਕਰੀਬਨ 1077 ਏਕੜ ਵਿੱਚ ਫੈਲਿਆ ਹੋਇਆ ਹੈ। ਇੱਥੇ ਸਾਰੀ ਦੁਨੀਆਂ ਵਿੱਚੋਂ ਪੌਦੇ ਇਕੱਠੇ ਕਰ ਕੇ ਵੀਹ ਹਾਲ ਕਮਰਿਆਂ ਵਰਗੇ ਗ੍ਰੀਨ ਹਾਊਸਜ਼ ਵਿੱਚ ਲਾਏ ਗਏ ਹਨ। ਇੱਥੇ ਬੇਸ਼ੁਮਾਰ ਬੂਟੇ ਹਨ। ਅਨੇਕਾਂ ਤਰ੍ਹਾਂ ਦੇ ਕੈਕਟਸ ਦੇਖ ਕੇ ਹੈਰਾਨੀ ਹੁੰਦੀ ਹੈ। ਸਾਹਮਣੇ ਵੰਨ-ਸੁਵੰਨੇ ਰੰਗ-ਬਿਰੰਗੇ ਫੁੱਲਾਂ ਵਾਲਾ ਬਾਗ਼ ਸੀ। ਇਨਸਾਨ ਦੀ ਚੋਣ ਤੇ ਸੰਭਾਲ ਦੀ ਮਿਹਨਤ ਅਤੇ ਕੁਦਰਤ ਦਾ ਦੋਵੇਂ ਰਲ ਕੇ ਇਸ ਧਰਤੀ ਨੂੰ ਸਵਰਗ ਬਣਾਉਂਦੇ ਹਨ। ਇਸ ਬਾਗ਼ ਵਿੱਚ ਬਾਗ਼ ਦੇ ਵਿਕਾਸ ਸੰਭਾਲ ਲਈ ਕਲਾਸਾਂ ਵੀ ਲੱਗਦੀਆਂ ਹਨ। ਹਰੇਕ ਪੌਦੇ ਬਾਰੇ ਦੱਸਣ ਲਈ ਗਾਈਡ ਦਾ ਪ੍ਰਬੰਧ ਹੈ। ਇੱਕ ਹੋਰ ਖੁੱਲ੍ਹੇ ਮੈਦਾਨ ਵਿੱਚ ਖ਼ਾਸ ਮੀਟਿੰਗਾਂ, ਸਮਾਗਮਾਂ ਤੇ ਹੋਰ ਮੌਕਿਆਂ 'ਤੇ ਆਤਿਸ਼ਬਾਜ਼ੀ ਵੀ ਚਲਾਈ ਜਾਂਦੀ ਹੈ। ਇੱਥੇ ਮਿਊਜ਼ਿਕ ਰੂਮ ਤੇ ਬੱਚਿਆਂ ਲਈ ਮਨੋਰੰਜਨ ਦੇ ਸਾਧਨ ਵੀ ਹਨ।





ਲੌਂਗਵੁੱਡ ਗਾਰਡਨ ਵਿੱਚ ਉਸ ਦਿਨ ਰਾਤ ਅੱਠ ਵਜੇ ਆਤਿਸ਼ਬਾਜ਼ੀ ਦਾ ਪ੍ਰੋਗਰਾਮ ਸੀ। ਉਸ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਆਤਿਸ਼ਬਾਜ਼ੀ ਨੂੰ ਦੇਖਣ ਲਈ ਇਕੱਠੇ ਹੋ ਰਹੇ ਸਨ। ਦੇਖਣ ਵਾਲੀ ਗੱਲ ਸੀ ਕਿ ਸਭ ਨੇ ਆਪਣੇ ਘਰਾਂ ਤੋਂ ਲਿਆਂਦੀਆਂ ਫੋਲਡਿੰਗ ਕੁਰਸੀਆਂ ਲਾਈਨਾਂ ਵਿੱਚ ਲਾਈਆਂ ਸਨ। ਲੋਕਾਂ ਨੂੰ ਗਾਈਡ ਕਰਨ ਲਈ ਪੁਲੀਸ ਦੀ ਥਾਂ ਜਨਤਾ ਵੱਲੋਂ ਹੀ ਵਲੰਟੀਅਰ ਸਨ। ਕੋਈ ਇੱਕ ਘੰਟਾ ਵਧੀਆ ਕਿਸਮ ਦੀ ਆਤਿਸ਼ਬਾਜ਼ੀ ਚੱਲੀ। ਸੰਗੀਤ ਨਾਲ ਰੰਗਦਾਰ ਫ਼ੁਹਾਰੇ ਵੀ ਚੱਲ ਰਹੇ ਸਨ। ਆਤਿਸ਼ਬਾਜ਼ੀ ਖ਼ਤਮ ਹੋਣ ਤੋਂ ਬਾਅਦ ਸਭ ਲੋਕ ਆਪਣੀਆਂ ਕੁਰਸੀਆਂ ਆਰਾਮ ਨਾਲ ਲੈ ਗਏ। ਕੋਈ ਧੱਕਾ-ਮੁੱਕੀ ਜਾਂ ਖਿਲਾਰਾ ਨਹੀਂ ਸੀ। ਕਾਰਾਂ ਵੀ ਬੜੇ ਆਰਾਮ ਨਾਲ ਜਾ ਰਹੀਆਂ ਸਨ। ਕਿਸੇ ਇੱਕ ਨੇ ਵੀ ਹੌਰਨ ਨਹੀਂ ਵਜਾਇਆ। ਦੋ ਹਜ਼ਾਰ ਕਾਰਾਂ ਪੰਦਰਾਂ ਮਿੰਟਾਂ ਦੇ ਅੰਦਰ-ਅੰਦਰ ਪਾਰਕ ਖਾਲੀ ਕਰ ਗਈਆਂ। ਅਗਲੇ ਦਿਨ ਅਸੀਂ ਬੈਂਜਾਮਿਨ ਫਰੈਂਕਲਿਨ ਇੰਸਟੀਚਿਊਟ ਭਾਵ ਸਾਇੰਸ ਮਿਊਜ਼ੀਅਮ ਦੇਖਣ ਗਏ। ਇਹ ਫਿਲਾਡੈਲਫੀਆ ਦਾ ਦੂਜਾ ਪਾਸਾ ਹੈ। ਇਧਰ ਉੱਚੀਆਂ-ਉੱਚੀਆਂ ਇਮਾਰਤਾਂ ਤੇ ਕਾਰਖਾਨੇ ਸਨ। ਇਹ ਅਜਾਇਬਘਰ ਮਹਾਨ ਵਿਗਿਆਨੀ ਬੈਂਜਾਮਿਨ ਦੇ ਨਾਂ 'ਤੇ ਬਣਾਇਆ ਗਿਆ ਹੈ। ਇੱਥੇ ਅਸੀਂ ਬਹੁਤ ਉੱਚੀ ਛੱਤ ਨਾਲ ਲਟਕਾਇਆ ਵਿਸ਼ਾਲ ਪੈਂਡੂਲਿਮ ਦੇਖਿਆ। ਦਿਲ ਅਤੇ ਦਿਮਾਗ਼ ਦੇ ਵੱਡੇ-ਵੱਡੇ ਮਾਡਲ ਸਨ। ਕੋਲੇ ਨਾਲ ਚੱਲਣ ਵਾਲੇ ਇੰਜਣ, ਕੱਪੜੇ ਸਿਊਣ ਦੀ ਮਸ਼ੀਨ ਆਦਿ ਦੇ ਖੋਜੀਆਂ ਦੇ ਜੀਵਨ ਬਾਰੇ ਵੀ ਜਾਣਕਾਰੀ ਲਿਖੀ ਹੋਈ ਸੀ। ਬੱਚਿਆਂ ਦੀ ਉਤਸੁਕਤਾ ਵਧਾਉਣ ਲਈ ਦਿਮਾਗ਼ੀ ਪਹੇਲੀਆਂ ਤੇ ਹੋਰ ਖੇਡਾਂ ਸਨ, ਜਿਨ੍ਹਾਂ ਵਿੱਚ ਵਿਗਿਆਨ ਦਾ ਕੋਈ ਨਿਯਮ ਹੁੰਦਾ ਹੈ। ਛੱਤ ਉਪਰਲੇ ਟੈਲੀਸਕੋਪ ਰਾਹੀਂ ਤਾਰਾ ਮੰਡਲ, ਗ੍ਰਹਿ, ਗਲੈਕਸੀਆਂ ਦੇਖੀਆਂ ਜਾ ਸਕਦੀਆਂ ਸਨ। ਅਸੀਂ ਅਜਾਇਬਘਰ ਦੇਖ ਕੇ ਵਾਪਸ ਆ ਗਏ। ਇੱਕ ਦਿਨ ਅਸੀਂ ਇੱਕ ਫਾਰਮ 'ਤੇ ਗਏ। ਫੁੱਲਾਂ ਦੀ ਨਰਸਰੀ ਸੀ ਜਿੱਥੇ ਛੋਟੇ-ਛੋਟੇ ਗਮਲਿਆਂ ਵਿੱਚ ਬਹੁਤ ਵੱਡੇ ਤਰ੍ਹਾਂ-ਤਰ੍ਹਾਂ ਦੇ ਫੁੱਲ ਉਗਾਏ ਹੋਏ ਸਨ। ਨਾਲ ਸਬਜ਼ੀਆਂ ਤੇ ਫਲ ਸਨ। ਇੱਥੇ ਅਸੀਂ ਪੰਜਾਬ ਨਾਲੋਂ ਚਾਰ ਗੁਣਾਂ ਵੱਡੇ ਆਕਾਰ ਦੇ ਗੰਢੇ, ਟਮਾਟਰ, ਸੇਬ, ਚੀਕੂ, ਆੜੂ, ਕੀਵੀ ਦੇਖੇ। ਇੱਥੇ ਹੀ ਨੇੜੇ ਇੱਕ ਗੁਫ਼ਾ ਹੌਵੇ ਕੇਵਰਨਜ਼ ਹੈ। ਅਸੀਂ ਇਹ ਬੰਦ ਹੋਣ ਕਾਰਨ ਨਹੀਂ ਵੇਖ ਸਕੇ। ਇੱਥੋਂ ਥੋੜ੍ਹੀ ਦੂਰ 'ਸੀਕਰੇਟ ਕੇਵਰਨ ਤੇ ਵਾਟਰ ਫਾਲ' ਹੈ। ਇਹ ਬਹੁਤ ਹੀ ਡੂੰਘੀ ਤੇ ਲੰਬੀ ਗੁਫ਼ਾ ਹੈ। ਇਸ ਦੀਆਂ ਤਕਰੀਬਨ 130 ਪੌੜੀਆਂ ਸਨ। ਇਹ ਸਾਰੀ ਪੱਥਰਾਂ ਦੀ ਕੁਦਰਤੀ ਬਣੀ ਸੀ। ਇਸ ਦੇ ਵਿਚਕਾਰ ਤੁਰਨ ਲਈ ਬਹੁਤ ਥੋੜ੍ਹੀ ਜਗ੍ਹਾ ਸੀ। ਸਭ ਲਾਈਨ ਵਿੱਚ ਹੌਲੀ-ਹੌਲੀ ਤੁਰ ਰਹੇ ਸਨ। ਇੱਕ ਗਾਈਡ ਕੁੜੀ ਇਸ ਬਾਰੇ ਦੱਸ ਰਹੀ ਸੀ। ਗੁਫ਼ਾ ਵਿੱਚ ਬੱਤੀਆਂ ਵੀ ਲਾਈਆਂ ਹੋਈਆਂ ਸਨ। ਪੌੜੀਆਂ ਖ਼ਤਮ ਹੋਣ ਬਾਅਦ ਸਿੱਧਾ ਰਸਤਾ ਵੀ ਕਾਫ਼ੀ ਲੰਬਾ ਸੀ। ਅਖੀਰ ਵਿੱਚ ਵਾਟਰ ਫਾਲ ਸੀ। ਇਹ ਛੋਟਾ ਜਿਹਾ ਆਬਸ਼ਾਰ ਦੇਖ ਕੇ ਹੈਰਾਨੀ ਹੋਈ। ਇਉਂ ਹੀ ਅਸੀਂ ਫਿਰ ਹੌਲੀ-ਹੌਲੀ ਉੱਪਰ ਨੂੰ ਆਏ। ਬਾਹਰ ਆ ਕੇ ਵਾਪਸ ਘਰ ਵੱਲ ਤੁਰ ਪਏ। ਇਸ ਹਰੇ-ਭਰੇ ਸ਼ਹਿਰ ਦੀਆਂ ਯਾਦਾਂ ਸਦਾ ਸਾਡੇ ਨਾਲ ਰਹਿਣਗੀਆਂ।

**ਜਸਬੀਰ ਕੌਰ**

# ਨਸ਼ਾ ਹਥਿਆਰ ਗੁੱਸਾ ਸਭ ਤੋਂ ਘਾਤਕ



ਸਿਆਣੇ ਕਹਿੰਦੇ ਹਨ ਕਿ ਸੱਟਾਂ ਦੇ ਫੱਟ ਭਰ ਜਾਂਦੇ ਹਨ ਪਰ ਜ਼ਬਾਨ ਦੇ ਫੱਟ ਭਰਨੇ ਔਖੇ ਹਨ। ਤੀਰ ਕਮਾਨੋਂ ਤੇ ਬੋਲ ਜ਼ਬਾਨੋਂ ਨਿਕਲੇ ਵਾਪਸ ਨਹੀਂ ਆਉਂਦੇ। ਕਹਾਵਤ ਹੈ ਕਿ ਗੁੱਸਾ ਅਕਲ ਨੂੰ ਖਾ ਜਾਂਦਾ ਹੈ। ਜਦ ਵਿਅਕਤੀ ਨੂੰ ਗੁੱਸਾ ਆ ਜਾਂਦਾ ਹੈ ਤਾਂ ਉਹ ਇਸ ਨਾਲ ਲਾਲ ਪੀਲਾ ਹੋ ਜਾਂਦਾ ਹੈ। ਫਿਰ ਉਹ ਕਿਸੇ ਨੂੰ ਅਪ ਸ਼ਬਦ ਵੀ ਬੋਲ ਦਿੰਦਾ ਹੈ। ਕਈ ਵਾਰ ਇਹ ਸ਼ਬਦ ਇੰਨੇ ਕੌੜੇ ਹੁੰਦੇ ਹਨ ਕਿ ਮਨਾਂ ਵਿੱਚ ਸਦਾ ਲਈ ਕੁੜੱਤਣ ਭਰੀ ਜਾਂਦੀ ਹੈ। ਗੁੱਸਾ ਵਿਅਕਤੀ ਦੀ ਸ਼ਖ਼ਸੀਅਤ ਨੂੰ ਭ੍ਰਿਸ਼ਟ ਕਰ ਦਿੰਦਾ ਹੈ। ਗੁੱਸੇਖੋਰ ਵਿਅਕਤੀ ਛੇਤੀ ਨਸ਼ੇ 'ਤੇ ਲੱਗ ਜਾਂਦਾ ਹੈ। ਕਈ ਵਾਰ ਵਿਅਕਤੀ ਤਣਾਅ ਮੁਕਤ ਹੋਣ ਲਈ ਨਸ਼ੇ ਦਾ ਸਹਾਰਾ ਲੈਂਦਾ ਹੈ ਪਰ ਬਾਅਦ ਵਿੱਚ ਸਾਰੀ ਉਮਰ ਤਣਾਅ ਵਿੱਚ ਗੁਜ਼ਰਦੀ ਹੈ। ਤਣਾਅ ਵਿਅਕਤੀ ਨੂੰ ਅੰਦਰੋਂ ਅੰਦਰ ਖੋਖਲਾ ਕਰ ਦਿੰਦਾ ਹੈ। ਇਸ ਨਾਲ ਵਿਅਕਤੀ ਅਨੇਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ।

ਨਸ਼ੇ ਸਮਾਜ ਵਿੱਚ ਸਭ ਤੋਂ ਵੱਡੀ ਲਾਹਨਤ ਹਨ। ਇਨ੍ਹਾਂ ਕਰਕੇ ਕਿੰਨੇ ਹੀ ਹੱਸਦੇ ਵਸਦੇ ਘਰ ਉੱਜੜ ਗਏ ਹਨ। ਕਿੰਨਿਆਂ ਹੀ ਸਿਰਾਂ 'ਤੇ ਚਿੱਟੀਆਂ ਚੁੰਨੀਆਂ ਪਸਰ ਗਈਆਂ ਹਨ। ਨਸ਼ਾ ਤਸਕਰ ਸਮਾਜ ਦਾ ਬੇੜਾ ਗਰਕ ਕਰਕੇ ਆਪਣੇ ਘਰ ਚਾਂਦੀ ਦੇ ਬਣਾਉਣ ਦੀ ਸੋਚਦੇ ਹਨ। ਸਵਾਰਥ ਭਰੇ ਯੁੱਗ ਵਿੱਚ ਪ੍ਰਸ਼ਾਸਨ ਅਤੇ ਸਰਕਾਰ ਵੀ ਕੰਨਾਂ 'ਤੇ ਹੱਥ ਧਰ ਬੈਠ ਜਾਂਦੀ ਹੈ, ਜਿਸ ਤੋਂ ਉਸ ਦੀ ਕਾਰਗੁਜ਼ਾਰੀ ਉੱਪਰ ਸ਼ੱਕ ਹੋਣ ਲੱਗਦਾ ਹੈ। ਇਹ ਵੀ ਖਾਦਸ਼ਾ ਬਣਦਾ ਹੈ ਕਿ ਇਸ ਵਿੱਚ ਉਹ ਖੁਦ ਜਾਂ ਉਨ੍ਹਾਂ ਦੇ ਨਜ਼ਦੀਕੀ ਸ਼ਾਮਿਲ ਹੋਣਗੇ, ਜਿਸ ਕਰਕੇ ਉਹ ਇਸ ਨੂੰ ਖਤਮ ਕਰਨ ਲਈ ਯੋਗ ਪੈਮਾਨੇ ਦੀ ਵਰਤੋਂ ਨਹੀਂ ਕਰਦੇ। ਪਰ ਜਦ ਲੋਕਾਂ ਦੀ ਆਵਾਜ਼ ਇਨ੍ਹਾਂ ਦੇ ਕੰਨਾਂ ਦੇ ਪਰਦੇ ਪਾੜਦੀ ਹੈ, ਫਿਰ ਹੀ ਇਹਨਾਂ ਦੇ ਹੱਥ ਕੰਨਾਂ ਤੋਂ ਉੱਠਦੇ ਹਨ। ਫਿਰ ਹੀ ਇਹ ਧਿਰਾਂ ਹਰਕਤ ਵਿੱਚ ਆਉਂਦੀਆਂ ਹਨ। ਮੈਡੀਕਲ ਨਸ਼ਿਆਂ ਦੀ ਮਾਰ ਸਭ ਤੋਂ ਬੁਰੀ ਹੈ, ਜਿਸ ਨੇ ਘਰਾਂ ਦੇ ਘਰ ਖਾਲੀ ਕਰਕੇ ਰੱਖ ਦਿੱਤੇ ਹਨ। ਇਹਨਾਂ ਨਸ਼ਿਆਂ ਨੂੰ ਲੋਕਾਂ ਤਕ ਪਹੁੰਚਾਉਣ ਵਾਲੇ ਅਨਸਰਾਂ ਉੱਤੇ ਜ਼ਰੂਰ ਸਖ਼ਤੀ ਹੋਣੀ ਚਾਹੀਦੀ ਹੈ। ਇਸ ਸਮੱਸਿਆ ਦੀ ਡੂੰਘਾਈ ਨਾਲ ਤਫ਼ਤੀਸ਼ ਹੋਣੀ ਜ਼ਰੂਰੀ ਹੈ।

ਜਦ ਵਿਅਕਤੀ ਨੂੰ ਨਸ਼ੇ ਲਈ ਪੈਸੇ ਨਹੀਂ ਮਿਲਦੇ ਤਾ ਉਹ ਪੁੱਠੇ ਸਿੱਧੇ ਹੱਥਕੰਡੇ ਅਪਣਾਉਂਦਾ ਹੈ। ਨਸ਼ੇੜੀ ਵਿਅਕਤੀ ਦਾ ਸਿਰਫ ਨਸ਼ਿਆਂ ਨਾਲ ਹੀ ਰਿਸ਼ਤਾ ਹੁੰਦਾ ਹੈ, ਬਾਕੀ ਸਭ ਦੁਨੀਆਂ ਦੇ ਰਿਸ਼ਤੇ ਨਾਤੇ ਉਸ ਲਈ ਫਿੱਕੇ ਹੁੰਦੇ ਹਨ। ਨਸ਼ਾ ਨਾ ਮਿਲਣ ਦੀ ਹਾਲਤ ਵਿੱਚ ਉਸ ਨੂੰ ਕਰੋਧ ਬਹੁਤ ਜਲਦੀ ਆਉਂਦਾ ਹੈ। ਇਸ ਕਰੋਧ ਕਰਕੇ ਉਹ ਕਤਲ ਕਰਨ ਤੋਂ ਬਿਲਕੁਲ ਹੀ ਨਹੀਂ ਝਿਜਕਦਾ। ਮਾਂ-ਪਿਓ, ਭੈਣ-ਭਰਾ, ਸਭ ਉਸ ਲਈ ਪਰਾਏ ਹੁੰਦੇ ਹਨ।

ਸਮਾਜ ਦਾ ਬੇੜਾ ਗਰਕ ਕਰਨ ਲਈ ਜਿੱਥੇ ਕ੍ਰੋਧ ਅਤੇ ਨਸ਼ੇ ਜ਼ਿੰਮੇਵਾਰ ਹਨ, ਉੱਥੇ ਹਥਿਆਰ ਵੀ ਘੱਟ ਨਹੀਂ ਹਨ। ਨਿਹੱਥਾ ਵਿਅਕਤੀ ਗੁੱਸੇ ਵਿੱਚ ਬੋਲ ਕਬੋਲ ਹੀ ਕਰ ਸਕਦਾ ਹੈ ਪਰ ਜੇਕਰ ਉਸਦੇ ਹੱਥ ਵਿੱਚ ਹਥਿਆਰ ਹੋਵੇ ਤਾਂ ਗੁੱਸੇ ਦਾ ਉਬਾਲ ਮੌਤ ਜਾਂ ਕਤਲ ਵਿੱਚ ਬਦਲ ਜਾਂਦਾ ਹੈ। ਅਚਨਚੇਤ ਆਇਆ ਗੁੱਸਾ ਅਤੇ ਇਸ ਗੁੱਸੇ ਵਿੱਚ ਲਿਆ ਫ਼ੈਸਲਾ ਬਹੁਤ ਹੀ ਘਾਤਕ ਸਿੱਧ ਹੁੰਦੇ ਹਨ। ਜੇਕਰ ਹੱਥ ਵਿੱਚ ਹਥਿਆਰ ਨਾ ਹੋਵੇ ਜਾਂ ਹਥਿਆਰ ਪਹੁੰਚ ਤੋਂ ਦੂਰ ਹੋਵੇ ਤਾਂ ਵਿਅਕਤੀ ਨੂੰ ਗਲਤ ਕਦਮ ਚੁੱਕਣ ਤੋਂ ਪਹਿਲਾਂ ਕੁਝ ਸਮਾਂ ਸੋਚਣ ਲਈ ਮਿਲ ਜਾਂਦਾ ਹੈ। ਇਸ ਸਮੇਂ ਦਰਮਿਆਨ ਉਸ ਨੂੰ ਕੋਈ ਸਮਝਾ ਵੀ ਸਕਦਾ ਹੈ, ਜਿਸ ਕਰਕੇ ਉਸਦੇ ਗੁੱਸੇ ਦੀ ਜਵਾਲਾ ਠੰਢੀ ਹੋ ਸਕਦੀ ਹੈ। ਫਿਰ ਉਹ ਵਿਅਕਤੀ ਖ਼ੁਦ ਵੀ ਇਸ ਸਥਿਤੀ ਵਿੱਚੋਂ ਬਾਹਰ ਨਿਕਲਣ ਬਾਰੇ ਸੋਚ ਸਕਦਾ ਹੈ।

ਹਥਿਆਰ ਰੱਖਣ ਨੂੰ ਵਧੇਰੇ ਵਿਅਕਤੀ ਆਪਣਾ ਸ਼ੌਕ ਸਮਝਦੇ ਹਨ ਪਰ ਇਹ ਸ਼ੌਕ ਕੁੱਝ ਥਾਵਾਂ 'ਤੇ ਬਹੁਤ ਘਾਤਕ ਸਿੱਧ ਹੋ ਚੁੱਕਾ। ਗਾਇਕਾਂ ਨੂੰ ਵੀ ਲੋਕਾਂ ਨੂੰ ਸੇਧ ਦੇਣ ਵਾਲੇ ਹੀ ਗੀਤ ਗਾਉਣੇ ਚਾਹੀਦੇ ਹਨ। ਸਮਾਜ ਦਾ ਬੇੜਾ ਗਰਕ ਕਰਨ ਵਾਲੇ ਗੀਤਾਂ 'ਤੇ ਰੋਕ ਲੱਗਣੀ ਚਾਹੀਦੀ ਹੈ ਕਿਉਂਕਿ ਨੌਜਵਾਨ ਪੀੜ੍ਹੀ ਉੱਪਰ ਗੀਤਾਂ ਦਾ ਅਸਰ ਬਹੁਤ ਜਲਦੀ ਹੁੰਦਾ ਹੈ। ਇਨ੍ਹਾਂ ਖਤਰਨਾਕ ਨਤੀਜਿਆਂ ਤੋਂ ਇਲਾਵਾ ਗੁੱਸਾ ਸੌ ਬੀਮਾਰੀਆਂ ਨੂੰ ਜਨਮ ਦਿੰਦਾ ਹੈ। ਅੱਜ ਹਾਰਟ ਅਟੈਕ, ਟੈਨਸ਼ਨ, ਸਿਰਦਰਦ, ਸਰੀਰਕ ਕਮਜ਼ੋਰੀ ਆਦਿ ਬਿਮਾਰੀਆਂ ਦੀ ਜੜ੍ਹ ਹੀ ਉਪਰੋਕਤ ਕਾਰਨ ਹਨ। ਸਰੀਰਕ ਅਤੇ ਮਾਨਸਿਕ ਰੂਪ ਵਿੱਚ ਬਿਮਾਰ ਆਦਮੀ ਆਪਣੀ ਜ਼ਿੰਦਗੀ ਤੋਂ ਜਲਦੀ ਹੀ ਅੱਕ ਜਾਂਦਾ ਹੈ।

ਕੁਦਰਤ ਨੇ ਸਾਨੂੰ ਕਿੰਨੀ ਸੋਹਣੀ ਕਾਇਆ ਦਿੱਤੀ ਹੈ। ਬੁਰੇ ਕੰਮਾਂ ਤੋਂ ਬਚ ਕੇ ਰਹਿਣਾ ਹੀ ਮਨੁੱਖ ਦੀ ਸੂਝਵਾਨਤਾ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਬੇਫਿਕਰ ਹੋ ਕੇ ਖੁੱਲ੍ਹਦਿਲੀ ਨਾਲ ਆਪਣੀ ਜ਼ਿੰਦਗੀ ਬਤੀਤ ਕਰੇ। ਪਰ ਅਸੀਂ ਕਿਸ ਪਾਸੇ ਵੱਲ ਹੋ ਤੁਰੇ ਹਾਂ। ਅਸੀਂ ਤਾਂ ਕੁਦਰਤ ਦਾ ਉਜਾੜਾ ਕਰਨ ਲੱਗ ਪਏ ਹਾਂ। ਵਾਤਾਵਰਨ ਨੂੰ ਦੂਸਿਤ ਕਰਨ ਲੱਗੇ ਹੋਏ ਹਾਂ। ਕੁਦਰਤ ਦੀ ਕਾਇਆ ਦੀ ਕਦਰ ਭੁਲਾ ਦਿੱਤੀ ਹੈ। ਸਭ ਕੁਝ ਸਮਝਦੇ ਹੋਏ ਵੀ ਆਪਣੇ ਸਰੀਰ ਦੇ ਸਕੇ ਨਹੀਂ ਹਾਂ। ਅਸੀਂ ਇਸ ਦਾ ਲਗਾਤਾਰ ਉਜਾੜਾ ਕਰ ਰਹੇ ਹਾਂ। ਜੇਕਰ ਕੋਈ ਰੋਕਣ ਜਾਂ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸਾਡੇ ਜ਼ਿਹਨ ਵਿੱਚ ਉਸ ਪ੍ਰਤੀ ਗੁੱਸਾ ਭਾਰੂ ਹੋ ਜਾਂਦਾ ਹੈ, ਨਫ਼ਰਤ ਪੈਦਾ ਹੋ ਜਾਂਦੀ ਹੈ। ਉਸ ਬਾਰੇ ਖਾਹ-ਮਖਾਹ ਸੋਚਦੇ ਅੰਦਰੋਂ ਰਿੱਝਦੇ ਰਹਿੰਦੇ ਹਾਂ, ਜਿਸ ਤੋਂ ਬਾਅਦ ਫਿਰ ਉਹੀ ਮਾਨਸਿਕ ਤਣਾਅ ਅਤੇ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ। ਸਰੀਰਕ ਅਤੇ ਮਾਨਸਿਕ ਤੌਰ 'ਤੇ ਬੀਮਾਰ ਵਿਅਕਤੀ ਜ਼ਿੰਦਗੀ ਦੇ ਹਸੀਨ ਪਲ ਗੁਜ਼ਾਰਨ ਤੋਂ ਵਾਂਝਾ ਹੋ ਕੇ ਰਹਿ ਜਾਂਦਾ ਹੈ। ਰੱਬ ਦਾ ਭਾਣਾ ਸਮਝ ਕੇ ਸਭ ਸਹਿਣ ਕਰਦਾ ਰਹਿੰਦਾ ਹੈ। ਦੱਸੋ, ਜਦ ਇਸਦੇ ਅਸੀਂ ਖੁਦ ਜ਼ਿੰਮੇਵਾਰ ਹਾਂ ਤਾਂ ਰੱਬ ਕੀ ਕਰੇ? ਕੁਦਰਤ ਦੀ, ਕਾਦਰ ਦੀ, ਕਦਰ ਕਰਕੇ ਹੀ ਇਨ੍ਹਾਂ ਅਲਾਮਤਾਂ ਤੋਂ ਖਹਿੜਾ ਛੁਡਾਇਆ ਜਾ ਸਕਦਾ ਹੈ। ਬਿਮਾਰੀਆਂ ਅਤੇ ਵੈਰ ਰਹਿਤ ਹੁਸੀਨ ਜ਼ਿੰਦਗੀ ਬਤੀਤ ਕੀਤੀ ਜਾ ਸਕਦੀ ਹੈ। ਇਹੀ ਆਪਸੀ ਭਾਈਚਾਰੇ ਦੀ ਸਾਂਝ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਦਾ ਸਹੀ ਤਰੀਕਾ ਹੈ।

-ਤਰਸੇਮ ਲੰਡੇ

# ਭਾਰਤ 'ਚ ਵੱਧ ਰਹੇ ਬਲਾਤਕਾਰ ਅਤੇ ਔਰਤਾਂ ਦੀ ਸੁਰੱਖਿਆ!



ਭਾਰਤ 'ਚ ਛੋਟੀ ਉਮਰ ਦੀਆਂ ਬਚੀਆਂ ਨਾਲ ਬਲਾਤਕਾਰ ਹੋ ਰਹੇ ਹਨ। ਬਲਾਤਕਾਰ ਉਪਰੰਤ ਲੜਕੀਆਂ, ਔਰਤਾਂ ਦੀਆਂ ਹਤਿਆਵਾਂ ਹੋ ਰਹੀਆਂ ਹਨ। ਸਮਾਜ ਵਿਚ ਵਧ ਰਹੇ ਇਸ ਪਸ਼ੂ-ਪੁਣੇ ਦਾ ਇਸ ਤੋਂ ਵਡਾ ਕੋਈ ਹੋਰ ਸਬੂਤ ਹੋ ਸਕਦਾ ਹੈ?

ਆਉ ਬਲਾਤਕਾਰ ਦੇ ਅੰਕੜਿਆਂ ਉਤੇ ਇੱਕ ਝਾਤ ਮਾਰੀਏ। ਦੇਸ਼ ਵਿਚ ਸਾਲਾਨਾ 35 ਤੋਂ 36 ਹਜ਼ਾਰ ਦੇ ਲੱਗਭੱਗ ਬਲਾਤਕਾਰ ਹੁੰਦੇ ਹਨ। ਬਲਾਤਕਾਰ ਦਾ ਸ਼ਿਕਾਰ ਆਮ ਤੌਰ 'ਤੇ 18 ਤੋਂ 30 ਵਰ੍ਹਿਆਂ ਦੀਆਂ ਔਰਤਾਂ ਹੋ ਰਹੀਆਂ ਹਨ। ਔਰਤਾਂ 'ਚ ਅਸੁਰਖਿਆ ਦੀ ਭਾਵਨਾ ਵਧ ਰਹੀ ਹੈ। ਰਾਤ-ਬਰਾਤੇ ਔਰਤਾਂ ਘਰੋਂ ਬਾਹਰ ਜਾਣ ਤੋਂ ਸੰਕੋਚ ਕਰਦੀਆਂ ਹਨ, ਡਰਦੀਆਂ ਹਨ। ਕਈ ਹਾਲਤਾਂ 'ਚ ਤਾਂ ਇਕਲੀਆਂ ਲੜਕੀਆਂ, ਔਰਤਾਂ ਵੀ ਘਰ ਵਿਚ ਸੁਰਖਿਅਤ ਨਹੀਂ। ਉਹਨਾਂ ਨਾਲ ਛੇੜ-ਛਾੜ, ਬਲਾਤਕਾਰ ਦੀਆਂ ਘਟਨਾਵਾਂ ਉਹਨਾਂ ਦੇ ਆਪਣੇ ਨਜ਼ਦੀਕੀਆਂ, ਜਾਣੂਆਂ, ਰਿਸ਼ਤੇਦਾਰਾਂ ਵੱਲੋਂ ਹੀ ਕੀਤੇ ਜਾਣ ਦੀਆਂ ਰਿਪੋਰਟਾਂ ਮਿਲਦੀਆਂ ਹਨ। ਇੱਕ ਰਿਪੋਰਟ ਅਨੁਸਾਰ ਬਲਾਤਕਾਰ ਦੀਆਂ ਘਟਨਾਵਾਂ 'ਚ ਲਿਪਤ ਮਰਦ 90 ਪ੍ਰਤੀਸ਼ਤ ਔਰਤਾਂ ਦੇ ਜਾਣੂ, ਰਿਸ਼ਤੇਦਾਰ ਜਾਂ ਨਜ਼ਦੀਕੀ ਪਾਏ ਗਏ ਹਨ। ਜੇਕਰ ਸਰਕਾਰੀ ਅੰਕੜਿਆਂ ਨੂੰ ਸਹੀ ਮੰਨ ਲਿਆ ਜਾਵੇ ਤਾਂ ਸਾਲ 2014 ਵਿਚ ਕੁੱਲ 3,29,243 ਅਤੇ 2016 ਵਿਚ 3,38,954 ਔਰਤਾਂ ਨਾਲ ਅਪਰਾਧ ਦੇ ਮਾਮਲੇ ਦਰਜ ਹੋਏ ਹਨ, ਪਰ ਔਰਤਾਂ ਨਾਲ ਅਪਰਾਧਾਂ ਦੇ ਮਾਮਲੇ ਦੇਸ਼ ਵਿਚ ਇਸ ਤੋਂ ਵੀ ਕਿਧਰੇ ਵਧ ਹਨ ਕਿਉਂਕਿ ਬਹੁਤੀਆਂ ਬਲਾਤਕਾਰ ਤੇ ਜਿਨਸੀ ਛੇੜ-ਛਾੜ ਦੀਆਂ ਘਟਨਾਵਾਂ ਤਾਂ ਪੁਲਸ ਥਾਣਿਆਂ ਵਿਚ ਦਰਜ ਹੀ ਨਹੀਂ ਹੁੰਦੀਆਂ। ਇਨ੍ਹਾਂ ਵਿਚ ਬਹੁ-ਗਿਣਤੀ ਪੇਂਡੂ ਖੇਤਰਾਂ ਵਿਚ ਵਾਪਰੀਆਂ ਘਟਨਾਵਾਂ ਦੀ ਹੈ, ਜਿੱਥੇ ਔਰਤਾਂ ਸ਼ਹਿਰੀ ਔਰਤਾਂ ਦੇ ਮੁਕਾਬਲੇ ਜ਼ਿਆਦਾ ਅਸੁਰਖਿਅਤ ਹਨ। ਉਨ੍ਹਾਂ ਦਾ ਜਿਨਸੀ ਸ਼ੋਸ਼ਣ ਤਾਂ ਹੁੰਦਾ ਹੀ ਹੈ, ਘਰੇਲੂ ਕੁਟ-ਮਾਰ, ਵਿਤਕਰੇ ਦੀਆਂ ਘਟਨਾਵਾਂ ਵੀ ਵਧ ਵਾਪਰਦੀਆਂ ਹਨ। ਉਹਨਾਂ ਦੇ ਪਤੀ, ਸੁਹਰੇ ਪਰਵਾਰ ਵੱਲੋਂ ਉਨ੍ਹਾਂ ਨਾਲ ਅਣ-ਮਨੁਖੀ ਵਰਤਾਰੇ ਦੀਆਂ ਘਟਨਾਵਾਂ ਆਮ ਹਨ। ਇਨ੍ਹਾਂ ਵਿਚ ਉਹਨਾਂ ਦੇ ਪੇਟ ਵਿਚ ਪਲ ਰਹੀਆਂ ਲੜਕੀਆਂ ਦਾ ਗਰਭਪਾਤ, ਦਾਜ-ਦਹੇਜ ਕਾਰਨ ਕੁਟ-ਮਾਰ ਅਤੇ ਸਟੋਵ, ਗੈਸ ਨਾਲ ਉਹਨਾਂ ਨੂੰ ਸਾੜਨਾ ਅਤੇ ਸਮਾਜ ਵਿਚ ਲੜਕੀਆਂ ਨੂੰ ਲੜਕਿਆਂ ਅਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਕਿਸੇ ਵੀ ਤਰ੍ਹਾਂ ਦੇ ਹਕ ਨਾ ਦੇਣਾ ਸ਼ਾਮਲ ਹੈ। ਭੈੜੇ, ਕੋਝੇ, ਅਣਮਨੁਖੀ ਵਰਤਾਰੇ ਕਾਰਨ ਔਰਤ ਘਰ ਵਿਚ ਵੀ ਅਤੇ ਘਰੋਂ ਬਾਹਰ ਵੀ ਅਣਸੁਰਖਿਅਤ ਮਹਿਸੂਸ ਕਰਦੀ ਹੈ।

ਥਾਮਸਨ ਰੂਟਿਰਸ ਫਾਊਂਡੇਸ਼ਨ ਨੇ ਇਕ ਰਿਪੋਰਟ ਛਾਪੀ ਹੈ, ਜਿਸ ਦਾ ਭਾਰਤ ਸਰਕਾਰ ਨੇ ਖੰਡਨ ਕੀਤਾ ਹੈ। ਰਿਪੋਰਟ ਕਹਿੰਦੀ ਹੈ ਕਿ ਭਾਰਤ ਔਰਤਾਂ ਲਈ ਦੁਨੀਆ ਦਾ ਸਭ ਤੋਂ ਵਧ ਖ਼ਤਰਨਾਕ ਦੇਸ਼ ਹੈ। ਜਿਨ੍ਹਾਂ ਬਿੰਦੂਆਂ ਉਤੇ ਆਧਾਰਤ ਇਸ ਫਾਊਂਡੇਸ਼ਨ ਨੇ ਸਰਵੇ ਕੀਤਾ ਹੈ ਅਤੇ ਰਿਪੋਰਟ ਤਿਆਰ ਕੀਤੀ ਹੈ, ਉਸ ਨੂੰ ਅਖੋਂ-ਪਰੋਖੇ ਕਰਨਾ ਕੀ ਸੰਭਵ ਹੈ?

ਰਿਪੋਰਟ ਵਿਚ ਪਹਿਲਾ ਬਿੰਦੂ, ਜਿਸ ਬਾਰੇ ਸਰਵੇਖਣ ਕੀਤਾ ਗਿਆ ਹੈ, ਇਹ ਹੈ ਕਿ ਭਾਰਤੀ ਸਮਾਜ ਵਿਚ ਔਰਤਾਂ ਦੀ ਸਿਹਤ ਕਿਹੋ ਜਿਹੀ ਹੈ? ਸਿਹਤ ਦਾ ਮਨੁਖੀ ਜੀਵਨ ਪਧਰ ਨਾਲ ਗਹਿਰਾ ਰਿਸ਼ਤਾ ਹੈ। ਜੇਕਰ ਔਰਤਾਂ ਦੀ ਸਿਹਤ ਚੰਗੀ ਹੈ ਤਾਂ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਮਾਜ ਦਾ ਜੀਵਨ ਪਧਰ ਉਚਾ ਹੈ। ਬਿਹਤਰ ਜੀਵਨ ਪੱਧਰ ਅਪਰਾਧਾਂ ਨੂੰ ਘਟ ਕਰਦਾ ਹੈ। ਭਾਰਤ ਵਿਚ ਲੜਕੀਆਂ, ਔਰਤਾਂ ਦੀ ਸਿਹਤ ਵਲ ਵਿਸ਼ੇਸ਼ ਧਿਆਨ ਨਹੀਂ ਦਿਤਾ ਜਾਂਦਾ। ਲੜਕੀ ਦੇ ਕੁਖ 'ਚ ਕਤਲ ਦੀਆਂ ਘਟਨਾਵਾਂ ਆਮ ਹਨ। ਗਰਭਵਤੀ ਔਰਤਾਂ ਨੂੰ ਸਹੀ ਖ਼ੁਰਾਕ ਨਾ ਮਿਲਣ ਕਾਰਨ ਗਰਭਪਾਤ ਦੀਆਂ ਘਟਨਾਵਾਂ ਵਾਪਰਦੀਆਂ ਹਨ। ਜੱਚਾ-ਬਚਾ ਲਈ ਸਰਕਾਰੀ ਸਕੀਮਾਂ ਤਾਂ ਬਹੁਤ ਹਨ, ਪਰ ਆਮ ਔਰਤਾਂ ਇਹਨਾਂ ਸਕੀਮਾਂ ਦੀ ਪਹੁੰਚ ਤੋਂ ਦੂਰ ਹਨ। ਇੱਕ ਸਰਕਾਰੀ ਰਿਪੋਰਟ ਅਨੁਸਾਰ 75 ਫ਼ੀਸਦੀ ਗਰਭਵਤੀ ਔਰਤਾਂ ਚੰਗੀ ਖ਼ੁਰਾਕ ਨਾ ਮਿਲਣ ਕਾਰਨ ਖ਼ੂਨ ਦੀ ਕਮੀ ਦਾ ਸ਼ਿਕਾਰ ਰਹਿੰਦੀਆਂ ਹਨ। ਏਡਜ਼ ਦੀ ਬੀਮਾਰੀ ਤੋਂ ਪੀੜਤ ਕੁੱਲ ਵਿੱਚੋਂ 40 ਫ਼ੀਸਦੀ ਤੋਂ ਵਧ ਔਰਤਾਂ ਹਨ। ਛਾਤੀ ਦਾ ਕੈਂਸਰ ਔਰਤਾਂ 'ਚ ਲਗਾਤਾਰ ਵਧ ਰਿਹਾ ਹੈ।

ਔਰਤਾਂ ਦੀ ਸੁਰਖਿਆ ਰਿਪੋਰਟ ਦਾ ਦੂਜਾ ਕੇਂਦਰ ਬਿੰਦੂ ਆਰਥਕ ਮਾਮਲਿਆਂ ਵਿਚ ਔਰਤਾਂ ਨਾਲ ਭੇਦ-ਭਾਵ ਹੈ, ਵਿਤਕਰਾ ਹੈ। ਯੂਨਾਈਟਿਡ ਨੇਸ਼ਨਜ਼ ਦੀ ਇਕ ਰਿਪੋਰਟ ਅਨੁਸਾਰ 187 ਦੇਸ਼ਾਂ ਵਿਚ ਔਰਤਾਂ ਨਾਲ ਆਰਥਿਕ ਮਾਮਲਿਆਂ 'ਚ ਭੇਦ-ਭਾਵ ਪੱਖੋਂ ਭਾਰਤ ਦਾ 137ਵਾਂ ਥਾਂ ਹੈ। ਭਾਰਤ ਵਿਚ ਹਾਲੇ ਵੀ ਕਈ ਖੇਤਰਾਂ, ਖ਼ਾਸ ਕਰ ਕੇ ਗ਼ੈਰ-ਜਥੇਬੰਦ ਖੇਤਰਾਂ 'ਚ ਔਰਤਾਂ ਨੂੰ ਮਰਦਾਂ ਬਰਾਬਰ ਤਨਖ਼ਾਹ ਨਹੀਂ ਮਿਲਦੀ। ਘਰ ਦਾ ਮਾਲਕ ਆਮ ਤੌਰ 'ਤੇ ਮਰਦ ਨੂੰ ਗਿਣਿਆ ਜਾਂਦਾ ਹੈ। ਘਰ ਦੀ ਜ਼ਮੀਨ-ਜਾਇਦਾਦ ਉਸੇ ਦੇ ਨਾਮ ਰਹਿੰਦੀ ਹੈ। ਕਮਾਊ ਦੇ ਤੌਰ 'ਤੇ ਪੁਤ ਦਾ ਨਾਮ ਗਿਣਿਆ ਜਾਂਦਾ ਹੈ, ਹਾਲਾਂਕਿ ਇਸ ਸਮੇਂ ਲੜਕੀਆਂ ਵੀ ਵਖੋ-ਵਖ ਖੇਤਰਾਂ 'ਚ ਨੌਕਰੀਆਂ ਕਰਨ ਲਗੀਆਂ ਹਨ, ਪਰ ਸਮਾਜ ਵਿਸ਼ੇਸ਼ ਦੇ ਰੀਤੀ-ਰਿਵਾਜਾਂ ਵਿਚ ਔਰਤਾਂ ਨੂੰ ਕਿੰਨੀ ਕੁ ਬਰਾਬਰੀ ਮਿਲੀ ਹੋਈ ਹੈ? ਰੀਤੀ-ਰਿਵਾਜ ਘਰ ਅਤੇ ਸਮਾਜਕ ਸੱਭਿਆਚਾਰ ਨੂੰ ਦਰਸਾਉਂਦੇ ਹਨ। ਭਰਾ ਦੇ ਗੁਟ 'ਤੇ ਬੰਨ੍ਹੀ ਰਖੜੀ ਪਿਆਰ ਨਾਲੋਂ ਵਧ ਭੈਣ ਵੱਲੋਂ ਭਰਾ ਤੋਂ ਸੁਰਖਿਆ ਮੰਗਣ ਦਾ ਸਾਧਨ ਮੰਨੀ ਜਾਂਦੀ ਹੈ। ਲੜਕੀ, ਲੜਕੇ ਜਾਂ ਔਰਤ ਨਾਲ ਘਰ ਜਾਂ ਸਮਾਜ ਵਿਚ ਵਿਤਕਰਾ ਵੇਖਣ ਨੂੰ ਮਿਲਦਾ ਹੈ। ਜੇਕਰ ਹਕ ਬਰਾਬਰ ਹੋਣ ਤਾਂ ਫਿਰ ਸਮਾਜ ਵਿਚ ਔਰਤ ਮਰਦ ਦੇ ਬਰਾਬਰ ਦਾ ਸਹਿ-ਕਰਮੀ ਹੈ।


ਸਮਾਜ ਵਿਚ ਜਿਨਸੀ ਸ਼ੋਸ਼ਣ ਦੇ ਵਧ ਰਹੇ ਮਾਮਲੇ ਔਰਤਾਂ ਦੀ ਸੁਰਖਿਆ ਦੀ ਕੋਝੀ ਤਸਵੀਰ ਪੇਸ਼ ਕਰਦੇ ਹਨ। ਔਰਤਾਂ ਨਾਲ ਜਿਨਸੀ ਸ਼ੋਸ਼ਣ ਹੁੰਦਾ ਹੈ, ਬਲਾਤਕਾਰ ਹੁੰਦਾ ਹੈ, ਔਰਤਾਂ ਦਾ ਦੇਹ ਵਪਾਰ ਕੀਤਾ ਜਾਂਦਾ ਹੈ, ਉਹਨਾਂ ਨੂੰ ਅਗਵਾ ਕੀਤਾ ਜਾਂਦਾ ਹੈ। ਇਹ ਘਟਨਾਵਾਂ ਦੇਸ਼ ਵਿਚ ਲਗਾਤਾਰ ਵਧ ਰਹੀਆਂ ਹਨ। ਛੋਟੀਆਂ ਬਚੀਆਂ ਨਾਲ ਸਮੂਹਿਕ ਬਲਾਤਕਾਰ ਦੀਆਂ ਘਟਨਾਵਾਂ ਨਾਲ ਦੇਸ਼-ਕੌਮ ਦਾ ਸਿਰ ਸ਼ਰਮ ਨਾਲ ਝੁਕਿਆ ਹੈ। ਦੁਨੀਆ ਵਿਚ ਦੇਸ਼ ਦਾ ਅਕਸ ਖ਼ਰਾਬ ਹੋਇਆ ਹੈ। ਇਹ ਘਟਨਾਵਾਂ ਕੀ ਦੁਨੀਆ ਦੇ ਸਭ ਤੋਂ ਵਡੇ ਲੋਕਤੰਤਰ ਦੇ ਮਥੇ ਉਤੇ ਕਲੰਕ ਨਹੀਂ ਹਨ?

ਬਲਾਤਕਾਰ ਦੀਆਂ ਵਧ ਰਹੀਆਂ ਘਟਨਾਵਾਂ ਦੇਸ਼ ਦੇ ਸੱਭਿਅਕ ਨਾਗਰਿਕਾਂ ਲਈ ਚਿੰਤਾ ਦਾ ਵਿਸ਼ਾ ਹਨ। ਸ਼ਹਿਰਾਂ ਤੋਂ ਲੈ ਕੇ ਪਿੰਡਾਂ ਤਕ ਗ਼ੈਰ-ਬਰਾਬਰੀ ਦਾ ਜਿਸ ਕਿਸਮ ਦਾ ਸਮਾਜ ਬਣ ਰਿਹਾ ਹੈ, ਉਸ ਵਿਚ ਪਸ਼ੂਪੁਣੇ ਉਤੇ ਕਾਬੂ ਪਾਉਣ ਦੇ ਬੰਧਨ ਟੁਟ ਰਹੇ ਹਨ। ਪਿੰਡਾਂ ਦੇ ਥਾਣਿਆਂ ਵਿਚ ਕਨੂੰਨ ਦੀ ਪਾਲਣਾ ਘਟ ਹੋ ਰਹੀ ਹੈ ਅਤੇ ਉਥੇ ਪ੍ਰਭਾਵੀ ਲੋਕਾਂ ਦਾ 'ਚਲੋ ਛਡੋ, ਪਾਉ ਮਿਟੀ' ਵਾਲਾ ਕਾਰਕ ਅਸਰਦਾਇਕ ਹੋ ਰਿਹਾ ਹੈ। ਇਹੋ ਜਿਹੇ ਹਾਲਾਤ ਵਿਚ ਕੀ ਬਲਾਤਕਾਰ ਦੀਆਂ ਘਟਨਾਵਾਂ ਅਤੇ ਜਿਨਸੀ ਹਿੰਸਾ ਨੂੰ ਸਿਰਫ਼ ਕਨੂੰਨ ਬਣਾ ਕੇ ਖ਼ਤਮ ਕੀਤਾ ਜਾ ਸਕਦਾ ਹੈ?

ਸਰਕਾਰ ਨੇ ਬਾਰਾਂ ਸਾਲ ਦੀਆਂ ਬਚੀਆਂ ਨਾਲ ਬਲਾਤਕਾਰ ਕਰਨ ਵਾਲੇ ਨੂੰ ਮੌਤ ਦੀ ਸਜ਼ਾ ਦੇਣ ਦਾ ਕਨੂੰਨ ਪਾਸ ਕਰ ਦਿਤਾ ਹੈ, ਪਰ ਕੀ ਸਖ਼ਤ ਸਜ਼ਾਵਾਂ ਨਾਲ ਬਲਾਤਕਾਰ ਰੁਕ ਸਕਣਗੇ? ਜਿਨਸੀ ਸ਼ੋਸ਼ਣ ਦਾ ਵਰਤਾਰਾ ਖ਼ਤਮ ਹੋ ਸਕੇਗਾ? ਸਰਕਾਰ ਨੂੰ ਇਹ ਗਲ ਮੰਨ ਕੇ ਚੱਲਣਾ ਹੋਵੇਗਾ ਕਿ ਦੇਸ਼ ਵਿਚ ਔਰਤਾਂ ਦੇ ਮਨਾਂ 'ਚ ਅਸੁਰਖਿਆ ਦੀ ਭਾਵਨਾ ਵਧ ਰਹੀ ਹੈ। ਬਿਲਕੁਲ ਉਵੇਂ ਹੀ, ਜਿਵੇਂ ਦੇਸ਼ 'ਚ ਘਟ-ਗਿਣਤੀ ਲੋਕਾਂ ਦੇ ਮਨਾਂ 'ਚ ਅਸੁਰਖਿਆ ਵਧ ਰਹੀ ਹੈ। ਔਰਤਾਂ ਦੀ ਸੁਰਖਿਆ ਲਈ ਉਹਨਾਂ ਦੀ ਚੰਗੀ ਸਿਹਤ, ਬਰਾਬਰ ਦੇ ਹਕਾਂ, ਆਰਥਿਕ ਆਜ਼ਾਦੀ ਲਈ ਵਿਸ਼ੇਸ਼ ਉਪਰਾਲੇ ਕਰਨੇ ਹੀ ਪੈਣਗੇ। ਬਲਾਤਕਾਰਾਂ, ਅਗਵਾ, ਦੇਹ ਵਪਾਰ ਦੇ ਵਰਤਾਰੇ ਦੀ ਰੋਕਥਾਮ ਦੇ ਕਾਰਜ ਨੂੰ ਸਿਰਫ਼ ਸਰਕਾਰੀ ਯਤਨਾਂ ਉਤੇ ਨਹੀਂ ਛਡਿਆ ਜਾ ਸਕਦਾ, ਸਮਾਜ ਸੁਧਾਰਕਾਂ, ਬੁਧੀਜੀਵੀਆਂ, ਮਨੋਚਕਿਤਸਕਾਂ, ਸਾਹਿਤਕਾਰਾਂ ਨੂੰ ਸਿਰ ਜੋੜ ਕੇ ਇਸ ਸਮਾਜਕ ਕੋਹੜ ਨੂੰ ਖ਼ਤਮ ਕਰਨ ਲਈ ਯਤਨ ਕਰਨੇ ਪੈਣਗੇ।

- ਗੁਰਮੀਤ ਸਿੰਘ ਪਲਾਹੀ

NYC | CENSUS 2020



# Live in the basement? Yes, the census is for you.

Your answers cannot be shared with your landlord, ICE, or any law enforcement agency.

You don't need a paper form.

My2020census.gov 1-844-330-2020

## ਪੇਟ ਸਾਫ ਰੱਖਣ ਲਈ ਕਰੋ ਇਸ ਭੋਜਨ ਦੀ ਵਰਤੋਂ



ਜ਼ਿਆਦਾਤਰ ਲੋਕਾਂ ਨੂੰ ਪੇਟ ਸਾਫ ਨਾ ਹੋਣ ਦੀ ਸ਼ਕਾਇਤ ਹੁੰਦੀ ਹੈ। ਜੇਕਰ ਸਵੇਰੇ ਪੇਟ ਨਾ ਸਾਫ ਹੋਵੇ ਤਾਂ ਸਾਰਾ ਦਿਨ ਬੇਕਾਰ ਅਤੇ ਸੁਸਤੀ ਭਰਿਆ ਨਿਕਲਦਾ ਹੈ ਅਤੇ ਸਾਰਾ ਦਿਨ ਕੁਝ ਖਾਣ ਨੂੰ ਵੀ ਦਿਲ ਨਹੀਂ ਕਰਦਾ। ਜੇਕਰ ਤੁਸੀਂ ਵੀ ਸਵੇਰੇ ਪੇਟ ਸਾਫ ਨਾ ਹੋਣ ਕਾਰਨ ਪਰੇਸ਼ਾਨ ਹੋ ਤਾਂ ਤੁਸੀਂ ਆਪਣੀਆਂ ਕੁਝ ਆਦਤਾਂ ਅਤੇ ਭੋਜਨ 'ਚ ਬਦਲਾਅ ਕਰਕੇ ਇਸ ਪਰੇਸ਼ਾਨੀ ਤੋਂ ਬਚ ਸਕਦੇ ਹੋ। ਅੱਜ ਅਸੀਂ ਤੁਹਾਨੂੰ ਕੁਝ ਇਸ ਤਰ੍ਹਾਂ ਦੇ ਭੋਜਨ ਦੇ ਬਾਰੇ ਹੀ ਦੱਸਣ ਜਾ ਰਹੇ ਹਾਂ, ਜਿਨ੍ਹਾਂ ਦੀ ਰੋਜ਼ ਸਵੇਰੇ ਵਰਤੋਂ ਕਰਨੀ ਚਾਹੀਦੀ ਹੈ। ਜਿਸ ਨਾਲ ਪੇਟ ਸਾਫ ਰਹਿੰਦਾ ਹੈ। ਆਓ ਜਾਣਦੇ ਹਾਂ ਇਸ ਭੋਜਨ ਦੇ ਬਾਰੇ

ਕਹਿੰਦੇ ਹਨ ਕਿ ਸਾਰੀਆਂ ਬੀਮਾਰੀਆਂ ਦੀ ਇਕ ਦਵਾ ਹੈ ਪਾਣੀ। ਜਦ ਕਿ ਇਹ ਕੋਈ ਆਹਾਰ ਨਹੀਂ ਹੈ ਪਰ ਰੋਜ਼ਨਾ ਸਵੇਰੇ ਪਾਣੀ ਪੀਣ ਨਾਲ ਪੇਟ ਤਾਂ ਸਾਫ ਹੁੰਦਾ ਹੀ ਹੈ ਨਾਲ ਹੀ ਸਿਹਤ ਸੰਬੰਧੀ ਬਹੁਤ ਸਾਰੀਆਂ ਸਮੱਸਿਆਵਾਂ ਵੀ ਦੂਰ ਹੁੰਦੀਆਂ ਹਨ।

ਨਿੰਬੂ ਖਾਣ ਨਾਲ ਨਾ ਕੇਵਲ ਪੇਟ ਹੀ ਸਾਫ ਰਹਿੰਦਾ ਨਾਲ ਹੀ ਇਸ ਦੀ ਵਰਤੋਂ ਨਾਲ ਪੇਟ ਸੰਬੰਧੀ ਬਹੁਤ ਸਾਰੀਆਂ ਬੀਮਾਰੀਆਂ ਵੀ ਦੂਰ ਹੁੰਦੀਆਂ ਹਨ। ਇਸ ਲਈ ਰੋਜ਼ ਸਵੇਰੇ ਸੰਤਰਾ, ਅੰਗੂਰ ਅਤੇ ਨਿੰਬੂ ਆਦਿ ਫਲਾਂ ਦੀ ਵਰਤੋਂ ਜ਼ਰੂਰ ਕਰੋ। ਉਂਝ ਤਾਂ ਸੌਂਫ ਨੂੰ ਮਸਾਲੇ ਦੇ ਰੂਪ 'ਚ ਇਸਤੇਮਾਲ ਕੀਤਾ ਜਾਂਦਾ ਹੈ ਪਰ ਸੌਂਫ ਨੂੰ ਪੀਸ ਕੇ ਰੋਜ਼ ਸਵੇਰੇ ਪਾਣੀ ਦੇ ਨਾਲ ਖਾਣ ਨਾਲ ਪੇਟ ਸੰਬੰਧੀ ਕਈ ਬੀਮਾਰੀਆਂ ਦੂਰ ਹੁੰਦੀਆਂ ਹਨ। ਬਦਹਜ਼ਮੀ ਹੋਣ ਸਮੇਂ ਸੌਂਫ ਨੂੰ ਉਬਾਲ ਕੇ ਛਾਣ ਕੇ ਕੋਸੇ ਠੰਡਾ ਕਰਕੇ ਪੀਣ ਨਾਲ ਗੈਸ ਅਤੇ ਬਦਹਜ਼ਮੀ ਦੂਰ ਹੁੰਦੀ ਹੈ।

ਦਹੀਂ ਨੂੰ ਰਾਤ ਦੇ ਸਮੇਂ ਖਾਓ ਜਿਸ ਨਾਲ ਸਵੇਰੇ ਪੇਟ ਚੰਗੀ ਤਰ੍ਹਾਂ ਸਾਫ ਹੋ ਜਾਵੇ। ਦਹੀਂ 'ਚ ਕਈ ਤਰ੍ਹਾਂ ਦੇ ਲਾਭਦਾਇਕ ਬੈਕਟੀਰੀਆਂ ਹੁੰਦੇ ਹਨ, ਜੋ ਪੇਟ ਦੀ ਸਮੱਸਿਆ ਨੂੰ ਦੂਰ ਕਰਦਾ ਹੈ।

ਸੇਬ 'ਚ ਇਸ ਤਰ੍ਹਾਂ ਦੇ ਤੱਤ ਹੁੰਦੇ ਹਨ ਜੋ ਪੇਟ ਨੂੰ ਸਾਫ ਕਰਨ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਦੂਰ ਕਰਦਾ ਹੈ। ਇਸ ਲਈ ਰੋਜ਼ਾਨਾ ਖਾਲੀ ਪੇਟ ਇਕ ਸੇਬ ਖਾਓ।

# ਜਿਮ ਜਾਣ ਤੋਂ ਪਹਿਲਾਂ ਜ਼ੂਰਰ ਕਰੋ ਇਸ ਭੋਜਨ ਦੀ ਵਰਤੋਂ



ਚੰਗੀ ਸਿਹਤ ਅਤੇ ਤੰਦਰੁਸਤ ਸਰੀਰ ਲਈ ਲੋਕ ਕਸਰਤ ਦੇ ਨਾਲ-ਨਾਲ ਜਿਮ ਵੀ ਜਾਂਦੇ ਹਨ। ਕੁਝ ਲੋਕਾਂ ਨੂੰ ਬਾਡੀ ਬਣਾਉਣ ਦੀ ਬਹੁਤ ਜਲਦੀ ਹੁੰਦੀ ਹੈ ਕਿ ਉਹ ਬਿਨਾਂ ਕਝ ਖਾਧੇ ਹੀ ਜਿਮ ਚਲੇ ਜਾਂਦੇ ਹਨ। ਜਿਸ ਨਾਲ ਉਨ੍ਹਾਂ ਦੀ ਸਿਹਤ ਅਤੇ ਸਰੀਰ ਦੋਨਾਂ ਨੂੰ ਹੀ ਨੁਕਸਾਨ ਹੁੰਦਾ ਹੈ। ਕੁਝ ਸਿਹਤ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਖਾਲੀ ਪੇਟ ਜਿਮ ਜਾਣ ਨਾਲ ਸਰੀਰ ਨੂੰ ਨੁਕਸਾਨ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਕਸਰਤ ਕਰਨ ਤੋਂ ਪਹਿਲਾਂ ਕੁਝ ਖਾਂ ਲਿਆ ਜਾਵੇ ਤਾਂ ਜੋ ਸਿਹਤ ਵੀ ਤੰਦਰੁਸਤ ਰਹੇ ਅਤੇ ਸਾਰਾ ਦਿਨ ਊਰਜਾ ਵੀ ਬਣੀ ਰਹਿੰਦੀ ਹੈ। ਆਓ ਜਾਣਦੇ ਹਾਂ ਜਿਮ ਜਾਣ ਤੋਂ ਪਹਿਲਾਂ ਕਿਹੜੇ-ਕਿਹੜੇ ਆਹਾਰ ਖਾਣੇ ਚਾਹੀਦੇ ਹਨ।

1. ਓਟਸ ਅਤੇ ਦੁੱਧ
ਸਵੇਰੇ ਜਿਮ ਜਾਣ ਤੋਂ ਪਹਿਲਾਂ ਦੁੱਧ ਦੇ ਨਾਲ ਓਟਸ ਖਾਣ ਨਾਲ ਸਾਰਾ ਦਿਨ ਸਰੀਰ ਦੀ ਊਰਜਾ ਬਣੀ ਰਹਿੰਦੀ ਹੈ। ਇਸਨੂੰ ਪਚਣ 'ਚ ਵੀ ਜ਼ਿਆਦਾ ਸਮਾਂ ਨਹੀਂ ਲੱਗਦਾ। ਜਿਸ ਨਾਲ ਕਰਸਤ ਕਰਦੇ ਸਮੇਂ ਤੁਹਾਨੂੰ ਭੁੱਖ ਨਹੀਂ ਲੱਗਦੀ।

2. ਕਾਨਫਲੇਕਸ
ਪੋਸ਼ਕ ਤੱਤਾਂ 'ਚ ਭਰਪੂਰ ਮਾਤਰਾ 'ਚ ਕਾਨਫਰਲੇਕਸ ਪਾਇਆ ਜਾਂਦਾ ਹੈ। ਤੁਸੀਂ ਇਸਨੂੰ ਦੁੱਧ ਜਾਂ ਫਲਾਂ ਦੇ ਨਾਲ ਵੀ ਖਾਂ ਸਕਦੇ ਹੋ।

3. ਮੂੰਗ ਦਾਲ ਦਾ ਡੋਸਾ
ਕਸਰਤ ਤੋਂ ਪਹਿਲਾਂ ਭਾਰੇ ਨਾਸ਼ਤੇ ਤੋਂ ਪਰਹੇਜ਼ ਕਰੋ। ਤੁਸੀਂ ਸਧਾਰਨ ਮੂੰਗ ਦਾਲ ਦਾ ਡੋਸਾ ਵੀ ਖਾਂ ਸਕਦੇ ਹੋ। ਇਸਨੂੰ ਵੀ ਜ਼ਰੂਰਤ ਤੋਂ ਜ਼ਿਆਦਾ ਨਾ ਖਾਓ।

4. ਪਨੀਰ ਸੈਂਡਵਿਚ
ਕਾਰਬੋਹਾਈਡਰੇਟ ਦੀ ਮਾਤਰਾ 'ਚ ਭਰਪੂਰ ਅਤੇ ਘੱਟ ਪ੍ਰੋਟੀਨ ਵਾਲਾ ਸੈਂਡਵਿਚ ਵੀ ਵਧੀਆ ਹੁੰਦਾ ਹੈ। ਪਨੀਰ 'ਚ ਇਹ ਦੋਨੋਂ ਹੀ ਸਹੀ ਮਾਤਰਾ 'ਚ ਪਾਏ ਜਾਂਦੇ ਹਨ। ਇਸਨੂੰ ਬਣਾਉਣਾ ਵੀ ਆਸਾਨ ਹੁੰਦਾ ਹੈ।

5. ਦੁੱਧ ਜਾਂ ਲੱਸੀ
ਤੁਸੀਂ ਇਕ ਗਲਾਸ ਦੁੱਧ ਜਾਂ ਲੱਸੀ ਦੋਨਾਂ ਚੋਂ ਇਕ ਦੀ ਵਰਤੋਂ ਕਰਕੇ ਵੀ ਕਸਰਤ ਕਰ ਸਕਦੇ ਹੋ।।

## ਗਰਭ ਦੇ ਦੌਰਾਨ ਹੋਣ ਵਾਲੀ ਖਾਰਸ਼



ਗਰਭ ਅਵਸਥਾ ਦੇ ਦੌਰਾਨ ਔਰਤਾਂ ਨੂੰ ਖਾਸ ਦੇਖ-ਭਾਲ ਦੀ ਜ਼ਰੂਰਤ ਪੈਂਦੀ ਹੈ। ਇਨ੍ਹਾਂ ਦਿਨਾਂ 'ਚ ਔਰਤਾਂ ਦੇ ਸਰੀਰ 'ਚ ਕਈ ਤਰ੍ਹਾਂ ਦੇ ਬਦਲਾਅ ਆਉਂਦੇ ਹਨ। ਉਨ੍ਹਾਂ 'ਚ ਇੱਕ ਬਦਲਾਅ ਹੈ ਦਾਗ-ਖਾਰਸ਼। ਇਸ ਦੇ ਕਾਰਨ ਉਨ੍ਹਾਂ ਨੂੰ ਵਾਰ-ਵਾਰ ਖਾਰਸ਼ ਕਰਨੀ ਪੈਂਦੀ ਹੈ। ਇਸ ਨਾਲ ਉਨ੍ਹਾਂ ਦੀ ਚਮੜੀ ਉੱਤੇ ਨਿਸ਼ਾਨ ਪੈ ਜਾਂਦੇ ਹਨ। ਆਓ ਜਾਣਦੇ ਹਾਂ ਖਾਰਸ਼ ਨੂੰ ਦੂਰ ਕਰਨ ਦੇ ਘਰੇਲੂ ਉਪਾਅ ਜੇਕਰ ਰੋਜ਼ਾਨਾ ਇਸ ਤੇਲ ਨਾਲ ਸਰੀਰ ਦੀ ਮਾਲਿਸ਼ ਕਰੋਗੇ ਤਾਂ ਖਾਰਸ਼ ਤੋਂ ਹੋਣ ਵਾਲੇ ਸੰਕਰਮਣ ਤੋਂ ਬਚਿਆ ਜਾ ਸਕਦਾ ਹੈ। ਖਾਰਸ਼ ਨੂੰ ਦੂਰ ਕਰਨ ਲਈ ਸਰੋਂ ਦਾ ਤੇਲ ਬਹੁਤ ਫਾਇਦੇਮੰਦ ਹੈ। ਰੋਜ਼ਾਨਾ ਨਹਾਉਂਣ ਤੋਂ ਪਹਿਲਾਂ ਸਰੀਰ ਦੀ ਮਾਲਿਸ਼ ਕਰੋ। ਇਸ ਨਾਲ ਖਾਰਸ਼ ਵਾਲੇ ਕੀਟਾਣੂ ਦੂਰ ਹੋ ਜਾਂਦੇ ਹਨ। ਨਿੰਮ ਦੀਆਂ ਪੱਤੀਆਂ ਨੂੰ ਪਾਣੀ 'ਚ ਉਬਾਲ ਲਓ ਫਿਰ ਇਸ ਪਾਣੀ ਨੂੰ ਨਹਾਉਂਣ ਵਾਲੇ ਪਾਣੀ 'ਚ ਮਿਲਾ ਲਉ । ਖਾਰਸ਼ ਨੂੰ ਦੂਰ ਕਰਨ ਲਈ ਤੁਸੀਂ ਐਲੋਵੇਰਾ ਜੈਲ ਨੂੰ ਖਾਰਸ਼ ਵਾਲੀ ਥਾਂ ਤੇ ਵੀ ਲਗਾ ਸਕਦੇ ਹੋ। ਇਸ ਨੂੰ ਲਗਾਉਣ ਨਾਲ ਖਾਰਸ਼ ਦੂਰ ਹੁੰਦੀ ਹੈ ਅਤੇ ਠੰਡਕ ਦਾ ਵੀ ਅਹਿਸਾਸ ਹੁੰਦਾ ਹੈ। ਹਲਦੀ ਦੇ ਅੰਦਰ ਐਂਟੀ ਸੇਪਟਿਕ ਅਤੇ ਐਂਟੀ ਬੈਕਟੀਰੀਅਲ ਗੁਣ ਪਾਏ ਜਾਂਦੇ ਹਨ ਜੇਕਰ ਹਲਦੀ ਨੂੰ ਖਾਰਸ਼ ਵਾਲੀ ਥਾਂ ਤੇ ਲਗਾਇਆ ਜਾਵੇ ਤਾਂ ਇਸ ਨਾਲ ਖਾਰਸ਼ ਦੀ ਸਮੱਸਿਆ ਦੂਰ ਹੋ ਜਾਂਦੀ ਹੈ।

## ਸਿਰ ਦਰਦ ਦੂਰ ਕਰਨ ਦੇ ਘਰੇਲੂ ਨੁਸਖੇ

ਸਿਰ ਦਰਦ ਕਦੀ ਵੀ ਕਿਤੇ ਵੀ ਹੋ ਸਕਦਾ ਹੈ। ਸਿਰ ਦਰਦ ਹੋਣ ਦੇ ਕਈ ਕਾਰਨ ਹੋ ਸਕਦੇ ਹਨ ਜਿਸ ਤਰ੍ਹਾਂ ਕਿ ਤਣਾਅ, ਮੌਸਮ 'ਚ ਬਦਲਾਅ, ਬੁਖਾਰ ਜਾਂ ਫਿਰ ਭੋਜਨ 'ਚ ਬਦਲਾਅ। ਸਿਰ ਦਰਦ ਨੂੰ ਦੂਰ ਕਰਨ ਲਈ ਲੋਕ ਮੈਡੀਕਲ ਤੋਂ ਮਿਲਣ ਵਾਲੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ ਪਰ ਇਸਦਾ ਅਸਰ ਥੋੜ੍ਹੇ ਸਮੇਂ ਤੱਕ ਹੀ ਹੁੰਦਾ ਹੈ ਅਤੇ ਦਵਾਈਆਂ ਦੀ ਵਰਤੋਂ ਨਾਲ ਕਈ ਤਰ੍ਹਾਂ ਦੇ ਸਾਈਡ-ਇਫੈਕਟ ਵੀ ਹੋ ਸਕਦੇ ਹਨ। ਜੇਕਰ ਤੁਸੀਂ ਵੀ ਸਿਰ ਦਰਦ ਤੋਂ ਪਰੇਸ਼ਾਨ ਹੋ ਅਤੇ ਡਾਕਟਰ ਦੀ ਦਿੱਤੀ ਹੋਈ ਦਵਾਈ ਦੀ ਵਰਤੋਂ ਨਹੀਂ ਕਰਨਾ ਚਾਹੁੰਦੇ ਤਾਂ ਅੱਜ ਅਸੀਂ ਤੁਹਾਨੂੰ ਕੁਝ ਘਰੇਲੂ ਨੁਸਖੇ ਦੱਸਣ ਜਾ ਰਹੇ ਹਾਂ, ਜਿਸ ਦੀ ਵਰਤੋਂ ਕਰਨ ਨਾਲ ਸਿਰ ਦਰਦ ਦੀ ਸਮੱਸਿਆ ਦੂਰ ਹੋ ਜਾਵੇਗੀ। ਆਓ ਜਾਣਦੇ ਹਾਂ ਇਨ੍ਹਾਂ ਘਰੇਲੂ ਨੁਸਖਿਆਂ ਬਾਰੇ। ਮੌਸਮ ਦੇ ਬਦਲਾਅ ਦੇ ਕਾਰਨ ਜੁਕਾਮ ਦੀ ਸਮੱਸਿਆ ਹੋਣਾ ਆਮ ਹੈ, ਜਿਸ ਨਾਲ ਸਿਰ ਦਰਦ ਰਹਿੰਦਾ ਹੈ। ਇਸ ਲਈ ਅਦਰਕ ਦੇ ਪਾਣੀ 'ਚ ਨਿੰਬੂ ਦਾ ਰਸ ਮਿਲਾ ਕੇ ਪੀਓ। ਸਿਰ ਦਰਦ ਤੋਂ ਆਰਾਮ ਮਿਲੇਗਾ। ਪੁਦੀਨੇ 'ਚ ਮੌਜੂਦ ਮੇਥਲ ਸਿਰ ਦਰਦ ਦੀ ਪਰੇਸ਼ਾਨੀ ਨੂੰ ਦੂਰ ਕਰਨ ਦਾ ਕੰਮ ਕਰਦਾ ਹੈ। ਇਸਦੇ ਲਈ ਪੁਦੀਨੇ ਦੇ ਤੇਲ ਦੀਆਂ 3 ਬੂੰਦਾਂ ਲੈ ਕੇ, ਉਸ 'ਚ ਇਕ ਚਮਚ ਬਾਦਾਮ, ਜੈਤੂਨ ਦਾ ਤੇਲ ਮਿਲਾਓ।

## ਕਈ ਬੀਮਾਰੀਆਂ ਤੋਂ ਬਚਾਉਂਦਾ ਹੈ ਸਿੰਘਾੜਾ



ਸਿੰਘਾੜਾ ਤਲਾਬ 'ਚ ਉੱਗਣ ਵਾਲਾ ਇਕ ਫਲ ਹੈ। ਸਿੰਘਾੜੇ ਨੂੰ ਕੁਝ ਲੋਕ ਕੱਚਾ ਖਾਣਾ ਪਸੰਦ ਕਰਦੇ ਹਨ ਤੇ ਕੁਝ ਪੱਕਾ ਕੇ ਅਤੇ ਕੁਝ ਸਬਜ਼ੀ ਬਣਾ ਕੇ ਖਾਣਾ ਪਸੰਦ ਕਰਦੇ ਹਨ। ਇਸ 'ਚ ਵਿਟਾਮਿਨ ਏ, ਬੀ, ਸੀ, ਕੈਲਸ਼ੀਅਮ ਅਤੇ ਖਣਿਜ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ। ਸਿੰਘਾੜਾ ਖਾਣ ਨਾਲ ਬਹੁਤ ਸਾਰੀਆ ਬੀਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਦਮਾ ਰੋਗੀਆਂ ਲਈ ਸਿੰਘਾੜਾ ਕਿਸੇ ਦਵਾਈ ਤੋਂ ਘੱਟ ਨਹੀਂ ਹੈ। ਦਮੇ ਦੇ ਰੋਗੀ ਨੂੰ ਇੱਕ ਚਮਚਾ ਸਿੰਘਾੜੇ ਦਾ ਆਟੇ ਨੂੰ ਠੰਡੇ ਪਾਣੀ ਮਿਲਾ ਕੇ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। ਬਵਾਸੀਰ 'ਚ ਸਿੰਘਾੜੇ ਨੂੰ ਖਾਣਾ ਬਹੁਤ ਲਾਭਦਾਇਕ ਹੈ। ਲਗਾਤਾਰ ਇਸ ਨੂੰ ਖਾਣ ਨਾਲ ਬਵਾਸੀਰ 'ਚ ਖੂਨ ਆਉਂਣਾ ਬੰਦ ਹੋ ਜਾਂਦਾ ਹੈ। ਸਰੀਰ ਦੀ ਜਲਨ ਨੂੰ ਦੂਰ ਕਰਨ ਲਈ ਸਿੰਘਾੜਾ ਦੀ ਵੇਲ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਦੀ ਵੇਲ ਨੂੰ ਪੀਸ ਕੇ ਜਲਣ ਵਾਲੀ ਥਾਂ ਉੱਤੇ ਲਗਾਓ। ਸਿੰਘਾੜੇ 'ਚ ਵਿਟਾਮਿਨ ਏ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ। ਇਸ ਨੂੰ ਖਾਣ ਨਾਲ ਅੱਖਾਂ ਦੀ ਰੋਸ਼ਨੀ ਵੱਧਦੀ ਹੈ। ਨੱਕ ਦੀ ਨਕਸੀਰ ਮਤਲਬ ਨੱਕ 'ਚ ਖੂਨ ਆਉਂਣਾ। ਸਿੰਘਾੜਾ ਖਾਣ ਨਾਲ ਨੱਕ 'ਚ ਖੂਨ ਆਉਣਾ ਬੰਦ ਹੋ ਜਾਂਦਾ ਹੈ।

## ਸਵੇਰ ਦੇ ਸਮੇਂ ਸੰਬੰਧ ਬਣਾਉਣ ਨਾਲ ਹੁੰਦੇ ਹਨ ਇਹ ਫਾਇਦੇ



ਭੱਜ ਦੌੜ ਭਰੀ ਜ਼ਿੰਦਗੀ ਦੇ ਚੱਲਦਿਆਂ ਵਿਆਹੁਤਾ ਜੀਵਨ 'ਚ ਜੋੜਿਆਂ ਨੂੰ ਇੱਕ ਦੂਜੇ ਨੂੰ ਸਮਾਂ ਦੇਣ ਲਈ ਸਮਾਂ ਨਹੀਂ ਹੈ। ਦਿਨ ਭਰ ਕੰਮ ਕਰਨ ਨਾਲ ਲੋਕ ਥੱਕ ਜਾਂਦੇ ਹਨ ਅਤੇ ਨਾ ਚਾਹੁੰਦੇ ਹੋਏ ਵੀ ਉਹ ਵੀ ਇੱਕ ਦੂਜੇ ਨੂੰ ਟਾਈਮ ਨਹੀਂ ਦੇ ਪਾਉਂਦੇ, ਜਿਸ ਨਾਲ ਰਿਸ਼ਤੇ 'ਚ ਦੂਰੀਆਂ ਆਉਣ ਲੱਗਦੀਆਂ ਹਨ। ਜ਼ਿਆਦਾਤਰ ਲੋਕ ਸਰੀਰਕ ਸੰਬੰਧ ਇਸ ਲਈ ਨਹੀਂ ਬਣਾਉਦੇ ਕਿਉਂਕਿ ਉਹ ਦਿਨ -ਭਰ ਕੰਮ ਕਰਨ ਨਾਲ ਥੱਕ ਜਾਂਦੇ ਹਨ। ਕਈ ਜੋੜੇ ਸਵੇਰ ਨੂੰ ਸੰਬੰਧ ਬਣਾਉਂਦੇ ਹਨ। ਕਿਉਂਕਿ ਉਸ ਵਕਤ ਉਨ੍ਹਾਂ ਦੀ ਥਕਾਵਟ ਕਾਫੀ ਹੱਦ ਤੱਕ ਖਤਮ ਹੋ ਚੁੱਕੀ ਹੁੰਦੀ ਹੈ। ਸਵੇਰ ਨੂੰ ਸੱਬੰਧ ਬਣਾਉਣ ਨਾਲ ਸਿਹਤ ਦੇ ਲਈ ਬਹੁਤ ਲਾਭਦਾਇਕ ਸਿੱਧ ਹੁੰਦਾ ਹੈ। ਸਵੇਰ ਨੂੰ ਸੰਬੰਧ ਬਣਾਉਣ ਦੇ ਫਾਇਦੇ।

ਸਵੇਰ ਦੇ ਸਮੇਂ ਤੁਸੀਂ ਤਰੋਤਾਜ਼ਾ ਹੁੰਦੇ ਹੋ ਅਤੇ ਸੰਬੰਧ ਬਣਾਉਣ ਦੀ ਇੱਛਾ ਵੱਧਦੀ ਹੈ। ਇਸ ਨਾਲ ਰਿਸ਼ਤੇ 'ਚ ਪਿਆਰ ਬਰਕਰਾਰ ਰਹਿੰਦਾ ਹੈ।

ਸੰਬੰਧ ਬਣਾਉਣ ਨਾਲ ਸਰੀਰ 'ਚ ਐਸਟ੍ਰੋਜਨ ਹਾਰਮੋਨ ਦੀ ਮਾਤਰਾ ਵੱਧਦੀ ਹੈ। ਇਸ ਨਾਲ ਔਰਤਾਂ ਦੀ ਚਮੜੀ ਚਮਕਦਾਰ ਹੁੰਦੀ ਹੈ।

ਸਵੇਰ ਵੇਲੇ ਸੰਬੰਧ ਬਣਾਉਣ ਨਾਲ ਖੂਨ ਦਾ ਦੌਰਾ ਕਾਫੀ ਹੱਦ ਤੱਕ ਘੱਟ ਜਾਂਦਾ ਹੈ। ਇਸ ਨਾਲ ਦਿਲ ਦਾ ਦੋਰਾ ਪੈਣ ਦਾ ਖਤਰਾ ਕਾਫੀ ਹੱਦ ਤੱਕ ਘੱਟ ਜਾਂਦਾ ਹੈ। ਸਵੇਰ ਵੇਲੇ ਸੰਬੰਧ ਬਣਾਉਣ ਨਾਲ ਇੱਕ ਵਾਰ 'ਚ 300 ਕੈਲੋਰੀ ਖਰਚ ਹੁੰਦੀ ਹੈ। ਜਿਸ ਨਾਲ ਭਾਰ ਘੱਟ ਵੱਧਦਾ ਹੈ।

ਸਵੇਰ ਵੇਲੇ ਸੰਬੰਧ ਬਣਾਉਣ ਨਾਲ ਸਰੀਰ 'ਚ ਇਮਉਨੋਗਲੋਬੁਲਿਨ ਏ ਬਣਾਉਣ ਦੀ ਮਾਤਰਾ 'ਚ ਵਾਧਾ ਹੁੰਦਾ ਹੈ। ਜਿਸ ਨਾਲ ਪ੍ਰਤੀਰੋਧਕ ਸ਼ਕਤੀ ਵੱਧ ਜਾਂਦੀ ਹੈ। ਇਸ ਨਾਲ ਸਰੀਰ ਬੀਮਾਰੀਆਂ ਨਾਲ ਡਟ ਕੇ ਮੁਕਾਬਲਾ ਕਰ ਪਾਉਂਦਾ ਹੈ।

# ਗੂੜ੍ਹੀ ਨੀਂਦ ਲੈਣ ਲਈ ਅਪਣਾਓ ਇਹ ਤਰੀਕੇ

ਹਰ ਕੋਈ ਰਾਤ ਨੂੰ ਗੂੜੀ ਨੀਂਦ ਲੈਣ ਬਾਰੇ ਸੋਚਦਾ ਹੈ ਪਰ ਇਹ ਓਨਾ ਮੁਸ਼ਕਿਲ ਨਹੀਂ ਹੈ, ਜਿੰਨਾ ਤੁਸੀਂ ਸੋਚਦੇ ਹੋ। ਰਾਤ ਨੂੰ ਚੰਗੀ ਨੀਂਦ, ਤੁਹਾਡਾ ਚੰਗਾ ਅਰਾਮ ਜਾਂ ਚੌਕਨਾਪਨ ਤਜਰਬਾ ਕਰਵਾਉਣ ਨਾਲ ਸਬੰਧਿਤ ਨਹੀਂ ਹੈ । ਅਸਲ 'ਚ ਨੀਂਦ ਦਾ ਤੁਹਾਡੇ ਸਰੀਰਕ ਅਤੇ ਮਾਨਸਿਕ ਸਿਹਤ ਤੇ ਬਹੁਤ ਵੱਡਾ ਪ੍ਰਭਾਵ ਪੈਂਦੇ ਹਨ।

ਨੀਂਦ ਦੀ ਕਮੀ , ਮੋਟਾਪੇ , ਸ਼ੂਗਰ , ਦਿਲ ਦੇ ਰੋਗ ਅਤੇ ਅਤੇ ਮਾਨਸਿਕ ਸਿਹਤ ਸੰਬੰਧੀ ਸਮੱਸਿਆਵਾਂ ਨਾਲ ਜੋੜਿਆ ਹੈ। ਇੱਕ ਅਧਿਐਨ 'ਚ ਇਹ ਗੱਲ ਸਾਹਮਣੇ ਆਈ ਹੈ। ਕਿ ਜੇਕਰ ਤੁਸੀਂ ਆਪਣੀ ਜੀਵਣ 'ਚ ਨੀਂਦ ਨੂੰ ਅਹਿਮੀਅਤ ਨਹੀਂ ਦਿੰਦੇ ਤਾਂ ਤੁਹਾਨੂੰ ਅਜਿਹਾ ਕਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਇੱਥੇ ਵਿਗਿਆਨ ਆਧਾਰਿਤ ਕੁਝ



ਅਜਿਹੇ ਟਿਪਸ ਤੁਹਾਡੇ ਲਈ ਪੇਸ਼ ਹਨ, ਜੋ ਤੁਹਾਨੂੰ ਵਧੀਆ ਨੀਂਦ ਦਿਵਾਉਣ 'ਚ ਸਹਾਇਕ ਹੋਣਗੇ।

ਜਦੋਂ ਤੁਸੀਂ ਥੱਕੇ ਹੁੰਦੇ ਹੋ ਤਾਂ ਕਸਰਤ ਕਰਨਾ ਦੁਨੀਆ ਦਾ ਸਭ ਵੱਧ ਅਸਭੰਵ ਕੰਮ ਲੱਗਦਾ ਹੈ। ਫਿਰ ਵੀ ਇਕ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਰੋਜ਼ਾਨਾ ਕਸਰਤ ਕਰਨਾ ਆਪਣੇ ਸਰੀਰ ਨੂੰ ਚੰਗੀ ਨੀਂਦ ਲੈਣ ਲਈ ਸਭ ਤੋਂ ਵਧੀਆ ਤਰੀਕਾ ਹੈ। ਜੇਕਰ ਤੁਹਾਡਾ ਸਰੀਰ ਕਿਸੇ ਤਰ੍ਹਾਂ ਦੀ ਊਰਜਾ ਨੂੰ ਜਲਾਉਂਦਾ ਨਹੀਂ ਤਾਂ ਹੋ ਸਕਦਾ ਹੈ ਕਿ ਇਸ ਨੂੰ ਨੀਂਦ ਦੀ ਲੋੜ ਹੈ।


ਟੀ. ਵੀ ਕੰਪਿਊਟਰ ਜਾਂ ਮੋਬਾਇਲ ਫੋਨ 'ਚੋ ਨਿਕਲਣ ਵਾਲੀ ਨੀਲੀ ਰੌਸ਼ਨੀ ਤੁਹਾਡੀ ਨੀਂਦ 'ਤੇ ਅਸਰ ਪਾ ਸਕਦੀ ਹੈ। ਦੇਰ ਰਾਤ ਤੱਕ ਟੀ.ਵੀ ਦੇਖਣ ਨਾਲ ਤੁਹਾਡੀ ਨੀਂਦ ਤੇ ਗਹਿਰਾ ਅਸਰ ਪੈ ਸਕਦਾ ਹੈ। ਇਹ ਰੋਸ਼ਨੀ ਸਰੀਰ ਵੱਲੋਂ ਮੇਲਾਟੋਨਿਨ ਨਾਮੀ ਹਾਰਮੋਨ ਦੇ ਨਿਰਮਣ ਨੂੰ ਦਬਾ ਦਿੰਦੀ ਹੈ। ਮੇਲਾਟੋਨਿਨ ਹੀ ਤਹਾਡੇ ਨੀਂਦ ਦੇ ਚੱਕਰ ਨੂੰ ਕੰਟਰੋਲ ਕਰਦਾ ਹੈ।

ਤੁਸੀਂ ਰਾਤ ਦੇ ਸਮੇਂ ਘੱਟੋ-ਘੱਟ 8 ਘੰਟਿਆਂ ਦੀ ਨੀਂਦ ਜ਼ਰੂਰ ਲਓ। ਤੁਹਾਡਾ ਸੋਣ ਤੇ ਜਾਗਣ ਦਾ ਸਮਾਂ ਨਿਸ਼ਚਿਤ ਹੋਣਾ ਚਾਹੀਦਾ ਹੈ। ਇਹ ਤੁਹਾਡੇ ਸਰੀਰ ਦੇ ਸਰਕੇਡੀਅਨ ਰਿਦਮ ਨੂੰ ਕੰਟਰੋਲ ਕਰਨ 'ਚ ਸਹਾਇਕ ਹੁੰਦੀ ਹੈ। ਅਤੇ ਤੁਹਾਡੀ ਨੀਂਦ ਦੇ ਸਿਸਟਮ ਨੂੰ ਵੀ ਸਹੀ ਰੱਖਦਾ ਹੈ। ਸੌਣ ਅਤੇ ਜਾਗਣ ਤੋਂ ਪਹਿਲਾਂ ਦੀ ਰੁਟੀਨ ਬਣਾਉਣ ਲਈ ਕੁਝ ਸਮਾਂ ਕੱਢੋ। ਤੁਹਾਡੀ ਇਸ ਰੁਟੀਨ ਵਿਚ ਕਿਤਾਬ ਪੜ੍ਹਨਾ, ਸੈਂਟਿਡ ਹੈਂਡ ਲੋਸ਼ਨ ਦੀ ਵਰਤੋਂ ਕਰੋ। ਇਹ ਸਰਗਰਮੀਆਂ ਸੈਂਟਿਡ ਹੈਂਡ ਹਾਰਮੋਨ ਕਰੋਟੀਸੋਲ ਨੂੰ ਘੱਟ ਕਰਕੇ ਤੁਹਾਡੇ ਸਰੀਰ ਨੂੰ ਸ਼ਾਂਤ ਕਰਦੀਆਂ ਹਨ।

ਜੇਕਰ ਤੁਹਾਨੂੰ ਸੌਣ ਲਈ ਕਾਫੀ ਸੰਘਰਸ਼ ਕਰਨਾ ਪੈਂਦਾ ਹੈ ਤਾਂ ਤੁਹਾਡੀਆਂ ਕੈਫੀਨ ਸੰਬੰਧੀ ਆਦਤਾਂ ਇਸਦੇ ਲਈ ਦੋਸ਼ੀ ਹਨ। ਕੈਫਰੀ ਇੱਕ ਡਰੱਗ ਹੈ, ਇਕ ਸਿਟਮੁਲੈਂਟ , ਜੋ ਤੁਹਾਡੇ ਸਰੀਰ ਨੂੰ ਥਕਾਵਟ ਨੂੰ ਪਛਾਣਨ ਤੋਂ ਦੂਰ ਰੱਖਦੀ ਹੈ। ਤੁਸੀਂ ਜਿੰਨੀ ਕੈਫੀਨ ਲੈਂਦੇ ਹੋ, ਉਸ ਦੀ ਅੱਧੀ ਕੈਫੀਨ ਨੂੰ ਪ੍ਰੋਸੈੱਸ ਕਰਨ 'ਚ ਸਰੀਰ ਨੂੰ 5 ਤੋਂ 6 ਘੰਟੇ ਲੱਗਦੇ ਹਨ । ਇਸ ਲਈ ਇਹ ਜ਼ਰੂਰੀ ਹੈ ਕਿ ਕੈਫੀਨ ਨਾ ਲਈ ਜਾਵੇ।

## ਇਸ ਤਰ੍ਹਾਂ ਰੱਖੋ ਅੱਖਾਂ ਦਾ ਖਿਆਲ

ਅੱਖਾਂ ਨੂੰ ਨਮੀ ਯੁਕਤ ਬਣਾਈ ਰੱਖਣ ਲਈ ਰੈਗੂਲਰ ਹੰਝੂਆਂ ਦਾ ਵਹਾਅ ਜ਼ਰੂਰੀ ਹੈ। ਹੰਝੂ ਸਾਡੀਆਂ ਅੱਖਾਂ ਲਈ ਇੱਕ ਕੁਦਰਤੀ ਲੁਬਰੀਕੇਟਰ ਦਾ ਕੰਮ ਕਰਦੇ ਹਨ। ਇਹ ਪਾਣੀ, ਵੱਖ-ਵੱਖ ਤੇਲਾਂ, ਮਿਊਕਸ ਅਤੇ ਐਂਟੀਬਾਡੀਜ਼ ਅਤੇ ਖਾਸ ਪ੍ਰੋਟੀਨਸ ਦਾ ਮਿਸ਼ਰਣ ਹੁੰਦੇ ਹਨ, ਜਿਨ੍ਹਾਂ ਨੂੰ ਅੱਖਾਂ ਦੇ ਆਲੇ-ਦੁਆਲੇ ਸਥਿਤ ਗ੍ਰੰਥੀਆਂ ਰਾਹੀਂ ਛੱਡਿਆ ਜਾਂਦਾ ਹੈ। ਜਦੋਂ ਇਸ ਮਿਸ਼ਰਣ 'ਚ ਰੁਕਾਵਟ ਪੈਦਾ ਹੁੰਦੀ ਹੈ ਤਾਂ ਵਿਆਕਤੀ ਦੀਆਂ ਅੱਖਾਂ ਸੁੱਕ ਜਾਂਦੀਆਂ ਹਨ। ਇਸ ਨਾਲ ਸਿਰਦਰਦ, ਖਾਰਿਸ਼, ਲਾਲੀ, ਧਿਆਨ ਟਿਕਾਉਣ 'ਚ ਮੁਸ਼ਕਲ ਹੁੰਦੀ ਹੈ ਅਤੇ ਰੌਸ਼ਨੀ ਪ੍ਰਤੀ ਸੰਵੇਦਨਸ਼ੀਲਤਾ ਵੱਧਦੀ ਹੈ। ਡਿਜੀਟਲ ਸਕਰੀਨਾਂ ਦੇ ਵਧਦੇ ਪ੍ਰਯੋਗ ਅਤੇ ਅਸੰਤੁਲਿਤ ਜੀਵਨਸ਼ੈਲੀ ਦੇ ਸਿੱਟੇ ਵਜੋਂ ਅੱਖਾਂ ਦਾ ਸੁੱਕਣਾ ਇੱਕ ਆਮ ਸਮੱਸਿਆ ਬਣ ਚੁੱਕੀ ਹੈ।




# ਮੁਹੱਬਤ ਦਾ ਖੂਨੀ ਅੰਤ

ਮੱਧ ਪ੍ਰਦੇਸ਼ ਦੇ ਇੰਦੌਰ ਦੇ ਥਾਣਾ ਚੰਦਨ ਨਗਰ ਦੇ ਰਹਿਣ ਵਾਲੇ 21 ਸਾਲ ਦੇ ਸਲਮਾਨ ਸ਼ੇਖ ਦੇ ਅਚਾਨਕ ਲਾਪਤਾ ਹੋ ਜਾਣ ਕਾਰਨ ਉਸ ਦੇ ਘਰ ਵਾਲੇ ਕਾਫੀ ਪ੍ਰੇਸ਼ਾਨ ਸਨ। ਉਹ ਫੈਬਰੀਕੇਸ਼ਨ ਦਾ ਕੰਮ ਕਰਦਾ ਸੀ। ਘਰ ਤੋਂ ਕੰਮ ਦੇ ਲਈ ਨਿਕਲਿਆ ਸਲਮਾਨ ਘਰੇ ਵਾਪਸ ਨਾ ਆਇਆ ਤਾਂ 9 ਜਨਵਰੀ 2017 ਨੂੰ ਉਸ ਦੇ ਵੱਡੇ ਭਰਾ ਤੌਕੀਰ ਸ਼ੇਖ ਨੇ ਥਾਣਾ ਚੰਦਨਨਗਰ ਵਿਚ ਉਸ ਦੀ ਗੁੰਮਸ਼ੁਦਗੀ ਦਰਜ ਕਰਵਾ ਦਿੱਤੀ ਗੁੰਮਸ਼ੁਦਗੀ ਦਰਜ ਕਰਾਉਂਦੇ ਵਕਤ ਉਸ ਨੇ ਆਪਣੇ ਘਰ ਦੇ ਸਾਹਮਣੇ ਰਹਿਣ ਵਾਲੇ ਰਊਫ ਖਾਨ ਅਤੇ ਉਸ ਦੇ ਡਰਾਈਵਰ ਸੱਦਾਮ ਤੇ ਭਰਾ ਨੂੰ ਗਾਇਬ ਕਰਨ ਦਾ ਸ਼ੱਕ ਜ਼ਾਹਿਰ ਕੀਤਾ।

ਰਾਊਫ ਖਾਨ ਵੱਡੀਆਂ-ਵੱਡੀਆਂ ਬਿਲਡਿੰਗਾਂ ਦੀ ਮੁਰੰਮਤ ਅਤੇ ਰੰਗ-ਰੰਗਾਈ ਦਾ ਠੇਕਾ ਲੈਂਦਾ ਸੀ। ਉਸ ਦੇ ਕੋਲ ਕਾਫੀ ਮਜ਼ਦੂਰ ਕੰਮ ਕਰਦੇ ਸਨ। ਸਲਮਾਨ ਵੀ ਪਹਿਲਾਂ ਉਸ ਕੋਲ ਨੌਕਰੀ ਕਰਦਾ ਸੀ ਪਰ ਸਾਲ ਭਰ ਪਹਿਲਾਂ ਉਸ ਨੇ ਸਲਮਾਨ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਸੀ।

ਰਾਊਫ ਖਾਨ ਚੰਗਾ ਖਾਂਦਾ-ਪੀਂਦਾ ਆਦਮੀ ਸੀ। ਉਹ ਆਜ਼ਾਦ ਉਮੀਦਵਾਰ ਦੇ ਰੂਪ ਵਿਚ ਵਿਧਾਨ ਸਭਾ ਚੋਣ ਵੀ ਲੜ ਚੁੱਕਾ ਸੀ। ਉਸ ਦੀ ਪਹੁੰਚ ਵੀ ਉਚੀ ਸੀ, ਇਸ ਕਰਕੇ ਬਿਨਾਂ ਕਿਸੇ ਠੋਸ ਸਬੂਤ ਦੇ ਪੁਲਿਸ ਉਸ ਨੂੰ ਪਕੜਨ ਤੋਂ ਕਤਰਾ ਰਹੀ ਸੀ।

ਪੁਲਿਸ ਨੇ ਲਾਪਤਾ ਸਲਮਾਨ ਸ਼ੇਖ ਦੇ ਨੰਬਰ ਦੀ ਕਾਲ ਡਿਟੇਲ ਕਢਵਾਈ ਤਾਂ ਉਸ ਵਿਚ ਹੈਰਾਨ ਕਰਨ ਵਾਲੀ ਜਾਣਕਾਰੀ ਇਹ ਮਿਲੀ ਕਿ ਸਲਮਾਨ ਦੀ ਸਭ ਤੋਂ ਜ਼ਿਆਦਾ ਅਤੇ ਲੰਮੀਆਂ ਗੱਲਾਂ ਰਾਊਫ ਦੀ ਪਤਨੀ ਸ਼ਬਨਮ ਨਾਲ ਹੋਈਆਂ ਸਨ। ਰਾਊਫ ਦੁਆਰਾ ਨੌਕਰੀ ਤੋਂ ਕੱਢ ਦੇਣ ਬਾਅਦ ਵੀ ਉਸ ਦੀਆਂ ਸ਼ਬਨਮ ਨਾਲ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਇਹਨਾਂ ਗੱਲਾਂ ਤੋਂ ਥਾਣਾ ਚੰਦਨ ਨਗਰ ਦੀ ਪੁਲਿਸ ਨੂੰ ਲੱਗਿਆ ਕਿ ਸ਼ਾਇਦ ਇਸੇ ਕਾਰਨ ਸਲਮਾਨ ਦੇ ਘਰ ਵਾਲੇ ਰਾਊਫ ਖਾਨ ਤੇ ਸ਼ੱਕ ਜਾਹਿਰ ਕਰ ਰਹੇ ਸਨ।

ਉਹਨਾਂ ਨੇ ਸਲਮਾਨ ਦੇ ਭਰਾ ਤੌਕੀਰ ਤੋਂ ਰਾਊਫ ਅਤੇ ਉਸ ਦੇ ਰਿਸ਼ਤੇਦਾਰਾਂ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਦੇ ਕਈ ਨਜ਼ਦੀਕੀ ਰਿਸ਼ਤੇਦਾਰ ਧਾਰ ਜ਼ਿਲ੍ਹੇ ਦੇ ਧਰਮਪੁਰੀ ਵਿਚ ਰਹਿੰਦੇ ਹਨ। ਤੌਕੀਰ ਦੀ ਇਸ ਗੱਲ ਤੇ ਉਹਨਾਂ ਨੂੰ 5 ਦਿਨਟ ਪਹਿਲਾਂ ਧਰਮਪੁਰੀ ਵਿਚ ਮਿਲੀ ਲਾਸ਼ ਦੀ ਗੱਲ ਯਾਦ ਆ ਗਈ।

ਦਰਅਸਲ 10 ਜਨਵਰੀ 2017 ਨੂੰ ਧਾਰ ਜ਼ਿਲ੍ਹੇ ਦੀ ਧਰਮਪੁਰੀ ਪੁਲਿਸ ਦੁਆਰਾ ਬੈਂਟ ਸੰਸਥਾ ਦੇ ਜੰਗਲ ਵਿਚ ਲਾਸ਼ ਪਈ ਹੋਣ ਦੀ ਖਬਰ ਮਿਲੀ ਸੀ। ਅਧਿਕਾਰੀਆਂ ਨੂੰ ਸੂਚਨਾ ਦੇ ਕੇ ਉਹ ਪੁਲਿਸ ਅਫਸਰ ਉਥੇ ਪਹੁੰਚੇ, ਉਥੇ ਇਕ ਲਾਸ਼ ਪਈ ਸੀ, ਜਿਸ ਦਾ ਸਿਰ ਕਾਫੀ ਖਰਾਬ ਹਾਲਤ ਵਿਚ ਸੀ। ਸ਼ਾਇਦ ਜੰਗਲੀ ਜਾਨਵਰਾਂ ਨੇ ਉਸਨੂੰ ਨੋਚ ਦਿੱਤਾ ਸੀ। ਉਸ ਦਾ ਗੁਪਤ ਅੰਗ ਵੀ ਕੱਟਿਆ ਹੋਇਆ ਸੀ। ਲਾਸ਼ ਦੀ ਸਥਿਤੀ ਦੇਖ ਕੇ ਪੁਲਿਸ ਨੂੰ ਮਹਿਸੂਸ ਹੋਇਆ ਕਿ ਹੱਤਿਆ ਪ੍ਰੇਮ ਪ੍ਰਸੰਗ ਵਿਚ ਕੀਤੀ ਗਈ ਹੈ ਕਿਉਂਕਿ ਪ੍ਰੇਮ ਪ੍ਰਸੰਗ ਵਿਚ ਅਕਸਰ ਇਸੇ ਤਰ੍ਹਾਂ ਹੱਤਿਆਵਾਂ ਹੁੰਦੀਆਂ ਹਨ।

ਪੁਲਿਸ ਨੇ ਲਾਸ਼ ਦੀ ਸ਼ਨਾਖਤ ਲਈ ਜਦੋਂ ਮ੍ਰਿਤਕ ਦੇ ਕੱਪੜਿਆਂ ਦੀ ਤਲਾਸ਼ੀ ਲਈ ਤਾਂ ਪੈਂਟ ਦੀ ਜੇਬ ਤੋਂ ਇਕ ਪਰਸ ਮਿਲਿਆ, ਜਿਸ ਵਿਚ ਇਕ ਲੜਕੇ ਅਤੇ ਲੜਕੀ ਦੀ ਤਸਵੀਰ ਤੋਂ ਇਲਾਵਾ ਹਿਸਾਬ ਦੀ ਡਾਇਰੀ ਅਤੇ ਤੰਬਾਕੂ ਦੀ ਇਕ ਪੁੜੀ ਮਿਲੀ। ਉਸ ਵਿਚ ਕੁਝ ਅਜਿਹਾ ਨਹੀਂ ਸੀ, ਜਿਸ ਤੋਂ ਮ੍ਰਿਤਕ ਦੀ ਪਛਾਣ ਹੋ ਸਕੇ।

ਮ੍ਰਿਤਕ ਦੇ ਗਲੇ ਵਿਚ ਤੁਲਸੀ ਦੀ ਇਕ ਮਾਲਾ ਪਈ ਸੀ, ਜਿਸ ਤੋਂ ਅੰਦਾਜ਼ਾ ਸੀ ਕਿ ਲਾਸ਼ ਕਿਸੇ ਹਿੰਦੂ ਦੀ ਹੈ। ਲਾਸ਼ ਦੀ ਸ਼ਨਾਖਤ ਨਾ ਹੋਸਕੀ ਤਾਂ ਪੁਲਿਸ ਨੇ ਘਟਨਾ ਸਥਾਨ ਤੇ ਸਾਰੀ ਕਾਰਵਾਈ ਨਿਪਟਾ ਕੇ ਉਸਨੂੰ ਪੋਸਟ ਮਾਰਟਮ ਲਈ ਭਿਜਵਾ ਦਿੱਤਾ। ਇਸ ਤੋਂ ਬਾਅਦ ਲਾਸ਼ ਦੀ ਸ਼ਨਾਖਤ ਦੇ ਲਈ ਇਹ ਜਾਣਕਾਰੀ ਆਪਣੇ ਜ਼ਿਲ੍ਹੇ ਵਿਚ ਹੀ ਨਹੀਂ, ਆਸ ਪਾਸ ਦੇ ਜ਼ਿਲ੍ਹਿਆਂ ਵਿਚ ਵੀ ਭੇਜ ਦਿੱਤੀ। ਉਸ ਜਾਣਕਾਰੀ ਦੇ ਆਧਾਰ ਤੇ ਥਾਣਾ ਚੰਦਨਨਗਰ ਦੇ ਪੁਲਿਸ ਮੁਖੀ ਨੂੰ ਜਦੋਂ ਪਤਾ ਲੱਗਿਆ ਕਿ ਰਾਊਫ ਦੀ ਰਿਸ਼ਤੇਦਾਰੀ ਧਰਮਪੁਰੀ ਵਿਚ ਹੈ ਤਾਂ ਉਸਨੂੰ ਲੱਗਿਆ ਕਿ ਉਹ ਲਾਸ਼ ਸਲਮਾਨ ਸ਼ੇਖ ਦੀ ਹੋ ਸਕਦੀ ਹੈ।

ਉਹਨਾ ਨੇ ਤੁਰੰਤ ਲਾਪਤਾ ਸਲਮਾਨ ਸ਼ੇਖ ਦੇ ਘਰ ਵਾਲਿਆ ਨੂੰ ਥਾਣਾ ਧਰਮਪੁਰੀ ਜਾਣ ਦੀ ਸਲਾਹ ਦਿੱਤੀ। ਤੌਕੀਰ ਪਿਤਾ ਦੇ ਨਾਲ ਥਾਣੇ ਪਹੁੰਚਿਆ ਤਾਂ ਪਤਾ ਲੱਗਿਆ ਕਿ ਲਾਸ਼ ਤਾਂ ਦਫਨਾ ਦਿੱਤੀ ਹੈ। ਪੁਲਿਸ ਨੇ ਉਹਨਾਂ ਨੂੰ ਲਾਸ਼ ਕੋਲੋਂ ਮਿਲਿਆ ਕੁਝ ਸਮਾਨ ਦਿਖਾਇਆ ਤਾਂ ਉਹਨਾਂ ਨੇ ਉਸ ਵਿਚ ਰੱਖੀ ਇਕ ਅੰਗੂਠੀ ਦੇਖ ਕੇ ਕਿਹਾ ਕਿ ਉਹ ਲਾਸ਼ ਸਲਮਾਨ ਸ਼ੇਖ ਦੀ ਸੀ, ਪਰ ਇਹ ਤੁਲਸੀ ਦੀ ਮਾਲਾ ਉਹਨਾਂ ਦਾ ਮੁੰਡਾ ਕਿਉਂ ਪਾਵੇਗਾ ?

ਪੁਲਿਸ ਸਮਝ ਗਈ ਕਿ ਹੱਤਿਆਰੇ ਨੇ ਪੁਲਿਸ ਨੂੰ ਗੁਮਰਾਹ ਕਰਨ ਲਈ ਤੁਲਸੀ ਦੀ ਮਾਲਾ ਪਾ ਕੇ ਉਸ ਦਾ ਗੁਪਤ ਅੰਗ ਕੱਟ ਦਿੱਤਾ ਸੀ। ਪੁਲਿਸ ਨੂੰ ਭਰਮਾਉਣ ਲਈ ਹਤਿਆਰੇ ਨੇ ਜੇਬ ਵਿਚ ਲੜਕੀ ਅਤੇ ਲੜਕੇ ਦੀ ਤਸਵੀਰ ਵੀ ਰੱਖੀ ਸੀ। ਹੱਤਿਆਰਿਆਂ ਨੇ ਗਲਤੀ ਇਹ ਕੀਤੀ ਸੀ ਕਿ ਉਹ ਸਲਮਾਨ ਸ਼ੇਖ ਦੀ ਅੰਗੂਠੀ ਕੱਢਣਾ ਭੁੱਲ ਗਏ। ਅੰਗੂਠੀ ਤੋਂ ਹੀ ਉਸ ਦੀ ਲਾਸ਼ ਦੀ ਪਛਾਣ ਹੋ ਗਈ ਸੀ।

ਲਾਸ਼ ਦੀ ਪਛਾਣ ਹੋਣ ਤੋਂ ਅਗਲੇ ਦਿਨ ਉਪ ਜ਼ਿਲ੍ਹਾ ਅਧਿਕਾਰੀ ਦੇ ਆਦੇਸ਼ ਤੇ ਸਲਮਾਨ ਸ਼ੇਖ ਦੀ ਲਾਸ਼ ਕਢਵਾ ਕੇ ਉਸ ਦੇ ਘਰ ਵਾਲਿਆਂ ਨੂੰ ਸੌਂਪ ਦਿੱਤਾ। ਘਰ ਵਾਲਿਆਂ ਨੇ ਸਲਮਾਨ ਦੀ ਲਾਸ਼ ਲਿਆ ਕੇ ਇੰਦੌਰ ਦੇ ਇਕ ਕਬਰਿਸਤਾਨ ਵਿਚ ਦਫਨਾ ਦਿੱਤੀ। ਸਲਮਾਨ ਦੀ ਲਾਸ਼ ਮਿਲਣ ਦੀ ਸੂਚਨਾ ਮਿਲਣ ਤੇ ਉਸਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਥਾਣਾ ਚੰਦਨਨਗਰ ਵਿਚ ਧਰਨਾ ਦੇ ਕੇ ਹੱਤਿਆਰਿਆਂ ਨੂੰ ਜਲਦੀ ਪਕੜਨ ਦੀ ਮੰਗ ਕੀਤੀ।

ਇਕ ਪਾਸੇ ਜਿੱਥੇ ਮ੍ਰਿਤਕ ਸਲਮਾਨ ਸ਼ੇਖ ਦੇ ਘਰ ਵਾਲਿਆਂ ਅਤੇ ਵਾਕਫਕਾਰਾਂ ਨੇ ਪੁਲਿਸ ਤੇ ਹੱਤਿਆਰਿਆ ਨੂੰ ਗ੍ਰਿਫਤਾਰ ਕਰਨ ਦਾ ਦਬਾਅ ਪਾਇਆ, ਇੱਥੇ ਮੁਖਬਰ ਤੋਂ ਮਿਲੀ ਜਾਣਕਾਰੀ ਨੇ ਪੁਲਿਸ ਨੂੰ ਹੈਰਾਨ ਕਰ ਦਿੱਤਾ। ਮੁਖਬਰ ਨੇ ਦੱਸਿਆ ਕਿ ਸਲਮਾਨ ਨੂੰ ਆਖਰੀ ਵਾਰ ਰਾਊਫ ਖਾਨ ਦੇ ਡਰਾਈਵਰ ਸੱਦਾਮ ਦੇ ਨਾਲ ਦੇਖਿਆ ਗਿਆ ਸੀ।

ਇਸ ਤੋਂ ਬਾਅਦ ਥਾਣਾ ਚੰਦਨ ਨਗਰ ਪੁਲਿਸ ਨੇ ਸ਼ਬਨਮ ਅਤੇ ਸੱਦਾਮ ਨੂੰ ਹਿਰਾਸਤ ਵਿਚ ਲਿਆ ਪਰ ਦੋਵੇਂ ਹੀ ਕੁਝ ਦੱਸਣ ਲਈ ਤਿਆਰ ਨਹੀਂ ਸਨ, ਕਿਉਂਕ ਪੁਲਿਸ ਦੇ ਕੋਲ ਦੋਵਾਂ ਦੇ ਖਿਲਾਫ ਠੋਸ ਸਬੂਤ ਸਨ, ਇਸ ਕਰਕੇ ਪੁਲਿਸ ਨੇ ਦੋਵਾਂ ਨਾਲ ਥੋੜ੍ਹੀ ਸਖਤੀ ਕੀਤੀ ਅਤੇ ਕਾਲ ਡਿਟੇਲ ਦਿਖਾਈ ਤਾਂ ਉਹਨਾਂ ਨੇ ਅਸਲੀਅਤ ਉਗਲ ਦਿੱਤੀ।

ਸੱਦਾਮ ਨੇ ਸਵੀਕਾਰ ਕਰ ਲਿਆ ਕਿ ਸ਼ਬਨਮ ਭਾਬੀ ਨਾਲ ਸਲਮਾਨ ਸ਼ੇਖ ਦੇ ਸਬੰਧ ਸਨ, ਜਿਸ ਤੋਂ ਨਰਾਜ਼ ਹੋ ਕੇ ਰਾਊਫ ਖਾਨ ਨੇ ਸਲਮਾਨ ਦੀ ਹੱਤਿਆ ਕਰਨ ਦੀ ਯੋਜਨਾ ਬਣਾਈ। ਇਸ ਯੋਜਨਾ ਵਿਚ ਉਸ ਤੋਂ ਇਲਾਵਾ ਰਾਊਫ ਦੇ ਭਤੀਜੇ ਗੋਲੂ ਉਰਫ ਜਫਰ ਅਤੇ ਜਾਵੇਦ ਵੀ ਸ਼ਾਮਲ ਸਨ।

ਇਸ ਤੋਂ ਬਾਅਦ ਉਸ ਨੇ ਸਲਮਾਨ ਸ਼ੇਖ ਦੀ ਹੱਤਿਆ ਦੀ ਜੋ ਕਹਾਣੀ ਸੁਣਾਈ, ਉਸ ਦੇ ਆਧਾਰ ਤੇ ਪੁਲਿਸ ਨੇ ਜਾਵੇਦ, ਰਾਊਫ ਖਾਨ, ਗੋਲੂ ਉਰਫ ਜਫਰ ਤੋਂ ਇਲਾਵਾ ਧਰਮਪੁਰੀ ਪੁਲਿਸ ਦੀ ਮਦਦ ਨਾਲ ਧਰਮਪੁਰੀ ਦੇ ਰਹਿਣ ਵਾਲੇ ਰਾਊਫ ਦੇ ਇਕ ਰਿਸ਼ਤੇਦਾਰ ਨੂੰ ਵੀ ਗ੍ਰਿਫਤਾਰ ਕਰ ਲਿਆ। ਬਾਅਦ ਵਿਚ ਇਹਨਾਂ ਸਾਰਿਆਂ ਨੂੰ ਧਰਮਪੁਰੀ ਪੁਲਿਸ ਹਵਾਲੇ ਕਰ ਦਿੱਤਾ।

ਇੰਦੌਰ ਦੇ ਥਾਣਾ ਚੰਦਨਨਗਰ ਵਿਚ ਰਹਿਣ ਵਾਲਾ 21 ਸਾਲ ਦਾ ਸਲਮਾਨ ਅਬਦੁਲ ਲਤੀਫ ਸ਼ੇਖ ਦਾ ਮੁੰਡਾ ਸੀ। ਉਸ ਦੇ ਘਰ ਦੇ ਸਾਹਮਣੇ ਰਾਊਫ ਦਾ ਘਰ ਸੀ, ਜੋ ਬਿਲਡਿੰਗਾਂ ਦੀ ਮੁਰੰਮਤ ਦਾ ਠੇਕਾ ਲੈਂਦਾ ਸੀ। ਸਲਮਾਨ ਪੜ੍ਹ ਲਿਖ ਕੇ ਕਮਾਉਣ ਲਾਇਕ ਹੋਇਟਾ ਤਾਂ ਅਬਦੁਲ ਲਤੀਫ ਸ਼ੇਖ ਦੇ ਕਹਿਣ ਤੇ ਰਾਊਫ ਖਾਨ ਨੇ ਉਸਨੂੰ ਵੀ ਕੰਮ ਤੇ ਲਗਾ ਲਿਆ।

ਸਲਮਾਨ ਰਾਊਫ ਦਾ ਪੜੌਸੀ ਸੀ, ਇਯ ਕਰਕੇ ਉਸ ਦਾ ਰਾਊਫ ਦੇ ਘਰ ਪਹਿਲਾਂ ਵੀ ਆਉਣਾ-ਜਾਣਾ ਸੀ ਪਰ ਜਦੋਂ ਉਹ ਉਸ ਦੇ ਕੋਲ ਕੰਮ ਕਰਨ ਲੱਗਿਆ ਤਾਂ ਆਵਾਜਾਈ ਹੋਰ ਵੱਧ ਗਈ, ਜਿਸ ਕਾਰਨ ਰਾਊਫ ਦੀ ਪਤਨੀ ਸ਼ਬਨਮ ਨਾਲ ਉਸਦੀ ਜ਼ਿਆਦਾ ਹੀ ਬਣਨ ਲੱਗੀ। ਉਹਨਾਂ ਦਾ ਰਿਸ਼ਤਾ ਵੀ ਕੁਝ ਅਜਿਹਾ ਸੀ। ਸਲਮਾਨ ਸ਼ਬਨਮ ਨੂੰ ਭਾਬੀ ਕਹਿੰਦਾ ਸੀ, ਇਸ ਕਰਕੇ ਖੁੱਲ੍ਹ ਕੇ ਹਾਸਾ ਮਜ਼ਾਕ ਕਰਦਾ ਸੀ।

ਰਾਊਫ ਖਾਨ ਦਾ ਕੰਮ ਚੰਗਾ ਸੀ, ਉਸਦਾ ਸਾਰਾ ਦਿਨ ਭੱਜ ਦੌੜ ਵਿਚ ਬੀਤਦਾ। ਕਿਉਂਕਿ ਸਲਮਾਨ ਪੜੌਸੀ ਸੀ, ਇਯ ਕਰਕੇ ਘਰ ਦੇ ਕੰਮਾਂ ਲਈ ਉਹ ਜ਼ਿਆਦਾਤਰ ਉਸੇ ਨੂੰ ਭੇਜਦਾ। ਘਰ ਦੇ ਕੰਮਾਂ ਨਾਲ ਸਲਮਾਨ ਸ਼ਬਦਮ ਦੇ ਛੋਟੇ-ਮੋਟੇ ਨਿੱਜੀ ਕੰਮ ਵੀ ਕਰ ਦਿੰਦਾ। ਸ਼ਬਨਮ ਖੂਬਸੂਰਤ ਵੀ ਸੀ ਅਤੇ ਉਮਰ ਵਿਚ ਰਾਊਫ ਤੋਂ ਛੋਟੀ ਸੀ। ਸਲਮਾਨ ਉਸ ਦਾ ਹਮਸਫਰ ਸੀ। ਉਹ ਸ਼ਬਨਮ ਨਾਲ ਅਜਿਹਾ ਮਜ਼ਾਕ ਕਰਦਾ ਕਿ ਉਹ ਸ਼ਰਮ ਨਾਲ ਲਾਲ ਹੋ ਜਾਂਦੀ। ਔਰਤਾਂ ਨੂੰ ਮਰਦਾਂ ਦੀਆਂ ਨਜ਼ਰਾਂ ਪਛਾਣਦਿਆਂ ਦੇਰ ਨਹੀਂ ਲੱਗਦੀ। ਸ਼ਬਨਮ ਨੇ ਵੀ ਸਲਮਾਨ ਦੀਆਂ ਨਜ਼ਰਾਂ ਤੋਂ ਉਸ ਦਾ ਇਰਾਦਾ ਭਾਂਪ ਲਿਆ।

ਪਹਿਲਾਂ ਤਾਂ ਸ਼ਬਨਮਾ ਨੇ ਉਸ ਤੋਂ ਨਜ਼ਰਾਂ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਖੁਦ ਘੱਟ ਉਮਰ ਦੇ ਆਸ਼ਕ ਦੀ ਦੀਵਾਨਗੀ ਨੇ ਉਸਨੂੰ ਬਚਣ ਨਾ ਦਿੱਤਾ। ਉਸ ਦੀ ਦੀਵਾਨਗੀ ਉਸਨੂੰ ਚੰਗੀ ਲੱਗਣ ਲੱਗੀ ਤਾਂ ਉਹ ਉਸ ਦੇ ਸਾਹਮਣੇ ਆਪਣੇ ਲੁਕੇ ਅੰਗਾਂ ਨੂੰ ਇਸ ਤਰ੍ਹਾਂ ਦਿਖਾਉਣ ਲੱਗੀ, ਜਿਵੇਂ ਸਲਮਾਨ ਜੋਦੇਖ ਰਿਹਾ ਹੈ, ਉਸ ਤੋਂ ਉਹ ਅਣਜਾਣ ਹੈ।

ਸਲਮਾਨ ਨੇ ਜੋ ਕੁਝ ਹੁਣ ਤੱਕ ਨਹੀਂ ਦੇਖਿਆ ਸੀ, ਸ਼ਬਨਮ ਨੇ ਉਹ ਸਭ ਦਿਖਾ ਦਿੱਤਾ। ਸਲਮਾਨ ਦੀ ਚਾਹਤ ਦੀ ਅੱਗ ਵਿਚ ਸ਼ਬਨਮ ਕੁਝ ਜ਼ਿਆਦਾ ਹੀ ਪਿਘਲਣ ਲੱਗੀ ਅਤੇ ਹੌਲੀ-ਹੌਲੀ ਖੁਦ ਹੀ ਉਸ ਦੀ ਹੁੰਦੀ ਚਲੀ ਗਈ। ਉਸੇ ਵਿਚਕਾਰ ਰਾਊਫ ਖਾਨ ਵਿਧਾਨ ਸਭਾ ਦੀ ਚੋਣ ਲੜ ਰਿਹਾ ਸੀ। ਇਯ ਕਰਕੇ ਉਹ ਚੋਣ ਵਿਚ ਇੰਨੇ ਬਿਜ਼ੀ ਹੋ ਗਿਆ ਕਿ ਉਸਨੂੰ ਕੰਮ ਅਤੇ ਪਤਨੀ ਦਾ ਖਿਆਲ ਨਾ ਰਿਹਾ। ਉਸਨੇ ਸਾਰੇ ਕਰਮਚਾਰੀਆਂ ਨੂੰ ਪ੍ਰਚਾਰ ਵਿਚ ਲਗਾ ਦਿੱਤਾ। ਇਸ ਕਰਕੇ ਉਸ ਨੇ ਸਲਮਾਨ ਨੂੰ ਘਰ ਦੇ ਕੰਮਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਵਿਚਕਾਰ ਉਸ ਨੇ ਸਲਮਾਨ ਨੂੰ ਘਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਸਲਮਾਨ ਹੁਣ ਦਿਨ ਰਾਤ ਸ਼ਬਨਮ ਕੋਲ ਸੀ। ਇਕ ਦਿਨ ਸਲਮਾਨ ਨੇ ਸ਼ਬਨਮ ਨੂੰ ਬਾਹਾਂ ਵਿਚ ਲੈ ਲਿਆ ਤਾਂ ਸ਼ਬਨਮ ਨੇ ਉਸਦੀ ਦਲੇਰੀ ਦੀ ਸ਼ਲਾਘਾ ਕੀਤੀ। ਇਸ ਤੋਂ ਬਾਅਦ ਦੋਵਾਂ ਦੇ ਨਜਾਇਜ਼ ਸਬੰਧ ਆਰੰਭ ਹੋ ਗਏ। ਸਲਮਾਨ ਨੂੰ ਹੁਣ ਸ਼ਬਨਮ ਤੋਂ ਜੁਦਾਈ ਬਿਲਕੁਲ ਬਰਦਾਸ਼ਤ ਨਹੀਂ ਹੁੰਦੀ ਸੀ। ਉਹ ਚਾਹੁੰਦਾ ਸੀ ਕਿ ਸ਼ਬਨਮ ਹਮੇਸ਼ਾ ਉਸ ਦੀਆਂ ਅੱਖਾਂ ਦੇ ਸਾਹਮਣੇ ਰਹੇ। ਪਰ ਇਹ ਸੰਭਵ ਨਹੀਂ ਸੀ। ਫਿਰ ਵੀ ਉਹ ਹਰ ਪਲ ਉਸੇ ਦੀਆਂ ਯਾਦਾਂ ਵਿਚ ਗੁਆਚਿਆ ਰਹਿੰਦਾ ਅਤੇ ਉਸ ਨੂੰ ਮਿਲਣ ਦਾ ਮੌਕਾ ਲੱਭਦਾ ਰਹਿੰਦਾ। ਅਕਸਰ ਉਹ ਦੁਪਹਿਰੇ ਕੰਮ ਛੱਡ ਕੇ ਸ਼ਬਨਮ ਨੂੰ ਮਿਲਣ ਪਹੁੰਚ ਜਾਂਦਾ।

ਸਲਮਾਨ ਦੇ ਇਸ ਤਰ੍ਹਾਂ ਕੰਮ ਛੱਡ ਕੇ ਆਉਣ ਤੇ ਰਾਊਫ ਨੂੰ ਸ਼ੱਕ ਹੋਇਆ ਤਾਂ ਉਸਨੇ ਕਰਮਚਾਰੀਆਂ ਤੋਂ ਉਸ ਬਾਰੇ ਪਤਾ ਕੀਤਾ। ਪਤਾ ਲੱਗਿਆ ਕਿ ਸਲਮਾਨ ਉਸਦੀ ਪਤਨੀ ਨਾਲ ਫੋਨ ਤੇ ਘੰਟਿਆਂ ਬੱਧੀ ਗੱਲਾਂ ਕਰਦਾ ਹੈ। ਅਕਸਰ ਦੁਪਹਿਰ ਨੂੰ ਉਸਨੂੰ ਮਿਲਣ ਵੀ ਜਾਂਦਾ ਹੈ। ਰਾਊਫ ਨੇ ਨਜ਼ਰ ਰੱਖਣੀ ਆਰੰਭ ਕਰ ਦਿੱਤੀ। ਆਖਿਰ ਇਕ ਦਿਨ ਉਸ ਨੇ ਸਲਮਾਨ ਨੂੰ ਪਤਨੀ ਨਾਲ ਫੋਨ ਤੇ ਗੱਲਾਂ ਕਰਦੇ ਪਕੜ ਲਿਆ ਤਾਂ ਉਸਨੇ ਸਲਮਾਨ ਦੀ ਕੁੱਟਮਾਰ ਕਰਕੇ ਕੰਮ ਤੋਂ ਕੱਢ ਦਿੱਤਾ।

ਸਲਮਾਨ ਨੂੰ ਇਸ ਨਾਲ ਕੋਈ ਫਰਕ ਨਾ ਪਿਆ। ਉਹ ਰਾਊਫ ਦੇ ਘਰ ਦੇ ਠੀਕ ਸਾਹਮਣੇ ਰਹਿੰਦਾ ਸੀ। ਮੌਕਾ ਕੱਢ ਕੇ ਉਹ ਸ਼ਬਨਮ ਨੂੰ ਮਿਲ ਹੀ ਲੈਂਦਾ ਸੀ। ਫੋਨ ਤੇ ਉਹਨਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਜਦੋਂ ਰਾਊਫ ਨੂੰ ਪਤਾ ਲੱਗਿਆ ਕਿ ਹੁਣ ਵੀ ਸਲਮਾਨ ਅਤੇ ਸ਼ਬਨਮ ਮਿਲਦੇ ਹਨ ਤਾਂ ਉਸਨੂੰ ਡਰ ਲੱਗਣ ਲੱਗਿਆ ਕਿ ਕਿਤੇ ਸਲਮਾਨ ਉਸਦੀ ਪਤਨੀ ਨੂੰ ਭਜਾ ਕੇ ਨਾ ਲੈ ਜਾਵੇ। ਇਸ ਕਰਕੇ ਉਸਨੇ ਸਲਮਾਨ ਨੂੰ ਰਸਤੇ ਤੋਂ ਹਟਾਉਣ ਦਾ ਫੈਸਲਾ ਕੀਤਾ।

ਰਾਊਫ ਨੇ ਸਲਮਾਨ ਨੂੰ ਇੰਦੌਰ ਤੋਂ ਕਰੀਬ 150 ਕਿਲੋਮੀਟਰ ਦੂਰ ਲਿਜਾ ਕੇ ਧਾਰ ਜ਼ਿਲ੍ਹੇ ਦੇ ਧਰਮਪੁਰੀ ਇਲਾਕੇ ਦੇ ਜੰਗਲ ਵਿਚ ਹੱਤਿਆ ਕਰਨ ਦੀ ਯੋਜਨਾ ਬਣਾਈ ਤਾਂ ਜੋ ਪੁਲਿਸ ਉਸਦੀ ਲਾਸ਼ ਨਾ ਲੱਭ ਸਕੇ। ਆਪਣੀ ਯੋਜਨਾ ਵਿਚ ਉਸ ਨੇ ਆਪਣੇ ਡਰਾਈਵਰ ਸੱਦਾਮ, ਭਤੀਜੇ ਗੋਲੂ ਉਰਫ ਜਫਰ ਅਤੇ ਜਾਵੇਦ ਨੂੰ ਸ਼ਾਮਲ ਕੀਤਾ। ਯੋਜਨਾ ਤਾਂ ਬਣ ਗਈ ਪਰ ਹੁਣ ਸਲਮਾਨ ਨੂੰ ਧਰਮਪੁਰੀ ਦੇ ਜੰਗਲ ਤੱਕ ਕਿਵੇਂ ਲਿਜਾਇਆ ਜਾਵੇ, ਇਸ ਤੇ ਵਿਚਾਰ ਕੀਤਾ ਗਿਆ। ਉਹ ਆਸਾਨੀ ਨਾਲ ਜਾਣ ਵਾਲਾ ਨਹੀਂ ਸੀ। ਆਖਿਰ ਸਕੀਮ ਬਣਾਈ ਅਤੇ ਇਸ ਕੰਮ ਲਈ ਡਰਾਈਵਰ ਸੱਦਾਮ ਨੂੰ ਤਿਆਰ ਕੀਤਾ। ਉਸ ਨੇ ਸੱਦਾਮ ਨੂੰ ਕਿਹਾ ਕਿ ਉਹ ਸਲਮਾਨ ਨੂੰ ਸ਼ਬਨਮ ਨੂੰ ਮਿਲਾਉਣ ਦੇ ਬਹਾਨੇ ਧਰਮਪੁਰੀ ਦੇ ਜੰਗਲ ਤੱਕ ਲੈ ਜਾਵੇ। ਯੋਜਨਾ ਮੁਤਾਬਕ 8 ਜਨਵਰੀ 2017 ਨੂੰ ਸੱਦਾਮ ਸਲਮਾਨ ਨੂੰ ਮਿਲਿਆ। ਸੱਦਾਮ ਨੇ ਉਸ ਨੂੰ ਸ਼ਬਨਮ ਨੂੰ ਮਿਲਾਉਣ ਲਈ ਕਿਹਾ ਤਾਂ ਉਹ ਫੌਰਨ ਤਿਆਰ ਹੋ ਗਿਆ। ਕਿਉਂਕਿ ਪਿਛਲੇ ਇਕ ਹਫਤੇ ਤੋਂ ਉਹ ਸ਼ਬਨਮ ਨੂੰ ਨਹੀਂ ਮਿਲਿਆ ਸੀ। ਸੱਦਾਮ ਸਲਮਾਨ ਨੂੰ ਆਪਣੇ ਨਾਲ ਲੈ ਕੇ ਚੱਲਿਆ ਤਾਂ ਕਈ ਲੋਕਾਂ ਨੇ ਉਸ ਨੂੰ ਸਲਮਾਨ ਦੇ ਨਾਲ ਦੇਖ ਲਿਆ। ਧਰਮਪੁਰੀ ਦੇ ਜੰਗਲ ਵਿਚ ਪਹੁੰਚ ਕੇ ਸਲਮਾਨ ਨੇ ਸ਼ਬਨਮ ਦੀ ਬਜਾਏ ਗੋਲੂ, ਜਾਵੇਦ ਅਤੇ ਰਾਊਫ ਖਾਨ ਨੂੰ ਦੇਖਿਆ ਤਾਂ ਸਮਝ ਗਿਆ ਕਿ ਉਸ ਨਾਲ ਧੋਖਾ ਹੋਇਆ ਹੈ।

ਉਹ ਕੁਝ ਕਹਿੰਦਾ ਜਾਂ ਭੱਜਦਾ, ਉਸ ਤੋਂ ਪਹਿਲਾਂ ਸਾਰਿਆਂ ਨੇ ਉਸਨੂੰ ਪਕੜ ਲਿਆ ਅਤੇ ਉਸਦੀ ਕੁੱਟਮਾਰ ਆਰੰਭ ਕਰ ਦਿੱਤੀ। ਕੁੱਟਮਾਰ ਕਰਨ ਤੋਂ ਬਾਅਦ ਉਸਦੇ ਗਲੇ ਵਿਚ ਰੱਸੀ ਪਾ ਕੇ ਕਸ ਦਿੱਤੀ ਤਾਂ ਉਸਦੀ ਮੌਤ ਹੋ ਗਈ। ਇਸ ਤੋਂ ਬਾਅਦ ਪਛਾਣ ਲੁਕੋਣ ਦੇ ਲਈ ਉਸਦਾ ਚਿਹਰਾ ਇੱਟ ਨਾਲ ਕੁਚਲ ਦਿੱਤਾ। ਉਸ ਦੇ ਕੱਪੜੇ ਉਤਾਰ ਕੇ ਗੁਪਤ ਅੰਗ ਕੱਟ ਦਿੱਤਾ ਤਾਂ ਜੋ ਉਸ ਦੇ ਧਰਮ ਦਾ ਪਤਾ ਨਾ ਲੱਗੇ। ਗਲੇ ਵਿਚ ਤੁਲਸੀ ਦੀ ਮਾਲਾ ਪਾ ਕੇ ਉਸ ਦੀ ਪੈਂਟ ਦੀ ਜੇਬ ਵਿਚ ਇਕ ਲੜਕੇ ਅਤੇ ਲੜਕੀ ਦੀ ਤਸਵੀਰ ਪਾ ਦਿੱਤੀ। ਉਹਨਾਂ ਨੇ ਪੁਲਿਸ ਨੂੰ ਗੁੰਮਰਾਹ ਕਰਨ ਲਈ ਕੀਤਾ ਬਹੁਤ ਕੁਝ ਪਰ ਅਪਰਾਧ ਲੁਕ ਨਾ ਸਕਿਆ। ਸਲਮਾਨ ਦੀ ਹੱਤਿਆ ਕਰਨ ਤੋਂ ਬਾਅਦ ਰਾਊਫ ਨੇ ਗੋਲੂ ਅਤੇ ਸੱਦਾਮ ਨੂੰ ਰਾਤ ਨੂੰ ਇੰਦੌਰ ਭੇਜ ਦਿੱਤਾ, ਜਦਕਿ ਖੁਦ ਜਾਵੇਦ ਦੇ ਨਾਲ ਆਪਣੀ ਭੈਣ ਕੋਲ ਧਰਮਪੁਰੀ ਰੁਕ ਗਿਆ ਤਾਂ ਜੋ ਕਿਸੇ ਨੂੰ ਸ਼ੱਕਾ ਨਾ ਹੋਵੇ। ਉਹ ਅਗਲੇ ਦਿਨ ਇੰਦੌਰ ਆ ਗਿਆ ਅਤੇ ਆਪਣੇ ਕੰਮ ਵਿਚ ਲੱਗ ਗਿਆ।

Delivering News,
Uncomprimised
& Unbiased for the
Last 16 years

Some Call us a Media House, others Call us an Institution to learn from







ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
Punjabi Duniya Punjabi Duniya.Com LLC
Since April 2005
Email : punjabiduniya@gmail.com, Web : www.punjabiduniya.com

The South Asian
INSIDER
Published Weekly from New York

Regd. & Mailing Office : P.O. Box 7005, Hicsville New York 11801
www.thesouthasianinfo, www.joshindiatv.com wwwpunjabiduniya.com
Phone : 917-612-3158